ੴ
ਸਾਹਿਬੁ ਮੇਰਾ
ਏਕੋ ਹੈ

ਮਾਸਿਕ

# ਅਨੂਠੀ

ਅਪਰੈਲ-ਮਈ-1996
ਭੇਟਾ 8/- ਰੁਪਏ



SAGGU ART

**ਹੁਣਿ ਹੁਕਮੁ ਹੋਆ**
**ਮਿਹਰਵਾਣ ਦਾ ॥**
**ਪੈ ਕੋਇ ਨ ਕਿਸੈ**
**ਰਞਾਣ ਦਾ ॥**
**ਸਭ ਸੁਖਾਲੀ ਵੁਠੀਆ**
**ਇਹੁ ਹੋਆ**

# ਹਲੇਮੀ ਰਾਜ

**ਜੀਉ ॥**

ਨੋਟ : ਹਰ ਲੇਖਕ ਦੇ ਵਿਚਾਰ ਨਿਜੀ ਹਨ ।
ਜ਼ਰੂਰੀ ਨਹੀਂ ਕਿ ਸੰਪਾਦਕ ਉਸ ਨਾਲ ਸਹਿਮਤ ਹੋਵੇ ।

ੴ ਸਤਿਗੁਰ ਪ੍ਰਸਾਦਿ ॥

ਹਰਿ ਕੇ ਸੰਤ ਸਦਾ ਪਰਵਾਣੁ ॥


ਪੰਜਾਬੀ ਮਾਸਿਕ

# ਅਜੂਨੀ

ਅੰਕ: ਗਿਆਰਵਾਂ | ਮੁੱਲ 8 ਰੁਪਏ | ਅਪ੍ਰੈਲ-ਮਈ 1996



**ਸੰਚਾਲਕ** : ਬਾਬਾ ਸਰਬਜੋਤ ਸਿੰਘ ਬੇਦੀ ਊਨਾ ਸਾਹਿਬ

**ਸਰਪ੍ਰਸਤ** : ਮ.ਮੰ. ਸਵਾਮੀ ਈਸ਼ਵਰ ਦਾਸ ਸ਼ਾਸਤਰੀ ਜਲੰਧਰ, ਸੰਤ ਬਾਬਾ ਸੇਵਾ ਸਿੰਘ ਰਾਮਪੁਰ ਖੇੜਾ, ਸੰਤ ਬਾਬਾ ਤੀਰਥ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ, ਸੰਤ ਬਾਬਾ ਮੱਖਣ ਸਿੰਘ ਅੰਮ੍ਰਿਤਸਰ

**ਮੁਖ ਸੰਪਾਦਕ** : ਪ੍ਰੋ. ਬਲਵਿੰਦਰ ਪਾਲ ਸਿੰਘ, ਸਹਿ ਸੰਪਾਦਕ, ਹਰਜਿੰਦਰ ਕੌਰ

**ਕਨੂੰਨੀ ਸਲਾਹਕਾਰ**: ਸ. ਮਨਿੰਦਰ ਸਿੰਘ ਐਡਵੋਕੇਟ

**ਮੁਖ ਸਲਾਹਕਾਰ**: ਡਾ: ਰਤਨ ਸਿੰਘ ਜੱਗੀ (ਪਟਿਆਲਾ), ਪ੍ਰਿੰਸੀਪਲ ਵੀਰ ਸਿੰਘ ਰੰਧਾਵਾ (ਨਕੋਦਰ), ਪ੍ਰੋ. ਹਿੰਮਤ ਸਿੰਘ (ਪਟਿਆਲਾ), ਪ੍ਰੋ. ਹਿੰਮਤ ਸਿੰਘ ਸੋਢੀ (ਅੰਬਾਲਾ), ਡਾ. ਮਾਨ ਸਿੰਘ ਨਿਰੰਕਾਰੀ (ਅੰਮ੍ਰਿਤਸਰ), ਡਾ. ਗੁਰਮੁਖ ਸਿੰਘ (ਪਟਿਆਲਾ), ਡਾ. ਹਰਮਿੰਦਰ ਸਿੰਘ ਬੇਦੀ (ਅੰਮ੍ਰਿਤਸਰ), ਡਾ. ਸ਼ਮਸ਼ੇਰ ਸਿੰਘ (ਪਟਿਆਲਾ), ਡਾ. ਮੇਵਾ ਸਿੰਘ ਸਿੱਧੂ (ਪਟਿਆਲਾ), ਪ੍ਰੋ. ਸੁਖਦਿਆਲ ਸਿੰਘ, ਹਿਸਟੋਰੀਅਨ (ਪਟਿਆਲਾ), ਡਾ. ਨਿਰਮਲ ਸਿੰਘ ਗਿੱਲ (ਚੰਡੀਗੜ੍ਹ), ਪ੍ਰੋ. ਜਸਬੀਰ ਸਿੰਘ ਸਾਬਰ (ਅੰਮ੍ਰਿਤਸਰ), ਡਾ: ਸੁਰਜੀਤ ਸਿੰਘ (ਪਟਿਆਲਾ), ਭਾਈ ਬਲਦੇਵ ਸਿੰਘ ਬੰਬੀਹਾ ਭਾਈ।


## ਇਸ ਅੰਕ ਵਿਚ


1. ਸੰਪਾਦਕੀ 3
2. ਬਾਬਾ ਬਿਕਰਮਾ ਸਿੰਘ ਜੀ ਬੇਦੀ ਦਾ ਦੇਸ਼ ਤੇ ਕੌਮ ਦੇ ਨਾਮ ਸੰਦੇਸ਼ 5
3. ਸਿੱਖ ਗੁਰੂ ਸਹਿਬਾਨ ਦੀਆਂ ਸਿਖਿਆਵਾਂ ਦੀ ਆਧੁਨਿਕ ਸਮੇਂ ਵਿਚ ਸਾਰਥਿਕਤਾ 6
4. ਮੀਰੀ ਪੀਰੀ ਦੇ ਸਹੀ ਅਰਥਾਂ ਨੂੰ ਸਮਝਣ ਦੀ ਲੋੜ 15
5. ਭਾਰਤ ਦੇ ਸੁਤੰਤਰਤਾ ਸੰਗਰਾਮੀਏ ਅਮਰ ਸ਼ਹੀਦ ਬਾਬਾ ਬਿਕਰਮ ਸਿੰਘ ਜੀ ਬੇਦੀ 18
6. ਪਰਚਾ ਸ਼ਬਦ ਕਾ ਦੀਦਾਰ ਖ਼ਾਲਸੇ ਦਾ 25
7. ਖ਼ਾਲਸਾ ਪੰਥ ਦੇ ਮਹਾਨ ਨਾਇਕ ਬਾਬਾ ਸਾਹਿਬ ਸਿੰਘ ਜੀ ਬੇਦੀ 28
8. ਜਬ ਲਗ ਖ਼ਾਲਸਾ ਰਹੇ ਨਿਆਰਾ 34
9. ਰਾਧਾ ਸਵਾਮੀ ਤੇ ਸਿੱਖ ਧਰਮ 46
10. ਸਿੱਖ ਕੌਮ ਨੂੰ ਢਾਹ ਕਿਉਂ ਲੱਗ ਰਹੀ ਹੈ ? 48
11. ਮਾਰਕਸਵਾਦੀ ਜਵਾਬ ਦੇਣ ਕੀ ਧਰਮ ਅਫੀਮ ਹੈ 56



ਮਾਲਕ ਅਤੇ ਪ੍ਰਕਾਸ਼ਕ ਬਾਬਾ ਸਰਬਜੋਤ ਸਿੰਘ ਬੇਦੀ, ਮਨਸੂਰਾਂ (ਲੁਧਿਆਣਾ) ਨੇ ਅੰਮ੍ਰਿਤ-ਪ੍ਰੀਤ ਕੰਪਿਊਟਰ ਸਿਸਟਮ, ਭਗਤ ਸਿੰਘ ਚੌਂਕ, ਜਲੰਧਰ ਅਤੇ ਐਵਰੀ ਪ੍ਰਿੰਟਰਜ਼ ਅੱਡਾ ਹੁਸ਼ਿਆਰਪੁਰ, ਜਲੰਧਰ ਤੋਂ ਛਪਵਾ ਕੇ ਦਫਤਰ ਅਜੂਨੀ ਮਨਸੂਰਾਂ (ਲੁਧਿਆਣਾ) ਤੋਂ 10-4-96 ਨੂੰ ਪ੍ਰਕਾਸ਼ਿਤ ਕੀਤਾ ।

# ਸੰਪਾਦਕੀ

ਗੁਰੂ ਸਾਹਿਬਾਨਾਂ ਨੇ ਜਿਨ੍ਹਾਂ ਸਿੱਖ ਧਰਮ ਨੂੰ ਸੌਖਾ, ਸਹਿਜ, ਸੁਧਾਤਮਕ ਅਤੇ ਸਦਾਚਾਰਕ ਬਣਾਇਆ ਸੀ, ਉਨ੍ਹਾਂ ਹੀ ਅਜੋਕੇ ਸਿੱਖ ਇਸ ਨੂੰ ਕਰਮਕਾਂਡੀ ਅਤੇ ਬਿਪਰਨ ਸੰਸਕਾਰਾਂ ਨਾਲ ਜੋੜ ਕੇ ਔਖਾ ਬਣਾ ਰਹੇ ਹਨ। ਇਹੀ ਕਾਰਣ ਹੈ ਕਿ ਸਿੱਖ ਨੌਜਵਾਨ ਪਤਿਤਪੁਣੇ ਦਾ ਸ਼ਿਕਾਰ ਹੋ ਰਹੇ ਹਨ ਅਤੇ ਇਸ ਦੀਆਂ ਕੀਮਤਾਂ ਨੂੰ ਤਿਲਾਂਜਲੀ ਦੇ ਰਹੇ ਹਨ। ਇਹ ਠੀਕ ਹੈ ਕਿ ਵੱਡੇ ਵੱਡੇ ਗੁਰਦੁਆਰੇ ਉਸਾਰ ਲਏ ਗਏ ਹਨ, ਪਰ ਸੰਗਤ ਤਾਂ ਰਹੀ ਨਹੀਂ। ਗੁਰਦੁਆਰਾ ਤਾਂ ਸੰਗਤ ਤੇ ਗੁਰੂ ਦਾ ਸੁਮੇਲ ਹੈ। ਜੇਕਰ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਨੂੰ ਸੁਣਨ ਵਾਲੇ ਹੀ ਨਾ ਰਹੇ ਤਾਂ ਇਨ੍ਹਾਂ ਇਮਾਰਤਾਂ ਤੇ ਇਨ੍ਹਾਂ ਸਰਮਾਇਆ ਖਰਚਣ ਦਾ ਕੀ ਫਾਇਦਾ ਹੋਵੇਗਾ। ਇਮਾਰਤਾਂ ਨਾਲੋਂ ਸੰਗਤ ਦੇ ਵਾਧੇ ਦੀ ਜ਼ਰੂਰਤ ਹੈ। ਕੀ ਸਿੱਖ ਧਰਮ ਪੰਜਾਬ ਤੇ ਭਾਰਤ ਤੱਕ ਸੀਮਤ ਰਹਿ ਜਾਵੇਗਾ ? ਜਾਂ ਇਸ ਤੋਂ ਵੀ ਸੁੰਗੜ ਕੇ ਰਹਿ ਜਾਵੇਗਾ ?

ਸਿੱਖ ਇਤਿਹਾਸ ਵਿਚ ਗੁਰੂ ਸਾਹਿਬਾਨਾਂ ਵਲੋਂ ਕੀਤੇ ਪ੍ਰਚਾਰ ਵਲ ਝਾਤੀ ਮਾਰੀਏ ਤਾਂ ਅਨੁਭਵ ਹੋਵੇਗਾ ਕਿ ਉਸ ਸਮੇਂ ਸਿੱਖ ਧਰਮ ਵੱਖ ਵੱਖ ਫਿਰਕਿਆਂ, ਜਾਤਾਂ, ਜਾਤੀਆਂ, ਦੇਸ਼ਾਂ, ਵਿਦੇਸ਼ਾਂ ਨਾਲ ਸੰਬੰਧਿਤ ਲੋਕਾਂ ਨਾਲ ਸੰਵਾਦ ਰਚਾਉਣ ਵਾਲਾ ਧਰਮ ਸੀ, ਜਿਸ ਨੇ ਆਪਣੀ ਸੰਵਾਦ ਪ੍ਰਕਿਰਿਆ ਨਾਲ ਲੋਕਾਂ ਦੇ ਦਿਲਾਂ ਨੂੰ ਜਿਤਿਆ ਅਤੇ ਉਨ੍ਹਾਂ ਵਿਚ ਸਿੱਖ ਧਰਮ ਨੂੰ ਧਾਰਨ ਕਰਨ ਪ੍ਰਤੀ ਪਿਆਸ ਪੈਦਾ ਕੀਤੀ। ਕੀ ਇਹ ਪਿਆਸ ਹੁਣ ਅਸੀਂ ਪੈਦਾ ਕਰ ਰਹੇ ਹਾਂ। ਜ਼ਰਾ ਸੋਚੋ ਕਿਤੇ ਅਸੀਂ ਆਪਣੇ ਗੁਰੂ ਦੇ ਦਸੇ ਮਾਰਗ ਤੋਂ ਭਟਕ ਤਾਂ ਨਹੀਂ ਗਏ। ਇਹ ਕਿਡੀ ਭਿਆਨਕ ਦਸ਼ਾ ਹੈ ਕਿ ਸਿੱਖ ਧਰਮ ਨੇ ਜਿਸ ਉਚੀ ਸੁਰ ਨਾਲ ਬ੍ਰਾਹਮਣਵਾਦ ਦਾ ਵਿਰੋਧ ਕੀਤਾ ਸੀ, ਉਸੇ ਧਰਮ ਦੇ ਅਨੁਯਾਈ ਆਪ ਕਰਮਕਾਂਡੀ, ਫਜ਼ੂਲ ਰਸਮਾਂ, ਰਿਵਾਜਾਂ ਦੇ ਚਿੰਨ ਵਜੋਂ ਸਥਾਪਿਤ ਹੋ ਰਹੇ ਹਨ। ਜੋ ਕਈ ਸਦੀਆਂ ਪਹਿਲਾਂ ਬ੍ਰਾਹਮਣਵਾਦ ਕਰਿਆ ਕਰਦਾ ਸੀ, ਉਹੀ ਅੱਜ ਸਿੱਖ ਕਰ ਰਹੇ ਹਨ।

ਅੱਜ ਸਾਡੇ ਸਾਹਮਣੇ ਫਜ਼ੂਲ ਵਿਆਹ ਦੀਆਂ ਰਸਮਾਂ ਅਤੇ ਤਲਾਕ ਦੀ ਸਮੱਸਿਆ ਇਕ ਚੈਲਿੰਜ ਵਜੋਂ ਸਾਹਮਣੇ ਆ ਰਹੀ ਹੈ। ਗੁਰੂ ਸਾਹਿਬ ਨੇ ਫੋਕੀਆਂ ਵਿਆਹ ਦੀ ਰਸਮਾਂ ਦਾ ਕਰੜਾ ਵਿਰੋਧ ਕਰਕੇ ਜਿਨੀ ਸੌਖੀ ਆਨੰਦ ਕਾਰਜ ਦੇ ਰੂਪ ਵਿਚ ਵਿਆਹਕ ਰਸਮ ਸਥਾਪਿਤ ਕੀਤੀ ਸੀ, ਉਨ੍ਹਾਂ ਹੀ ਅੱਜ ਸਿੱਖਾਂ ਨੇ ਇਸ ਨੂੰ ਪਦਾਰਥਵਾਦੀ ਤੇ ਬ੍ਰਾਹਮਣਵਾਦੀ ਕਰਮਕਾਂਡ ਬਣਾ ਦਿੱਤਾ ਹੈ। ਅਨੰਦ ਕਾਰਜ ਵਿਚ ਜੋ ਗੁਰੂ ਦੇ ਪਿਆਰ ਦਾ ਰੂਹਾਨੀ ਰਿਸ਼ਤਾ ਹੁੰਦਾ ਸੀ, ਉਹ ਗਾਇਬ ਹੋ ਗਿਆ ਹੈ। ਇਹੀ ਕਾਰਣ ਹੈ ਕਿ ਸਿੱਖਾਂ ਵਿਚ ਵਿਆਹ ਦੀ ਰਸਮ ਬਿਜਨਿਸ ਅਤੇ ਸੌਦਾ ਬਣਕੇ ਰਹਿ ਗਈ ਹੈ। ਤਦੇ ਹੀ ਤਲਾਕ ਵਰਗੀ ਸਮੱਸਿਆ ਪੈਦਾ ਹੋ ਰਹੀ ਹੈ।

ਸਿੱਖ ਰਿਸ਼ਤਾ ਤਹਿ ਕਰਨ ਲਗਿਆਂ ਇਹ ਦਾਅਵਾ ਕਰਦੇ ਹਨ ਕਿ ਸਾਡੀ ਕੋਈ ਮੰਗ ਨਹੀਂ, ਵਾਹਿਗੁਰੂ ਦਾ ਦਿੱਤਾ ਸਭ ਕੁਝ ਹੈ, ਅਸੀਂ ਗੁਰਸਿੱਖ ਹਾਂ ਅਤੇ ਫਜ਼ੂਲ ਰਸਮਾਂ ਵਿਚ ਵਿਸ਼ਵਾਸ ਨਹੀਂ ਰੱਖਦੇ। ਜਦੋਂ ਰਿਸ਼ਤਾ ਹੋ ਜਾਂਦਾ ਹੈ ਤਾਂ ਇਹ ਲੋਕ ਲੜਕੀ ਵਾਲਿਆਂ ਅੱਗੇ

ਤਰ੍ਹਾਂ ਤਰ੍ਹਾਂ ਦੀਆਂ ਮੰਗਾਂ ਰੱਖ ਦੇਂਦੇ ਹਨ । ਜਿਵੇਂ ਵਿਆਹ ਤੋਂ ਪਹਿਲਾਂ ਚੁੰਨੀ ਚੜ੍ਹਾਉਣ ਦੀ ਅਤੇ ਸ਼ਗਨ ਦੀ ਰਸਮ ਹੋਵੇਗੀ । ਠਾਕਾ ਵੀ ਹੋਵੇਗਾ । ਬਹੁਤ ਗਿਣਤੀ ਵਿਚ ਬਰਾਤ ਆਵੇਗੀ। ਬਰਾਤ ਦੀ ਸੇਵਾ ਵਧੀਆ ਕਰਨ ਲਈ ਵਧੀਆ ਹੋਟਲ ਜਾਂ ਪੈਲਿਸ ਦਾ ਇੰਤਜਾਮ ਕਰੋ। ਅਸੀਂ ਕਿਸੇ ਰਿਸ਼ਤੇਦਾਰ ਨੂੰ ਨਰਾਜ਼ ਨਹੀਂ ਕਰ ਸਕਦੇ ।

ਅਜਿਹੇ ਅਜੋਕੇ ਸੱਜਣ ਠੱਗਾਂ ਦਾ ਗੁਰੂ ਨਾਲ ਕੀ ਰਿਸ਼ਤਾ, ਤਾਂ ਹੀ ਤਾਂ ਇਹ ਲੋਕ ਆਪਣੇ ਮਨ ਵਿਚੋਂ ਗੁਰੂ ਦਾ ਭਉ ਅਤੇ ਪਿਆਰ ਨੂੰ ਵਿਸਾਰ ਕੇ ਦੁਨੀਆਦਾਰੀ ਵਲ ਜ਼ਿਆਦਾ ਖਿਆਲ ਕਰਦੇ ਹਨ । ਇਥੋਂ ਤੱਕ ਵਿਆਹ ਦੇ ਸਮੇਂ ਵੱਡੀ ਪੱਧਰ ਦੇ ਦਾਜ ਦੀ ਵੀ ਆਸ ਰੱਖਦੇ ਹਨ। ਅਜਿਹਾ ਨਾ ਹੋਣ ਦੀ ਸੂਰਤ ਵਿਚ ਲੜਕੀ ਨੂੰ ਤੰਗ ਕਰਨ ਤੋਂ ਗੁਰੇਜ਼ ਨਹੀ ਕਰਦੇ । ਜਿਨੀਆਂ ਪੰਜਾਬ ਵਿਚ ਸਿੱਖ ਲੜਕੀਆਂ ਦਾਜ ਕਾਰਣ ਅਗਨ ਭੇਂਟ ਹੋ ਰਹੀਆ ਹਨ, ਸ਼ਾਇਦ ਏਨੀਆਂ ਕਿਸੇ ਧਰਮ ਵਿਚ ਨਾ ਹੁੰਦੀਆਂ ਹੋਣ । ਇਸੇ ਤਰ੍ਹਾਂ ਤਲਾਕ ਦੀ ਸਮੱਸਿਆ ਵੀ ਸਿੱਖ ਧਰਮ ਵਿਚ ਵਧ ਰਹੀ ਹੈ । ਕਾਰਣ ਪਦਾਰਥਵਾਦੀ ਅਤੇ ਹਉਮੈਂਵਾਦੀ ਸੋਚ ਹੈ । ਇਹ ਤਲਾਕ ਜਾਂ ਤਾਂ ਲੜਕੀ ਵਲੋਂ ਘੱਟ ਦਾਜ ਲਿਆਏ ਜਾਣ ਕਾਰਣ ਹੁੰਦੇ ਹਨ ਜਾਂ ਆਪਸੀ ਐਡਜੈਸਟਮੈਂਟ ਨਾ ਹੋਣ ਕਾਰਣ ਹੁੰਦੇ ਹਨ । ਪਰ ਕੀ ਤਲਾਕ ਦੀ ਸਮੱਸਿਆ ਪੈਦਾ ਕਰਨ ਵਾਲੇ ਜੋੜੇ ਨੇ ਕਦੀ ਇਹ ਸੋਚਿਆ ਹੈ ਕਿ ਉਸ ਨੇ ਆਨੰਦ ਕਾਰਜ ਦੇ ਸਮੇਂ ਇਹ ਸੋਹੰ ਚੁਕੀ ਸੀ ਕਿ ਉਨ੍ਹਾਂ ਦਾ ਰਿਸ਼ਤਾ ਸਦੀਵੀ ਰਹੇਗਾ, ਕੀ ਉਹ ਇਸ ਸੋਹੰ ਨੂੰ ਤੋੜ ਕੇ ਆਪਣੇ ਗੁਰੂ ਨੂੰ ਬੇਦਾਵਾ ਨਹੀਂ ਲਿਖ ਰਹੇ । ਜੇਕਰ ਉਨ੍ਹਾਂ ਵਿਆਹ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਕੀਤਾ ਹੈ ਤਾਂ ਉਹ ਤਲਾਕ ਲੈਣ ਲਈ ਅਦਾਲਤ ਦਾ ਸਹਾਰਾ ਕਿਉਂ ਲੈਂਦੇ ਹਨ । ਕਿਉਂ ਨਹੀ ਗੁਰੂ ਦੀ ਹਜ਼ੂਰੀ ਵਿਚ ਅਜਿਹਾ ਕਰਮ ਕਰਦੇ । ਘਟ ਘੱਟ ਉਨ੍ਹਾਂ ਨੂੰ ਗੁਰੂ ਨਾਲ ਕੀਤਾ ਕੋਲ ਯਾਦ ਤਾਂ ਆਵੇਗਾ ਕਿ ਅਸੀਂ ਗੁਰੂ ਅੱਗੇ ਸਦੀਵੀ ਤੌਰ ਤੇ ਇਕੱਠੇ ਰਹਿਣ ਦਾ ਸੰਕਲਪ ਕੀਤਾ ਸੀ, ਪਰ ਹੁਣ ਅਲੱਗ ਹੋ ਕੇ ਆਪਣੇ ਗੁਰੂ ਦੀ ਵਿਰੋਧਤਾ ਕਿਉਂ ਕਰ ਰਹੇ ਹਾਂ ।

ਅੱਜ ਲੋੜ ਹੈ ਕਿ ਸਿੱਖ ਧਰਮ ਫਜ਼ੂਲ ਰਸਮਾਂ ਤੋਂ ਕਿਨਾਰਾ ਕਰਕੇ ਆਪਣੇ ਅੰਦਰ ਵਾਹਿਗੁਰੂ ਦੀ ਕਲਾ ਵਰਤਣ ਦਾ ਮੌਕਾ ਦੇਵੇ ਅਤੇ ਗੁਰਬਾਣੀ ਅਨੁਸਾਰੀ ਜੀਵਨ ਨੂੰ ਅਪਨਾਏ। ਜੇਕਰ ਅਸੀਂ ਆਪ ਵੀ ਗੁਰਮਤਿ ਦਾ ਰਾਹ ਤਿਆਗ ਕੇ ਗੁਰਬਤ ਦਾ ਮਾਰਗ ਅਪਨਾਵਾਂਗੇ ਤਾਂ ਬਾਕੀ ਧਰਮਾਂ ਦੇ ਲੋਕ ਸਿੱਖ ਧਰਮ ਤੋਂ ਕਿਵੇਂ ਪ੍ਰਭਾਵਿਤ ਹੋਣਗੇ । ਸਾਨੂੰ ਉਹੀ ਮਾਰਗ ਅਖਤਿਆਰ ਕਰਨ ਦੀ ਲੋੜ ਹੈ, ਜਿਸ ਤੇ ਸਾਡੇ ਗੁਰੂਆਂ ਨੇ ਪਹਿਰਾ ਦਿੱਤਾ ਸੀ ।

**ਬਲਵਿੰਦਰ ਪਾਲ ਸਿੰਘ (ਪ੍ਰੋ)**
16-ਨਿਊ ਵਿਜੈ ਨਗਰ,
ਝੰਡੀਆਂ ਵਾਲੇ ਪੀਰ ਦੇ ਪਿਛੇ,
ਜਲੰਧਰ ਸ਼ਹਿਰ

# ਬਾਬਾ ਬਿਕਰਮਾ ਸਿੰਘ ਜੀ ਬੇਦੀ ਦਾ ਦੇਸ਼ ਤੇ ਕੌਮ ਦੇ ਨਾਮ ਸੰਦੇਸ਼

**ਬਾਬਾ ਸਰਬਜੋਤ ਸਿੰਘ ਬੇਦੀ**

14 ਸਤੰਬਰ 1848 ਈ: ਨੂੰ ਬਾਬਾ ਬਿਕਰਮਾ ਸਿੰਘ ਜੀ ਬੇਦੀ ਨੇ ਕੌਮ ਅਤੇ ਦੇਸ਼ ਵਾਸੀਆਂ ਦੇ ਨਾਂ ਸੰਦੇਸ਼ ਜਾਰੀ ਕਰਦਿਆਂ ਅੰਗਰੇਜ਼ਾਂ ਦੇ ਖਿਲਾਫ ਹਥਿਆਰਬੰਦ ਸੰਘਰਸ਼ ਕਰਨ ਲਈ ਪ੍ਰੇਰਦਿਆਂ ਕਿਹਾ,

" ਪੰਜਾਬ ਦੇ ਸਭ ਲੋਕਾਂ, ਸਰਬਤ ਖ਼ਾਲਸਾ ਜੀ, ਖ਼ਾਲਸਾ ਜੀ ਵਲੋਂ ਵਰੋਸਾਏ ਹੋਇਆਂ ਅਤੇ ਸਮੂਹ ਦੇਸ਼ ਵਾਸੀਆਂ ਨੂੰ ਚੰਗੀ ਤਰ੍ਹਾਂ ਪਤਾ ਹੀ ਹੈ ਕਿ ਕਿਸ ਧੱਕੇ, ਜ਼ੁਲਮ ਅਤੇ ਅਯੋਗ ਜ਼ਬਰ ਨਾਲ ਫਰੰਗੀਆਂ ਨੇ ਸਚਖੰਡ ਵਾਸੀ ਮਹਾਰਾਜਾ ਰਣਜੀਤ ਸਿੰਘ ਦੀ ਮਹਾਰਾਣੀ ਨਾਲ ਵਰਤਾਓ ਕੀਤਾ ਹੈ ਅਤੇ ਦੇਸ਼ ਦੇ ਲੋਕਾਂ ਨਾਲ ਕਿਤਨਾ ਅਨਿਆਇ ਤੇ ਜ਼ੁਲਮ ਕੀਤਾ ਹੈ। ਪਹਿਲੀ ਗੱਲ ਕਿ ਦੇਸ਼ ਦੀ ਮਹਾਰਾਣੀ ਜਿੰਦਾਂ ਨੂੰ ਕੈਦ ਕਰਕੇ ਹਿੰਦੋਸਤਾਨ ਵਿਚ ਭੇਜ ਕੇ ਖੁਦ ਫਰੰਗੀਆਂ ਨੇ ਅਹਿਦਨਾਮਾ ਤੋੜਿਆ ਹੈ। ਦੂਸਰਾ, ਮਹਾਰਾਜੇ ਦੀ ਸੰਤਾਨ ਅਤੇ ਖ਼ਾਲਸਾ ਜੀ ਉੱਤੇ ਇਤਨਾ ਜ਼ੁਲਮ ਤੇ ਜ਼ਬਰ ਕੀਤਾ ਗਿਆ ਹੈ, ਜਿਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਗੁਰੂ ਨਾਨਕ ਪਾਤਸ਼ਾਹ ਦੀ ਮਿਹਰ ਨਾਲ ਸੰਤ ਬਾਬਾ ਮਹਾਰਾਜ ਸਿੰਘ, ਰਾਜਾ ਸ਼ੇਰ ਸਿੰਘ ਤੇ ਹੋਰ ਸਰਦਾਰ ਆਪਣੀਆਂ ਫ਼ੌਜਾਂ ਸਮੇਤ ਦੀਵਾਨ ਮੂਲ ਰਾਜ ਨਾਲ ਰਲ ਕੇ ਸੰਘਰਸ਼ ਕਰ ਰਹੇ ਹਨ ਤਾਂ ਜੋ ਇਨ੍ਹਾਂ ਮਕਾਰ ਫਰੰਗੀਆਂ ਨੂੰ ਦੇਸ਼ ਵਿਚੋਂ ਕੱਢਿਆ ਅਤੇ ਮੁਕਾਇਆ ਜਾ ਸਕੇ। ਹੁਣ ਤੁਹਾਡੇ ਲਈ ਸੋਚਣ ਦਾ ਮੌਕਾ ਨਹੀਂ। ਦੇਸ਼ ਦੀ ਸੁਤੰਤਰਤਾ ਤੁਹਾਡੀ ਇਮਾਨਦਾਰੀ ਅਤੇ ਦ੍ਰਿੜਤਾ ਨਾਲ ਕੀਤੇ ਸੰਘਰਸ਼ ਤੇ ਨਿਰਭਰ ਕਰਦੀ ਹੈ। ਜੇ ਤੁਸੀਂ ਜਾਗੇ ਹੋਏ ਹੋ ਤਾਂ ਤੁਸੀਂ ਆਜ਼ਾਦ ਹੋ, ਤੁਹਾਡਾ ਦੇਸ਼ ਤੇ ਧਰਮ ਵੀ ਅਜ਼ਾਦ ਹੈ। ਜੇਕਰ ਤੁਹਾਨੂੰ ਜਾਗ ਨਹੀਂ ਆਈ ਜਾਂ ਤੁਸੀਂ ਜਾਗਣਾ ਨਹੀਂ ਚਾਹੁੰਦੇ ਤਾਂ ਤੁਸੀਂ ਆਪ ਗੁਲਾਮ ਬਣਨ ਦੇ ਰਾਹ ਪੈ ਗਏ ਹੋ ਅਤੇ ਦੇਸ਼ ਤੇ ਕੌਮ ਨੂੰ ਗੁਲਾਮੀ ਦੀਆਂ ਜੰਜੀਰਾਂ ਵਿਚ ਜਕੜਨ ਲਈ ਫਰੰਗੀਆਂ ਨੂੰ ਮੌਕਾ ਦੇ ਰਹੇ ਹੋ। ਅਜ਼ਾਦੀ ਸਾਡਾ ਜਨਮ ਸਿਧ ਅਧਿਕਾਰ ਹੈ। ਇਸ ਨੂੰ ਕਿਸੇ ਤਰ੍ਹਾਂ ਆਪਣੇ ਵਜੂਦ ਤੋਂ ਅਲੱਗ ਕਰਕੇ ਨਹੀਂ ਦੇਖਿਆ ਜਾ ਸਕਦਾ। ਅਜ਼ਾਦੀ ਦੀ ਪ੍ਰਾਪਤੀ ਲਈ ਲੜਨਾ ਤੇ ਮਰਨਾ ਸਾਡੀ ਸ਼ਾਨ ਹੈ। ਅਜ਼ਾਦੀ ਲੈਣ ਲਈ ਸਾਡੇ ਵਿਚ ਸਮਾਜਕ ਕ੍ਰਾਂਤੀ ਦੀ ਲੋੜ ਭਾਸਦੀ ਹੈ। ਇਹ ਤਾਂ ਹੀ ਸੰਭਵ ਹੈ ਕਿ ਅਸੀਂ ਧਰਮ, ਸਮਾਜ ਅਤੇ ਜਾਤਪਾਤ ਤੋਂ ਮੁਕਤ ਹੋ ਕੇ ਦੇਸ਼ ਦੇ ਦੁਸ਼ਮਣਾਂ ਦੇ ਖਿਲਾਫ ਤਕੜੇ ਹੋ ਕੇ ਸੰਘਰਸ਼ ਕਰੀਏ। ਦੇਸ਼ ਵਾਸੀਓ! ਤੁਹਾਡੇ ਸਭ ਲਈ ਜਰੂਰੀ ਹੈ ਕਿ ਤੁਸੀਂ ਜਾਤ-ਪਾਤ, ਧਰਮ ਦੇ ਵਿਤਕਰਿਆਂ ਤੋਂ ਨਿਰਲੇਪ ਹੋ ਕੇ ਬਾਬਾ ਮਹਾਰਾਜ ਸਿੰਘ ਦੀ ਅਗਵਾਈ ਵਿਚ ਚਲ ਰਹੀ ਅਜ਼ਾਦੀ ਦੀ ਜੰਗ ਵਿਚ ਇਕ ਦਿਲ, ਇਕ ਜਾਨ ਹੋ ਕੇ ਕੰਮ ਕਰੋ। ਯਾਦ ਰਖਿਓ ਅਜ਼ਾਦੀ ਦੀ ਕੀਮਤ ਸੋਨੇ ਚਾਂਦੀ ਅਤੇ ਹੋਰ ਵਸਤਾਂ ਤੋਂ ਵਧੀਕ ਹੈ। ਜੇਕਰ ਇਹ ਅਜ਼ਾਦੀ ਸਾਨੂੰ ਆਪਣੇ ਖ਼ੂਨ ਦਾ ਇਕ ਇਕ ਕਤਰਾ ਵਹਾ ਕੇ ਲੈਣੀ ਪਵੇ ਤਾਂ ਉਹ ਕੋਈ ਘਾਟੇ ਵਾਲਾ ਸੌਦਾ ਨਹੀਂ ਹੈ। ਆਓ ਆਪਣਾ ਤਨ ਮਨ ਅਤੇ ਧਨ ਦੇਸ਼ ਦੀ ਆਨ ਬਾਨ ਤੇ ਸ਼ਾਨ ਲਈ ਵਾਰ ਦੇਈਏ ਅਤੇ ਆਪਣੀਆਂ ਅਮੀਰ ਪਰੰਪਰਾਵਾਂ ਨੂੰ ਕਾਇਮ ਰਖੀਏ।

# ਸਿੱਖ ਗੁਰੂ ਸਾਹਿਬਾਨ ਦੀਆਂ ਸਿਖਿਆਵਾਂ ਦੀ ਆਧੁਨਿਕ ਸਮੇਂ ਵਿਚ ਸਾਰਥਿਕਤਾ

ਡਾ. ਨਿਰਮਲ ਸਿੰਘ ਗਿੱਲ ਚੰਡੀਗੜ੍ਹ

ਮਨੁੱਖੀ ਸਮਾਜ ਗਤੀਸ਼ੀਲ ਹੈ । ਇਸ ਵਿਚ ਪਰਿਵਰਤਨ ਤੇ ਵਿਕਾਸ ਆਉਂਦੇ ਰਹਿੰਦੇ ਹਨ । ਪੁਰਾਣੀ ਪਰੰਪਰਾ ਟੁਟਦੀ ਹੈ ਅਤੇ ਨਵੀਨ ਪਰੰਪਰਾ ਵਿਚ ਬਦਲ ਜਾਂਦੀ ਹੈ । ਨਵੀਨ ਪਰੰਪਰਾ ਪੁਰਾਤਨ ਪਰੰਪਰਾ ਨਾਲੋਂ ਏਨੀ ਭਿੰਨ ਹੁੰਦੀ ਹੈ ਕਿ ਇਸ ਵਿਚ ਪੁਰਾਤਨ ਚਲੀ ਆ ਰਹੀ ਪਰੰਪਰਾ ਦੇ ਸੁਜਿੰਦ ਤੱਤ ਸ਼ਾਮਿਲ ਹੁੰਦੇ ਹਨ ਤੇ ਨਿਰਜਿੰਦ ਤੱਤ ਨਕਾਰੇ ਗਏ ਹੁੰਦੇ ਹਨ। ਇਸ ਤਰ੍ਹਾਂ ਇਹ ਪੁਰਾਤਨਤਾ ਤੇ ਨਵੀਨਤਾ ਦਾ ਸੁਮੇਲ ਹੁੰਦੀ ਹੈ। ਸਮਾਂ ਬੀਤਣ ਨਾਲ ਇਸ ਨਵੀਂ ਬਣੀ ਪਰੰਪਰਾ ਵਿਚ ਵੀ ਤਬਦੀਲੀਆਂ ਆਉਂਦੀਆਂ ਹਨ, ਕਿਉਂ ਜੋ ਸਮਾਜ ਵਿਚ ਕਈ ਪ੍ਰਕਾਰ ਦੀਆਂ ਪੈਦਾ ਹੋਈਆਂ ਨਵੀਆਂ ਜਰੂਰਤਾਂ ਇਸ ਦੇ ਸਰੂਪ ਨੂੰ ਬਦਲਦੀਆਂ ਰਹਿੰਦੀਆਂ ਹਨ । ਕਿਸੇ ਵੀ ਸਮੇਂ ਵਿਚ ਪੈਦਾ ਹੋਈ ਯੁੱਗ ਚੇਤਨਾ ਇਸ ਪਰੰਪਰਾ ਦੇ ਕ੍ਰਾਂਤੀਕਾਰੀ ਰੋਲ ਕਾਰਣ ਹੀ ਸੰਭਵ ਬਣਦੀ ਹੈ ਤੇ ਪਰੰਪਰਾ ਦਾ ਇਹ ਰੋਲ ਹਰ ਇਕ ਯੁੱਗ ਵਿਚ ਕਾਇਮ ਰਹਿੰਦਾ ਹੈ । ਸਾਧਾਰਣ ਤੌਰ ਤੇ ਪਰੰਪਰਾ ਦਾ ਨਵੀਨ ਸਰੂਪ ਧਾਰਨਾ ਇਕ ਮੱਧਮ ਕ੍ਰਿਆ ਹੁੰਦੀ ਹੈ । ਪਰ ਜੇਕਰ ਕਿਸੇ ਯੁੱਗ ਪੁਰਸ਼ ਦੀ ਜਾਦੂ ਛੋਹ ਇਸ ਨੂੰ ਪ੍ਰਾਪਤ ਹੋ ਜਾਵੇ ਤਾਂ ਇਸ ਦਾ ਨਿਰਮਾਣ ਪ੍ਰਚੰਡ ਰੂਪ ਧਾਰਨ ਕਰ ਲੈਂਦਾ ਹੈ ਤੇ ਨਵੇਂ ਯੁਗ ਦੀ ਆਮਦ ਨੂੰ ਜੀ ਆਇਆਂ ਕਹਿੰਦਾ ਹੈ । ਗੁਰੂ ਕਾਲ ਵਿਚ ਦੋਵੇਂ ਹੀ ਵਿਚਾਰਧਾਰਾਵਾਂ, ਮੁਸਲਮਾਨੀ ਤੇ ਬ੍ਰਾਹਮਣੀ ਪਤਨਸ਼ੀਲ ਹੋ ਚੁਕੀਆਂ ਸਨ । ਇਨ੍ਹਾਂ ਵਿਚ ਪ੍ਰਗਟਾਏ ਜਾਂਦੇ ਵਿਚਾਰ ਨਿਰਜਿੰਦ ਹੋ ਚੁੱਕੇ ਸਨ ਜੋ ਉਸ ਸਮੇਂ ਦੀ ਰਹਿਨੁਮਾਈ ਕਰਨ ਤੋਂ ਅਸਮਰਥ ਸਨ । ਭਗਤੀ ਲਹਿਰ ਦੇ ਸੰਤਾਂ ਦੀ ਪ੍ਰਗਤੀਸ਼ੀਲ ਸੂਝ ਨੇ ਇਨ੍ਹਾਂ ਤੇ ਕਠੋਰ ਆਲੋਚਨਾ ਕੀਤੀ ਤੇ ਇਨ੍ਹਾਂ ਦੀ ਸਾਰਥਿਕਤਾ ਨੂੰ ਵੰਗਾਰਿਆ । ਨਿਰਜਿੰਦ ਤੇ ਅਣ-ਉਪਯੋਗੀ ਪੱਖ ਢਹਿ ਢੇਰੀ ਹੋ ਗਏ ਤੇ ਨਵੀਨ ਵਿਚਾਰ ਪ੍ਰਚਲਿਤ ਪਰੰਪਰਾ ਵਿਚ ਸ਼ਾਮਿਲ ਹੋ ਗਏ ਤੇ ਗੁਰੂ ਨਾਨਕ ਸਾਹਿਬ ਵਰਗੇ ਯੁਗ ਪੁਰਸ਼ ਦੁਆਰਾ ਨਵੀਨ ਠੁੱਕ ਦੀ ਪਰੰਪਰਾ ਨੂੰ ਰਹਿਨੁਮਾਈ ਮਿਲੀ ਜੋ ਦੂਸਰੇ ਗੁਰੂ ਸਾਹਿਬਾਨ ਦੁਆਰਾ ਵੀ ਬੜੇ ਪ੍ਰਭਾਵੀ ਰੂਪ ਵਿਚ ਕਾਇਮ ਰੱਖੀ ਗਈ ਤੇ ਨਵੇਂ ਯੁੱਗ ਦੀਆਂ ਕਦਰਾਂ ਕੀਮਤਾਂ ਇਸ ਵਿਚ ਭਰਪੂਰ ਰੂਪ ਵਿਚ ਸ਼ਾਮਿਲ ਕੀਤੀਆਂ ਗਈਆਂ । ਇਥੋਂ ਤੱਕ ਕਿ ਉਹ ਪਰੰਪਰਾ ਜਿਹੜੀ ਆਦਿ ਵਿਚ ਸੁਧਾਰਵਾਦੀ ਲਹਿਰ ਨਜ਼ਰ ਆਉਂਦੀ ਸੀ, ਗੁਰੂ ਕਾਲ ਵਿਚ ਮੁਗਲ ਸਮਾਜ ਤੇ ਬ੍ਰਾਹਮਣੀ ਪਾਖੰਡ ਵਿਰੁਧ ਇਨਕਲਾਬ ਦਾ ਰੂਪ ਧਾਰਨ ਕਰ ਗਈ । ਇਹ ਸਰੂਪ ਆਧੁਨਿਕ ਯੁੱਗ ਵਿਚ ਵੀ ਹਰ ਤਰ੍ਹਾਂ ਸਾਰਥਿਕ ਤੇ ਉਪਯੋਗੀ ਹੈ ।

ਗੁਰੂ ਕਾਲ ਵਿਚ ਸਮਾਜ ਦੇ ਹਰ ਖੇਤਰ ਵਿਚ ਜਾਗ੍ਰਿਤੀ ਤੇ ਚੇਤਨਤਾ ਪੈਦਾ ਕਰਕੇ ਇਕ ਵਿਸ਼ੇਸ਼ ਪ੍ਰਕਾਰ ਦਾ ਸਾਮਾਜਿਕ ਇਨਕਲਾਬ ਹੋਂਦ ਵਿਚ ਆਇਆ । ਇਹ ਐਸਾ ਇਨਕਲਾਬ ਸੀ ਜੋ ਕਿਸੇ ਦੇਸ਼ ਦੀ ਹੋਣੀ ਨੂੰ ਬਦਲਣ ਲਈ ਕੀਤਾ ਜਾਂਦਾ ਹੈ ਤੇ ਪ੍ਰਯੋਗ ਵਿਚ ਲਿਆਇਆ ਜਾਂਦਾ ਹੈ । ਗੁਰੂ ਕਾਲ ਵਿਚ ਜੀਵਨ ਦੇ ਰਾਜਸੀ, ਸਮਾਜੀ, ਆਰਥਿਕ ਤੇ ਧਾਰਮਿਕ ਖੇਤਰਾਂ ਵਿਚ ਪ੍ਰਗਤੀਸ਼ੀਲ ਚੇਤਨਾ ਤੇ ਕ੍ਰਾਂਤੀਕਾਰੀ ਅਮਲ ਦ੍ਰਿਸ਼ਟੀਗੋਚਰ ਹੁੰਦੇ ਹਨ । ਇਨ੍ਹਾਂ ਦਾ ਵੇਰਵੇ ਸਹਿਤ ਜਾਇਜ਼ਾ ਲੈਣਾ ਜ਼ਰੂਰੀ ਹੈ ।

ਰਾਜਸੀ ਪੱਖ ਤੋਂ ਦੇਖਿਆਂ ਗੁਰੂ ਕਾਲ ਵਿਚ, ਗੁਰੂ ਨਾਨਕ ਦੇਵ ਜੀ ਦੇ ਸਮੇਂ ਵਿਚ ਅਸ਼ਾਂਤੀ ਤੇ ਬੇਵਸੀ ਬੇ-ਭਰੋਸਗੀ ਤੇ ਨਿਰ-ਆਸਰਤਾ, ਬੇ-ਯਕੀਨੀ ਤੇ ਆਸਾਰਤਾ ਦਾ ਮਾਹੌਲ ਦ੍ਰਿਸ਼ਟੀਗੋਚਰ ਹੁੰਦਾ ਹੈ । ਦਿੱਲੀ ਦਾ ਬਾਦਸ਼ਾਹ ਬਹੁਤ ਕਮਜ਼ੋਰ ਹੋ ਚੁੱਕਾ ਸੀ । ਪ੍ਰਾਤਾਂ ਦੇ ਨਵਾਬਾਂ ਅਮੀਰਾਂ ਤੇ ਰਾਜਿਆਂ ਨੇ ਆਪਣੀਆਂ ਆਪਣੀਆਂ ਮੱਲਾਂ ਮੱਲੀਆਂ ਹੋਈਆਂ ਸਨ ਤੇ ਨਿਰਭੈ ਹੋ ਕੇ ਮਨਮਰਜ਼ੀ ਕਰਦੇ ਸਨ । ਦਿੱਲੀ ਦੇ ਸ਼ਾਸ਼ਕ ਦੀ ਉਨ੍ਹਾਂ ਤੇ ਪਕੜ ਨਾ ਹੋਣ ਦੇ ਬਰਾਬਰ ਸੀ । ਇਹ ਛੋਟੇ ਛੋਟੇ ਪ੍ਰਾਂਤਕ ਰਾਜੇ ਤੇ ਨਵਾਬ ਕਈ ਪ੍ਰਕਾਰ ਦੇ ਵਿਤਕਰਿਆਂ ਤੇ ਨਿੱਜੀ ਦੁਸ਼ਮਣੀਆਂ ਦੇ ਸ਼ਿਕਾਰ ਸਨ ਤੇ ਇਕ ਦੂਜੇ ਨਾਲ ਨਿੱਜੀ ਦੁਸ਼ਮਣੀ ਕੱਢਣ ਲਈ ਲੜਦੇ ਝਗੜਦੇ ਰਹਿੰਦੇ ਸਨ । ਜਨ ਸਧਾਰਣ ਇਨ੍ਹਾਂ ਤੋਂ ਬੇਮੁਖ ਸੀ ਅਤੇ ਇਨ੍ਹਾਂ ਦੇ ਜ਼ੁਲਮਾਂ ਕਾਰਣ ਇਨ੍ਹਾਂ ਨੂੰ ਨਫਰਤ ਕਰਦਾ ਸੀ ।

ਦਿੱਲੀ ਦੇ ਰਾਜ ਨਾਲ ਵੀ ਜਨ ਸਧਾਰਣ ਕਿਸੇ ਤਰ੍ਹਾਂ ਵੀ ਜੁੜਿਆ ਹੋਇਆ ਨਹੀਂ ਸੀ। ਕੋਈ ਵੀ ਦਿੱਲੀ ਤੇ ਰਾਜ ਕਰੇ ਜਨ ਸਧਾਰਣ ਬੇ-ਪ੍ਰਵਾਹ ਸੀ। ਕੌਮੀ ਜਜ਼ਬਾ ਹਰ ਪੱਧਰ ਤੇ ਅਲੋਪ ਸੀ । ਇਸ ਰਾਜਸੀ ਬੇ-ਭਰੋਸਗੀ, ਬੇ-ਯਕੀਨੀ ਤੇ ਪਤਨ ਦੀ ਹਾਲਤ ਵਿਚ ਗੁਰੂ ਨਾਨਕ ਦੇਵ ਜੀ ਸਾਹਮਣੇ ਪ੍ਰਥਮ ਜ਼ਰੂਰਤ ਲੋਕਾਂ ਦੇ ਡਿੱਗਦੇ ਵਿਸ਼ਵਾਸਾਂ ਨੂੰ ਮਜ਼ਬੂਤ ਕਰਨਾ ਸੀ ਤੇ ਦੇਸ਼ ਦੀ ਸਮੁੱਚੀ ਬੇਹਤਰੀ ਨਾਲ ਜੋੜਨਾ ਸੀ । ਇਸ ਮਨੋਰਥ ਨੂੰ ਸਾਹਮਣੇ ਰੱਖ ਕੇ ਉਨ੍ਹਾਂ ਨੇ ਜਪੁਜੀ ਦੇ ਮੂਲ ਮੰਤਰ ਵਿਚ ਇਕ ਐਸੇ ਬਲਵਾਨ, ਚੇਤਨ ਸ਼ਕਤੀਸ਼ਾਲੀ ਤੇ ਪੂਰਨ ਰੂਪ ਵਿਚ ਸਮਰਥ ਪਰਮਾਤਮਾ ਦਾ ਚਿੱਤਰ ਪੇਸ਼ ਕੀਤਾ, ਜਿਸ ਤੇ ਭਰੋਸਾ ਰੱਖ ਕੇ ਨਿਆਸਰੇ ਵੀ ਆਸਰਾ ਮਹਿਸੂਸ ਕਰਨ । ਇਸ ਪਰਮ ਸ਼ਕਤੀ ਸਾਹਮਣੇ ਦੇਵੀ ਦੇਵਤੇ ਤੇ ਸੰਸਾਰਕ ਸ਼ਾਸ਼ਕ ਨਿਰਮੂਲ ਸਿਧ ਹੋਏ। ਪਰਮ-ਚੇਤਨਤਾ ਤੇ ਸਰਵ ਵਿਆਪੀ ਸ਼ਕਤੀ ਤੇ ਵਿਸ਼ਵਾਸ ਰੱਖ ਕੇ ਲੋਕ ਮਨਾਂ ਵਿਚ ਭਰੋਸਾ ਤੇ ਸ਼ਕਤੀ ਪੈਦਾ ਹੋਈ ਤੇ ਮੁਗਲ ਸ਼ਾਸਕ ਉਨ੍ਹਾਂ ਨੂੰ ਨਿਗੂਣੇ ਜਿਹੇ ਕੀੜੇ ਮਕੌੜੇ ਦਿੱਸਣ ਲੱਗੇ । ਜ਼ੁਲਮ ਵਿਰੁਧ ਜੋ ਜਾਗ੍ਰਿਤੀ ਵਿਸ਼ੇਸ਼ ਤੌਰ ਤੇ ਗੁਰੂ ਅਰਜਨ ਦੇਵ ਜੀ, ਗੁਰੂ ਹਰਿਗੋਬਿੰਦ ਜੀ, ਗੁਰੂ ਤੇਗ ਬਹਾਦਰ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਲੋਕ ਮਨ ਵਿਚ ਪੈਦਾ ਕੀਤੀ, ਉਸ ਨੇ ਮੁਗਲਾਂ ਵਿਰੁਧ ਵੀ ਲੋਕਾਂ ਨੂੰ ਲਾਮਬੰਦ ਕਰਕੇ ਟਾਕਰਾ ਕਰਨ ਦਾ ਸਾਹਸ ਪ੍ਰਦਾਨ ਕਰ ਦਿੱਤਾ ਤੇ ਗੁਰੂ ਸਾਹਿਬਾਨ ਦੀ ਅਗਵਾਈ ਵਿਚ ਲੋਕਾਂ ਨੇ ਅਨੇਕਾਂ ਜੁਝਾਰੂ ਕਾਰਨਾਮੇ ਕੀਤੇ । ਗੁਰੂ ਕਾਲ ਦੇ ਆਰੰਭ ਵਿਚ ਦੱਬੀ ਕੁਚਲੀ ਹੋਈ ਸ਼ਕਤੀਹੀਣ ਚੇਤਨਾ ਗੁਰੂ ਕਾਲ ਦੇ ਅੰਤ ਤੀਕ ਇਕ ਬਲਵਾਨ ਤੇ ਉਸਾਰੂ ਚੇਤਨਾ ਹੋ ਨਿਬੜੀ ਜੋ ਬ੍ਰਾਹਮਣੀ ਤੇ ਮੁਸਲਮਾਨੀ ਕਲਚਰ ਉਪਰ ਪੂਰੀ ਤਰ੍ਹਾਂ ਹਾਵੀ ਹੋ ਗਈ ਤੇ ਨਵੀਨ ਯੁਗ ਦੇ ਉਸਾਰਣ ਲਈ ਸਹਾਇਕ ਸਿੱਧ ਹੋਈ ।

(ੳ) ਉਪਰੋਕਤ ਵਿਚਾਰ ਤੋਂ ਪ੍ਰਾਪਤ ਕੌਮੀ ਚੇਤਨਤਾ ਦੀ ਸਿਖਿਆ ਇਹ ਹੈ ਕਿ ਸਰਵ ਸ਼ਕਤੀਮਾਨ ਪਰਮਾਤਮਾ ਨਾਲ ਏਕਤਾ ਪ੍ਰਾਪਤ ਕਰਕੇ ਕਿਸੇ ਵੀ ਹੋਰ ਨਿਗੂਣੀ ਸੰਸਾਰਕ ਸ਼ਕਤੀ ਤੋਂ ਡਰਨ ਦੀ ਲੋੜ ਨਹੀਂ ਅਤੇ ਨਾ ਹੀ ਉਸ ਦੇ ਜ਼ੁਲਮ ਸਹਿਣ ਕਰਨ ਦੀ ਲੋੜ ਹੈ। ਉਸ ਸਰਵ ਸ਼ਕਤੀਮਾਨ ਦਾ ਆਸਰਾ ਲੈ ਕੇ ਜ਼ੁਲਮ ਵਿਰੁਧ ਲੜਨਾ ਜ਼ਰੂਰੀ ਧਾਰਮਿਕ ਅਸੂਲ ਹੈ । ਅਸੀਂ ਅੰਤ ਵਿਚ ਇਹ ਪਰਖ ਕਰਾਂਗੇ ਕਿ ਇਹ ਧਾਰਨਾ ਅਜੋਕੇ ਯੁੱਗ ਵਿਚ ਹੀ ਪੂਰਨ ਤਰ੍ਹਾਂ ਸਵੀਕਾਰੀ ਤੇ ਸਨਮਾਨੀ ਗਈ ਹੈ ।

(ਅ) ਸਮਾਜੀ ਖੇਤਰ ਵਿਚ ਗੁਰੂ ਕਾਲ ਦੇ ਆਰੰਭ ਵਿਚ ਕਈ ਪ੍ਰਕਾਰ ਦੀਆਂ ਰਹੁ-ਰੀਤਾਂ, ਪੂਜਾ ਅਰਚਨਾ ਦੇ ਪਾਖੰਡ, ਅਨੇਕਾਂ ਵਹਿਮ ਤੇ ਭਰਮ ਪਚਲਿਤ ਸਨ । ਬ੍ਰਾਹਮਣ

ਦਾ ਕਿਰਦਾਰ ਦਿਖਾਵੇ ਦਾ ਸੀ । ਉਹ ਪੂਜਾ ਅਰਚਨਾ ਕਰਦਾ, ਜਨੇਊ ਪਹਿਨਦਾ, ਸਿਲਾਂ ਤੇ ਮੂਰਤੀਆਂ ਨੂੰ ਪੂਜਦਾ, ਤਿਲਕ ਲਾਂਦਾ ਤੇ ਅਨੇਕਾਂ ਵਿਧੀਆਂ ਦੁਆਰਾ ਜਟਿਲ ਧਾਰਮਿਕ ਕ੍ਰਿਆਵਾਂ ਨਿਭਾਉਂਦਾ । ਉਸ ਨੇ ਪੂਜਾ ਦੀਆਂ ਰਹੁ ਰੀਤਾਂ ਜਾਣ ਬੁੱਝ ਕੇ ਪੇਚੀਦਾ ਬਣਾਈਆਂ ਹੋਈਆਂ ਸਨ ਤਾਂ ਜੋ ਜਨ-ਸਾਧਾਰਣ ਉਨ੍ਹਾਂ ਦੀ ਪਾਲਣਾ ਨਾ ਕਰ ਸਕੇ ਅਤੇ ਕੇਵਲ ਪੁਜਾਰੀ ਸ਼੍ਰੇਣੀ ਤੇ ਹੀ ਨਿਰਭਰ ਰਹੇ । ਜਿਵੇਂ :

1) ਪੜਿ ਪੁਸਤਕ ਸੰਧਿਆ ਬਾਦੰ ॥ ਸਿਲ ਪੂਜਸਿ ਬਗੁਲ ਸਮਾਧੰ ॥
ਮੁਖਿ ਝੂਠ ਬਿਭੂਖਣ ਸਾਰੰ ॥ ਤ੍ਰੈਪਾਲ ਤਿਹਾਲ ਬਿਚਾਰੰ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 470)

ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥
ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 789)

ਇਸ ਕਿੰਤੂ ਤੇ ਹੋਰ ਆਲੋਚਨਾ ਦੀ ਵਡਿਆਈ ਇਸ ਗੱਲ ਵਿਚ ਨਹੀਂ ਕਿ ਕਿਸੇ ਵਿਚਾਰ ਜਾਂ ਕ੍ਰਿਆ ਦਾ ਖੰਡਨ ਕਰਨਾ ਲੋੜੀਂਦਾ ਸੀ, ਬਲਕਿ ਇਸ ਆਲੋਚਨਾਤਮਕ ਰੁਚੀ ਦੀ ਮਹਾਨਤਾ ਇਸ ਗੱਲ ਵਿਚ ਹੈ ਕਿ ਪੁਰਾਤਨ ਪਰੰਪਰਾ ਨੂੰ ਨਕਾਰ ਕੇ ਨਵੀਨ ਪਰੰਪਰਾ ਦੇ ਸਰੂਪ ਨੂੰ ਰੂਪਮਾਨ ਕਰਨ ਦਾ ਯਤਨ ਕੀਤਾ ਗਿਆ ਹੈ । ਪੁਰਾਤਨ ਬ੍ਰਾਹਮਣੀ ਕਦਰਾਂ ਕੀਮਤਾਂ ਨੂੰ ਤੋੜ ਕੇ ਨਵੀਨ ਗੁਣਾਤਮਕ ਤਬਦੀਲੀਆਂ ਲਿਆਉਣ ਦਾ ਯਤਨ ਕੀਤਾ ਹੈ ।

ਜਨੇਊ ਧਾਰਨ ਕਰਨ ਦੀ ਰਸਮ ਦਾ ਭਾਵ ਸਤਿ ਤੇ ਸੰਤੋਖ ਗੁਣਾਂ ਨੂੰ ਅਪਨਾਉਣਾ ਸੀ ਤੇ ਦਿਖਾਵੇ ਤੋਂ ਪਰਹੇਜ਼ ਕਰਨਾ ਸੀ । ਜਨੇਊ ਦਾ ਧਾਗਾ ਤਾਂ ਮੈਲਾ ਹੋ ਸਕਦਾ ਹੈ, ਟੁਟ ਸਕਦਾ ਹੈ, ਪਰ ਗੁਣ ਕਾਇਮ ਰਹਿੰਦੇ ਹਨ । ਸੋ, ਗੁਣਾਂ ਦਾ ਗਾਹਕ ਬਣਨਾ ਚਾਹੀਦਾ ਹੈ:

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥
ਓਹ ਮੁਆ ਓਹ ਝੜਿ ਪਇਆ ਵੇਤਗਾ ਗਇਆ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 471)

ਇਕ ਲੰਮੀ ਪੜਚੋਲਵੀਂ ਆਲੋਚਨਾ ਦੁਆਰਾ ਦਿਖਾਵੇ ਦੇ ਬ੍ਰਾਹਮਣੀ ਕਲਚਰ ਨੂੰ ਨਕਾਰਿਆ ਗਿਆ ਹੈ । ਬ੍ਰਾਹਮਣ ਸਵੱਛਤਾ ਤੇ ਜ਼ੋਰ ਦਿੰਦਾ ਸੀ । ਨਵ ਜੰਮੇ ਬਾਲ ਨੂੰ ਸੂਤਕ ਕਹਿ ਕੇ ਅਪਮਾਨਿਤ ਕਰਦਾ ਸੀ, ਉਸ ਨੂੰ ਪਲੀਤ ਸਮਝਦਾ ਸੀ, ਜਦ ਕਿ ਨਵ ਬਾਲਕ ਦਾ ਜਨਮ ਕੁਦਰਤ ਦਾ ਇਕ ਅਜ਼ੀਮ ਕ੍ਰਿਸ਼ਮਾ ਸਮਝਿਆ ਜਾਣਾ ਚਾਹੀਦਾ ਹੈ ਤੇ ਸਤਿਕਾਰ ਤੇ ਪਿਆਰ ਦਾ ਭਾਗੀ ਬਣਨਾ ਚਾਹੀਦਾ ਹੈ । ਗੁਰੂ ਸਾਹਿਬ ਨੇ ਇਸ ਬਾਰੇ ਸਪੱਸ਼ਟ ਤੌਰ ਤੇ ਫੁਰਮਾਇਆ ਹੈ :-

ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥ ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 472)

ਲੋਭ, ਭੈੜ, ਹੰਕਾਰ ਆਦਿਕ ਪੰਜ ਮਾਰੂ ਭੈੜੀਆਂ ਸ਼ਕਤੀਆਂ ਤੋਂ ਮੁਕਤ ਰਹਿਣ ਦਾ ਆਦੇਸ਼ ਹੈ । ਪਰ ਬ੍ਰਾਹਮਣ ਜੋ ਪੁਜਾਰੀ ਸ਼੍ਰੇਣੀ ਦਾ ਮੁਖੀਆ ਸੀ, ਦੰਭਾਂ ਫਰੇਬਾਂ ਵਿਚ ਫਸਿਆ ਹੋਇਆ ਸੀ ਤੇ ਨਿੱਜੀ ਮੁਨਾਫੇ ਲਈ ਹੀ ਯਤਨਸ਼ੀਲ ਸੀ ।

ਬ੍ਰਾਹਮਣ ਸ਼੍ਰੇਣੀ ਦੀ ਗਿਰਾਵਟ ਇੰਨੀ ਵੱਧ ਚੁੱਕੀ ਸੀ ਕਿ ਉਹ ਮੁਗਲਾਂ ਤੋਂ ਡਰਦੇ ਨੀਲੇ

ਕਪੜੇ ਭਾਵ ਮੁਗਲਾਂ ਦਾ ਪਹਿਰਾਵਾ ਪਾ ਕੇ ਬਾਹਰ ਨਿਕਲਦੇ ਤੇ ਚੋਰੀ ਘਰ ਅੰਦਰ ਬੈਠ ਕੇ ਆਪਣੀ ਧਾਰਮਿਕ ਪੂਜਾ ਅਰਚਨਾ ਕਰਦੇ । ਮੁਗਲਾਂ ਦੇ ਜ਼ਬਰ ਤੋਂ ਬਚਣ ਲਈ ਉਹ ਸੰਸਕ੍ਰਿਤ ਨੂੰ ਛੱਡ ਕੇ ਫਾਰਸੀ ਬੋਲਦੇ । ਇਸ ਹੱਦ ਤੱਕ ਜ਼ਲੀਲ ਹੋ ਕੇ ਜਿਉਂਦੇ ਤੇ ਕੋਈ ਵਿਦਰੋਹ ਨਾ ਕਰਦੇ । ਇਸ ਅਵਸਥਾ ਨੂੰ ਬਦਲਣ ਲਈ ਗੁਰੂ ਸਾਹਿਬਾਨ ਨੇ ਵਿਚਾਰ, ਅਚਾਰ ਤੇ ਅਮਲ ਦੁਆਰਾ ਨਵੀਆਂ ਕਦਰਾਂ ਕੀਮਤਾਂ ਦਾ ਪ੍ਰਚਾਰ ਕਰਕੇ ਵਿਸ਼ੇਸ਼ ਪ੍ਰਕਾਰ ਦੀ ਜਾਗ੍ਰਿਤੀ ਪੈਦਾ ਕੀਤੀ ।

ਬ੍ਰਾਹਮਣ ਤੇ ਕੇਵਲ ਬ੍ਰਾਹਮਣ ਦੀ ਸਰਵੋਤਮਤਾ ਨੂੰ ਖਤਮ ਕਰਨ ਲਈ ਗੁਰੂ ਸਾਹਿਬਾਨ ਨੇ ਹੋਰ ਨੀਵੀਆਂ ਜਾਤੀਆਂ ਨੂੰ ਵਡਿਆਇਆ ਤੇ ਆਪਣੇ ਆਪ ਨੂੰ ਨੀਚ ਅਖਵਾਇਆ ਤੇ ਨੀਚਾਂ ਦਾ ਸਾਥੀ ਦੱਸਿਆ । ਗੁਰੂ ਕਾਲ ਵਿਚ ਸਥਾਪਿਤ ਕੀਤਾ ਗਿਆ ਇਹ ਆਦਰਸ਼ ਅਜੋਕੇ ਯੁਗ ਵਿਚ ਕਿੰਨਾ ਸਥਾਈ, ਹਰਮਨ ਪਿਆਰਾ ਤੇ ਸਨਮਾਨਿਆ ਗਿਆ ਹੈ, ਇਹ ਗੱਲ ਕਿਸੇ ਵੇਰਵੇ ਦੀ ਮੁਥਾਜ ਨਹੀਂ । ਅਜੋਕੇ ਯੁੱਗ ਵਿਚ ਸ਼੍ਰੇਣੀ ਰਹਿਤ ਸਮਾਜ ਦਾ ਆਦਰਸ਼ ਮਨੁੱਖ ਮਾਤਰ ਸਾਹਮਣੇ ਹੈ ਤੇ ਦੂਜੀਆਂ ਸ਼੍ਰੇਣੀਆਂ ਨੂੰ ਤ੍ਰਿਸਕਾਰ ਕਰਨ ਵਾਲੇ ਵਿਅਕਤੀ ਲਈ ਕਾਨੂੰਨੀ ਤੌਰ ਤੇ ਦੰਡ ਹੈ । ਗੁਰੂ ਸਾਹਿਬਾਨ ਦੇ ਸ਼੍ਰੇਣੀ ਰਹਿਤ ਸਮਾਜ ਦੀ ਸਥਾਪਨਾ ਦੇ ਆਦਰਸ਼ ਨੂੰ ਕਾਇਮ ਕਰਨ ਲਈ ਅਜੋਕੇ ਯੁੱਗ ਵਿਚ ਨੀਵੀਆਂ ਸ਼੍ਰੇਣੀਆਂ ਨੂੰ ਉੱਚਾ ਚੁਕਣ ਲਈ ਅਨੇਕਾਂ ਵਸੀਲੇ ਬਣਾਏ ਜਾ ਰਹੇ ਹਨ। ਜਾਤ-ਪਾਤ ਦੇ ਪਾਖੰਡ ਨੂੰ ਤੋੜਨ ਲਈ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖ਼ਾਲਸੇ ਦੀ ਸਿਰਜਣਾ ਇਕ ਮਹਾਨ ਕੰਮ ਸੀ । ਅੰਮ੍ਰਿਤ ਛਕ ਕੇ ਕੋਈ ਵੀ ਕਿਸੇ ਵੀ ਜਾਤ, ਧਰਮ ਤੇ ਦੇਸ਼ ਦਾ ਵਾਸੀ ਗੁਰੂ ਦਾ ਸਿੰਘ ਬਣ ਸਕਦਾ ਹੈ । ਗੁਰੂ ਗ੍ਰੰਥ ਸਾਹਿਬ ਜੀ ਦੀ ਸਥਾਪਨਾ ਤੇ ਸੰਕਲਨ ਵੇਲੇ ਕਿਸੇ ਜਾਤ ਜਾਂ ਧਰਮ ਦਾ ਵਿਤਕਰਾ ਨਹੀਂ ਸੀ ਕੀਤਾ ਗਿਆ । ਸਤਿਸੰਗਤ ਨੂੰ ਪ੍ਰਥਮ ਸਥਾਨ ਬਖਸ਼ ਕੇ ਗੁਰੂ ਸਾਹਿਬ ਨੇ ਜਾਤਪਾਤ ਦੇ ਸਭ ਵਿਤਕਰੇ ਖਤਮ ਕਰ ਦਿੱਤੇ । ਇਹ ਆਦਰਸ਼ ਅਜੋਕੇ ਯੁਗ ਵਿਚ ਵੀ ਕਿੰਨੇ ਸਾਰਥਿਕ ਤੇ ਸਨਮਾਨਜਨਕ ਹਨ । ਇਹ ਗੱਲ ਭਲੀਭਾਂਤ ਆਪਣੇ ਆਪ ਵਿਚ ਸਪੱਸ਼ਟ ਹੈ । ਜਦ ਬ੍ਰਾਹਮਣ ਦੀ ਧਾਰਮਿਕ ਉਚਤਾ ਖਤਮ ਹੁੰਦੀ ਹੈ ਤਾਂ ਸਾਂਝੀਵਾਲਤਾ ਤੇ ਮਾਨਵਵਾਦੀ ਆਦਰਸ਼ ਬਿਨਾਂ ਰੋਕ ਟੋਕ ਦੇ ਸਥਾਪਿਤ ਹੋਣੇ ਸ਼ੁਰੂ ਹੋ ਜਾਂਦੇ ਹਨ । ਇਹ ਸਾਰੇ ਆਦਰਸ਼ 21ਵੀਂ ਸਦੀ ਵਿਚ ਵਿਸ਼ੇਸ਼ ਸਥਾਨ ਰੱਖਦੇ ਹਨ ।

(ੲ) ਗੁਰੂ ਅਰਜਨ ਦੇਵ ਜੀ ਦੁਆਰਾ ਸੁਖਮਨੀ ਵਿਚ ਸੰਤ ਤੇ ਸਾਧ ਦੀ ਉਸਤਤ ਬੜੇ ਵਡਿਆਈ ਭਰਪੂਰ ਢੰਗ ਨਾਲ ਕੀਤੀ ਗਈ ਹੈ । ਗੁਰੂ ਦੀ ਮਹਾਨਤਾ ਦਰਸਾਈ ਗਈ ਹੈ ਤੇ ਸਮੁੱਚੇ ਭਾਰਤ ਦੇ ਸੰਤਾਂ ਤੇ ਭਗਤਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਵਿਚ ਸੰਕਲਿਤ ਕਰਕੇ ਸਨਮਾਨਿਆ ਗਿਆ ਹੈ । ਇਹ ਪੂਰਨਤਾ ਨਿਜ ਨੁਹਾਰ ਦੀ ਸੀ । ਇਸ ਨੂੰ ਵਿਅਕਤੀ ਦੀ ਬਜਾਇ ਸਮੂਹ ਮਾਨਵਵਾਦ ਲਈ ਗੁਣਕਾਰੀ ਬਣਾਉਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਵਿਸ਼ੇਸ਼ ਯਤਨ ਕੀਤੇ ਅਤੇ ਸੰਤ ਤੇ ਸਾਧੂ ਦੇ ਗੁਣਾਂ ਵਾਲੀ ਪਰੰਪਰਾ ਨੂੰ ਨਵੀਨ ਸਮੇਂ ਦੀਆਂ ਲੋੜਾਂ ਅਨੁਸਾਰ ਉਸਾਰਨ ਲਈ ਇਸ ਦੇ ਨਿੱਜੀ ਸਰੂਪ ਨੂੰ ਸਾਮਾਜਿਕ ਜਾਂ ਸਮੂਹਿਕ ਬਣਾਇਆ ਅਤੇ ਇਸ ਮਨੋਰਥ ਲਈ ਉਨ੍ਹਾਂ ਸਾਧ ਸੰਗਤ ਤੇ ਸਤਿਸੰਗਤ ਦੇ ਸੰਕਲਪ ਪੇਸ਼ ਕੀਤੇ । ਗੁਰੂ ਦੇ ਵਿਅਕਤੀਗਤ ਸਰੂਪ ਨੂੰ ਵਿਸ਼ਾਲ ਬਣਾ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਕੀਤੀ ਤੇ ਗੁਰਮੁਖ, ਪੰਚ, ਗਿਆਨੀ ਆਦਿਕ ਨਿੱਜੀ ਤੌਰ ਤੇ ਪੂਰਨ ਹੋਏ ਮਨੁੱਖਾਂ ਨੂੰ ਪੰਜ ਪਿਆਰਿਆਂ ਦੀ ਸਿਰਜਣਾ ਕਰਕੇ ਸਮੂਹਿਕ ਸਰੂਪ ਪ੍ਰਦਾਨ ਕੀਤਾ । ਨਿੱਜੀ ਭਾਂਤ

ਦੇ ਸੰਕਲਪਾਂ ਦਾ ਸਮੂਹਿਕ ਰੂਪ ਧਾਰਨ ਕਰਨਾ ਤੇ ਸਾਂਝੀਵਾਲਤਾ ਤੇ ਮਾਨਵਵਾਦੀ ਰੁਚੀਆਂ ਦੇ ਪਰਸਾਰਣ ਨਾਲ ਮੱਧ-ਕਾਲੀਨ ਪਰੰਪਰਾ, ਆਧੁਨਿਕ ਯੁੱਗ ਦੀ ਵਿਗਿਆਨਕ ਪਰੰਪਰਾ ਵਿਚ ਤਬਦੀਲ ਹੋਈ ਦੇਖੀ ਜਾ ਸਕਦੀ ਹੈ । ਪ੍ਰਚਲਿਤ ਪਰੰਪਰਾ ਵਿਚ ਨਵੀਨਤਮ ਤਬਦੀਲੀਆਂ ਗੁਰੂ ਸਾਹਿਬਾਨ ਦੀਆਂ ਸਿਖਿਆਵਾਂ ਨੂੰ ਨਵ ਯੁੱਗ ਦੀਆਂ ਹਾਣੀ ਬਣਾਉਂਦੀਆਂ ਹਨ ਤੇ ਇਨ੍ਹਾਂ ਕੀਮਤਾਂ ਦੀ ਸਾਰਥਿਕਤਾ, ਅਮਰਤਾ ਤੇ ਚਿਰੰਜੀਵਤਾ ਕਾਇਮ ਰਹਿੰਦੀ ਹੈ।

(ਸ) ਆਧੁਨਿਕ ਯੁੱਗ ਵਿਚ ਦਿਖਾਵੇ ਤੇ ਮਸ਼ੀਨੀ ਢੰਗ ਦੀ ਪੂਜਾ ਤੇ ਭਗਤੀ ਦੀ ਬਜਾਏ ਸਦਾਚਾਰਕ ਰਹਿਣੀ ਭਾਵ ਸੁੱਚੇ ਆਚਾਰ ਵਿਹਾਰ ਤੇ ਜ਼ੋਰ ਦਿੱਤਾ ਗਿਆ ਹੈ। ਧਰਮ ਨੂੰ ਕਰਮ ਨਾਲ ਜੋੜਿਆ ਗਿਆ ਹੈ । ਮਨੁੱਖ ਸਾਹਮਣੇ ਨਿੱਜੀ ਪੂਰਨਤਾ ਨੂੰ ਸਮਾਜੀ ਕਲਿਆਣ ਲਈ ਵਰਤਣ ਦਾ ਆਦਰਸ਼ ਦ੍ਰਿੜ ਕਰਵਾਇਆ ਗਿਆ ਹੈ ਜੋ ਗੁਰੂ ਕਾਲ ਵਿਚ ਹੀ ਸਥਾਪਿਤ ਹੋ ਚੁੱਕਾ ਸੀ :-

ਮੰਨੈ ਪਾਵਹਿ ਮੋਖੁ ਦੁਆਰੁ ॥ ਮੰਨੈ ਪਰਵਾਰੈ ਸਾਧਾਰੁ ॥
ਮੰਨੈ ਤਰੈ ਤਾਰੇ ਗੁਰ ਸਿਖ ॥ ਮੰਨੈ ਨਾਨਕ ਭਵਹਿ ਨ ਭਿਖ ॥
ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥ (ਜਪੁਜੀ)

ਪ੍ਰਤੱਖ ਵਿਚਾਰ ਪੇਸ਼ ਕੀਤਾ ਗਿਆ ਹੈ ਕਿ ਪਹਿਲਾਂ ਆਪ ਮੋਖ ਦੁਆਰ ਪ੍ਰਾਪਤ ਕਰੇ ਤੇ ਫੇਰ ਪਰਿਵਾਰ ਨੂੰ ਤਾਰੇ ਤੇ ਆਪ ਤਰਣ ਨਾਲ ਇਹ ਜ਼ਰੂਰੀ ਸ਼ਰਤ ਹੈ ਕਿ ਦੂਸਰਿਆਂ ਦੀ ਮੁਕਤੀ ਲਈ ਵੀ ਕੰਮ ਕੀਤਾ ਜਾਵੇ । ਯੋਗੀਆਂ ਵਾਂਗ ਨਿੱਜੀ ਮੁਕਤੀ ਦੀ ਪ੍ਰਾਪਤੀ ਦਾ ਖੰਡਨ ਹੈ ਤੇ ਸਮੂਹ ਮਾਨਵਵਾਦ ਨੂੰ ਅਧਿਆਤਮਕ ਰਸਤੇ ਤੇ ਤੋਰਨ ਦਾ ਆਦੇਸ਼ ਕੀਤਾ ਗਿਆ ਹੈ । ਇਸ ਅਸੂਲ ਦੀ ਪਾਲਣਾ ਕਰਨ ਵਾਲਾ ਜੀਵ ਧੰਨ ਹੈ ਤੇ ਸਨਮਾਨ ਦਾ ਹੱਕਦਾਰ ਹੈ :

ਧੰਨੁ ਧੰਨੁ ਧੰਨੁ ਜਨੁ ਆਇਆ ॥ ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥
ਜਨ ਆਵਨ ਕਾ ਇਹੈ ਸੁਆਉ ॥ ਜਨ ਕੈ ਸੰਗਿ ਚਿਤਿ ਆਵੈ ਨਾਉ ॥
ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥
(ਰਾਗੁ ਗਉੜੀ ਸੁਖਮਨੀ ਸਾਹਿਬ)

ਕੀ ਆਧੁਨਿਕ ਯੁਗ ਦੀ ਵਿਗਿਆਨਕ ਵਿਚਾਰਧਾਰਾ ਇਸ ਨਤੀਜੇ ਤੇ ਨਹੀਂ ਪੁੱਜੀ ਕਿ ਮਨੁੱਖ ਸੁਆਰਥੀ ਨਾ ਹੋ ਕੇ ਸਮੂਹ ਮਾਨਵਵਾਦ ਦਾ ਦਰਦੀ ਤੇ ਹਿਤੈਸ਼ੀ ਹੋਣਾ ਚਾਹੀਦਾ ਹੈ ਜੋ ਦੂਸਰਿਆਂ ਦੇ ਦਰਦ ਨੂੰ ਆਪਣਾ ਦੁਖ ਸਮਝੇ:-

ਖੰਜਰ ਚਲੇ ਕਿਸੀ ਪੇ ਤੜਪਤੇ ਹੈ-ਹਮ ਅਮੀਰ
ਸਾਰੇ ਜਹਾਂ ਕਾ ਦਰਦ ਹਮਾਰੇ ਜਿਗਰ ਮੇਂ ਹੈ ।

(ਹ) ਨਿੱਜੀ-ਪੂਰਨਤਾ ਪ੍ਰਾਪਤ ਕਰਕੇ ਸਮੂਹ ਮਾਨਵਵਾਦ ਲਈ ਕਲਿਆਣਕਾਰੀ ਕੰਮ ਕਰਨ ਦਾ ਉਦੇਸ਼ ਸ੍ਵੈ-ਸਿੱਧ ਹੈ ਅਤੇ ਉਪਰੋਕਤ ਵਿਚਾਰ ਵਿਚ ਇਸ ਦਾ ਪੂਰਾ ਵੇਰਵਾ ਆ ਗਿਆ ਹੈ । ਹੁਣ ਨਿੱਜੀ-ਪੂਰਨਤਾ ਕਿਵੇਂ ਪ੍ਰਾਪਤ ਕੀਤੀ ਜਾਵੇ ਜੋ ਮਾਨਵਤਾ ਦੇ ਕਲਿਆਣ ਲਈ ਕਾਰਗਰ ਹੋਵੇ, ਇਹ ਪ੍ਰਸ਼ਨ ਸਾਡੇ ਸਾਹਮਣੇ ਵਿਚਾਰਗੋਚਰਾ ਹੈ । "ਜਪੁ ਜੀ ਸਾਹਿਬ" ਵਿਚ ਇਹ ਸਵਾਲ ਆਦਿ ਵਿਚ ਹੀ ਉਠਾਇਆ ਗਿਆ ਹੈ :

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥

ਸਚਿਆਰਾ ਬਣਨਾ ਪ੍ਰਥਮ ਮਨੋਰਥ ਹੈ । ਜੇਕਰ ਸੰਸਾਰ ਦੇ ਸਾਰੇ ਧਰਮਾਂ ਦਾ ਗਹੁ ਨਾਲ ਅਧਿਐਨ ਕੀਤਾ ਜਾਵੇ ਤਾਂ ਪਤਾ ਲੱਗੇਗਾ ਕਿ ਹਰ ਇਕ ਧਰਮ ਦੇ ਦੋ ਪ੍ਰਧਾਨ ਪੱਖ ਹਨ: ਸਦਾਚਾਰਕ ਤੇ ਦਾਰਸ਼ਨਿਕ । ਸਦਾਚਾਰਕ-ਪੂਰਨਤਾ ਪ੍ਰਥਮ ਹੈ । ਇਸ ਤੋਂ ਬਗੈਰ ਅਧਿਆਤਮਕ-ਮਾਰਗ ਵਲ ਵਧਣਾ ਸੰਭਵ ਨਹੀਂ । ਸਦਾਚਾਰੀ ਮਨੁੱਖ ਹੀ ਦਰਸ਼ਨ ਦੇ ਗਿਆਨ ਰਾਹੀਂ ਪਰਮਾਤਮਾ ਦੇ ਰਹੱਸ ਨੂੰ ਸਮਝ ਸੱਕਦਾ ਹੈ ਅਤੇ ਪ੍ਰਭੂ ਨਾਲ ਏਕਤਾ ਪ੍ਰਾਪਤ ਕਰ ਸਕਦਾ ਹੈ । ਉਸ ਲਈ ਪ੍ਰਭੂ ਦੇ ਹੁਕਮ ਵਿਚ ਰਹਿਣਾ ਤਾਂ ਜ਼ਰੂਰੀ ਹੈ, ਪਰ ਇਸ ਦੇ ਨਾਲ ਨਿੱਜੀ-ਸਖਸ਼ੀਅਤ ਨੂੰ ਚਮਕਾਉਣ ਲਈ, ਉਜੱਸਵੀ ਬਣਾਉਣ ਲਈ ਕਈ ਹੋਰ ਸਦਾਚਾਰਕ ਅਸੂਲਾਂ ਦੀ ਪਾਲਣਾ ਕਰਨੀ ਵੀ ਜ਼ਰੂਰੀ ਹੈ । ਜਿਵੇਂ :-

ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1245)

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 470)

ਛੋਡੀਲੇ ਪਾਖੰਡਾ ॥ ਨਾਮਿ ਲਇਐ ਜਾਹਿ ਤਰੰਦਾ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 471)

ਮੰਦਾ ਕਿਸੈ ਨਾ ਆਖਿ ਝਗੜਾ ਪਾਵਣਾ ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 566)

ਨਾਨਕ ਉਤਮੁ ਨੀਚੁ ਨ ਕੋਇ ॥ (ਜਪੁਜੀ)

ਉਪਰੋਕਤ ਗੁਣਾਂ ਨੂੰ ਜਿਸ ਮਨੁੱਖ ਨੇ ਮਨ ਵਸਾ ਲਿਆ ਤੇ ਆਪਣੇ ਅਮਲ ਸਵੱਛ ਬਣਾ ਲਏ ਉਸ ਦੀ ਆਂਤਰਿਕ-ਅਵਸਥਾ ਰੂਹਾਨੀ ਤੌਰ ਤੇ ਬੜੀ ਅਮੀਰ ਬਣ ਜਾਂਦੀ ਹੈ। ਇਸ ਅਮੀਰ ਹੋਈ ਆਂਤਰਿਕ-ਅਵਸਥਾ ਤੇ ਜਦ ਸਮਾਜੀ ਹਾਲਤਾਂ ਦਾ ਪ੍ਰਭਾਵ ਪੈਂਦਾ ਹੈ ਤਾਂ ਜੀਵ ਨੂੰ ਸਮਾਜ ਪ੍ਰਤੀਕਰਮ ਕਰਨ ਦੀ ਸੋਧ ਮਿਲਦੀ ਹੈ । ਉਹ ਸਮਾਜ ਦੇ ਦੁਖ ਦਰਦ ਤੋਂ ਅਭਿੱਜ ਨਹੀਂ ਰਹਿ ਸਕਦਾ । ਉਸ ਦਾ ਧਰਮ ਉਸ ਨੂੰ ਸਿਆਸੀ ਖੇਤਰ ਵਿਚ ਕਰਤਵ ਨਿਭਾਉਣ ਦੀ ਪ੍ਰੇਰਣਾ ਦੇਵੇਗਾ ਅਤੇ ਉਹ ਰਾਜਸੀ ਹਿੱਤਾਂ ਦੀ ਪੂਰਤੀ ਲਈ ਕੁਰਬਾਨੀ ਵੀ ਦੇ ਸਕਦਾ ਹੈ ਤੇ ਸ਼ਮਸ਼ੀਰ ਦੇ ਦਸਤੇ ਤੇ ਹੱਥ ਵੀ ਰੱਖ ਸਕਦਾ ਹੈ । ਸਿੱਖ ਧਰਮ ਵਿਚ ਇਸ ਅਸੂਲ ਤੇ ਚਲਦਿਆਂ ਧਰਮ ਤੇ ਸਿਆਸਤ ਇਕ ਹੋਈ ਸਪੱਸ਼ਟ ਦੇਖੀ ਜਾ ਸਕਦੀ ਹੈ । ਕੀ ਇਹ ਅਸੂਲ ਅਜੋਕੇ ਯੁੱਗ ਵਿਚ ਸਪੱਸ਼ਟ ਤੌਰ ਤੇ ਨਿਭਾਇਆ ਨਹੀਂ ਜਾ ਰਿਹਾ ? ਆਪਣੇ ਹੱਕਾਂ ਲਈ ਦਲਿਤ, ਮਿਧੇ ਹੋਏ ਦੁਖੀ ਤੇ ਲਾਚਾਰ ਲੋਕ ਆਵਾਜ਼ ਉਠਾਂਦੇ ਹਨ, ਅੰਦੋਲਨ ਕਰਦੇ ਹਨ, ਪਰ ਅੰਤ ਵਿਚ ਜੇ ਸਫਲਤਾ ਨਾ ਮਿਲੇ ਤਾਂ ਸੰਘਰਸ਼ ਅਤਿ ਤੀਬਰ ਰੂਪ ਧਾਰਨ ਕਰ ਜਾਂਦਾ ਹੈ । ਸ਼ਕਤੀ ਤੇ ਭਗਤੀ ਦਾ ਇਹ ਸੁਮੇਲ ਹੈ ਜੋ 'ਮੀਰੀ ਪੀਰੀ' ਤੋਂ ਆਰੰਭ ਹੋ ਕੇ ਅਜੋਕੇ ਯੁੱਗ ਵਿਚ ਵੀ ਪੂਰੀ ਪਕਿਆਈ ਨਾਲ ਕਾਇਮ ਹੈ ।

(ਕ) ਸਮੁੱਚੇ ਗੁਰੂ-ਕਾਲ ਨੂੰ ਵਾਚਿਆ ਤਿੰਨ ਮਹਾਨ ਪੜਾਅ ਦ੍ਰਿਸ਼ਟੀਗੋਚਰ ਹੁੰਦੇ ਹਨ ਜੋ ਵਿਚਾਰ ਤੇ ਅਮਲ ਦੇ ਸੁਮੇਲ ਰਾਹੀਂ ਰੂਪਮਾਨ ਹੁੰਦੇ ਹਨ । ਇਹ ਹਨ: ਵਿਚਾਰਾਤਮਕ ਤੇ ਸਿਧਾਂਤਕ ਪੜਾ, ਕੁਰਬਾਨੀ ਦਾ ਪੜਾ ਅਤੇ ਕ੍ਰਾਂਤੀਕਾਰੀ ਅੰਦੋਲਨ ਦਾ ਪੜਾ । ਤਿੰਨੇ ਹੀ ਪੜਾ ਇਕ ਦੂਸਰੇ ਵਿਚੋਂ ਬੜੇ ਕੁਦਰਤੀ ਤੇ ਸਹਿਜ ਢੰਗ ਨਾਲ ਪੈਦਾ ਹੁੰਦੇ ਹਨ । ਆਰੰਭਕ ਪੱਧਰ ਤੇ ਗੁਰੂ ਨਾਨਕ ਦੇਵ ਜੀ ਦੁਆਰਾ ਵਿਸ਼ੇਸ਼ ਪ੍ਰਕਾਰ ਦੀ ਜਾਗ੍ਰਿਤੀ ਪੈਦਾ ਕਰਨ ਲਈ ਸਿਧਾਂਤ ਦਾ ਪ੍ਰਚਾਰ ਸ਼ੁਰੂ ਹੋਇਆ, ਜਿਸ ਦਾ ਮੂਲ ਮਨੋਰਥ ਜਨ-ਸਾਧਾਰਣ ਵਿਚ ਜਾਗ੍ਰਿਤੀ

ਪੈਦਾ ਕਰਕੇ ਉਨ੍ਹਾਂ ਨੂੰ ਜ਼ੁਲਮ ਵਿਰੁਧ ਲੜਨ ਲਈ ਮਾਨਸਿਕ ਤੌਰ ਤੇ ਤਿਆਰ ਕਰਨਾ ਸੀ । ਇਸ ਮਨੋਰਥ ਲਈ ਹਿੰਦੂਆਂ ਤੇ ਮੁਸਲਮਾਨਾਂ ਦੇ ਧਾਰਮਿਕ ਪਾਖੰਡ , ਰਾਜਸੀ ਜ਼ੁਲਮ ਨੂੰ ਨਿੰਦਿਆ ਗਿਆ । ਬਾਬਰ ਦੇ ਹੱਲੇ ਤੋਂ ਪੈਦਾ ਹੋਈ ਤਬਾਹੀ, ਕਾਜ਼ੀਆਂ ਦੀ ਰਿਸ਼ਵਤ ਤੇ ਹੱਕ ਦੀ ਗੱਲ ਗੁਆ ਦੇਣ ਦੀ ਕਹਾਣੀ ਤੇ ਬ੍ਰਾਹਮਣਾਂ ਦੀ ਲੁੱਟ ਕਸੁੱਟ ਤੇ ਪਤਨਸ਼ੀਲ ਅਵਸਥਾ, ਗੁਰੂ ਸਾਹਿਬਾਨ ਦੀ ਕਠੋਰ ਆਲੋਚਨਾ ਦੇ ਪਾਤਰ ਬਣੇ । ਮਨੋਰਥ ਜਨ-ਸਾਧਾਰਣ ਨੂੰ ਜ਼ੁਲਮ ਵਿਰੁਧ ਜਾਗ੍ਰਿਤ ਕਰਨਾ ਸੀ । ਜਨ-ਸਾਧਾਰਣ ਨੂੰ ਸੰਸਾਰਕ, ਦੰਭੀ ਤੇ ਫਰੇਬੀ, ਝੂਠੇ ਪਾਤਸ਼ਾਹਾਂ ਤੋਂ ਬੇ-ਮੁਖ ਹੋਣ ਅਤੇ ਉੱਚੇ ਸੁੱਚੇ, ਸੱਚੇ ਪਾਤਸ਼ਾਹ ਭਾਵ ਪਰਮਾਤਮਾ ਤੇ ਭਰੋਸਾ ਰੱਖਣ ਬਾਰੇ ਪ੍ਰੇਰਣਾ ਦਿੱਤੀ ਗਈ । ਇਸ ਵਿਚਾਰਤਮਕ-ਪੱਖ ਨੂੰ ਪ੍ਰਚੰਡ ਬਣਾਉਣ ਲਈ ਗੁਰੂ ਅਰਜਨ ਦੇਵ ਜੀ ਨੇ ਮਹਾਨ ਕੁਰਬਾਨੀ ਦਿੱਤੀ ਤੇ ਹਾਲਾਤ ਸਾਜਗਾਰ ਦੇਖ ਕੇ ਛੇਵੀਂ ਪਾਤਸ਼ਾਹੀ ਨੇ ਹਥਿਆਰ ਚੁਕ ਲਏ, ਫੌਜਾਂ ਲਾਮਬੰਦ ਕੀਤੀਆਂ ਤੇ ਮੁਗਲਾਂ ਨਾਲ ਲੜਾਈਆਂ ਆਰੰਭੀਆਂ । ਇਹੋ ਅਮਲ ਦੁਬਾਰਾ ਫੇਰ ਸ਼ੁਰੂ ਹੋਇਆ । ਸਿਧਾਂਤਕ ਪ੍ਰਚਾਰ, ਗੁਰੂ ਤੇਗ ਬਹਾਦਰ ਜੀ ਦੁਆਰਾ ਅਦੁੱਤੀ ਕੁਰਬਾਨੀ ਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਫੌਜਾਂ ਇਕੱਠੀਆਂ ਕਰਕੇ ਤਲਵਾਰ ਚੁਕਣੀ । ਗੁਰੂ ਕਾਲ ਵਿਚ ਇਹ ਤਿੰਨ ਮਹਾਨ ਪੜਾ ਪ੍ਰਤੱਖ ਦ੍ਰਿਸ਼ਟੀਗੋਚਰ ਹੁੰਦੇ ਹਨ ਜੋ ਅਜੋਕੇ ਸਮੇਂ ਵਿਚ ਬੜਾ ਪ੍ਰਭਾਵੀ ਪੈਂਤਰਾ ਹੈ ਅਤੇ ਹਰ ਇਕ ਸਿਆਸੀ ਪਾਰਟੀ ਇਸ ਤੇ ਅਮਲੀ ਤੌਰ ਤੇ ਭਰੋਸਾ ਰੱਖਦੀ ਹੈ । ਕਿਸੇ ਵੀ ਅੰਦੋਲਨ ਦੀ ਬੁਨਿਆਦ ਇਨ੍ਹਾਂ ਤਿੰਨਾਂ ਆਧਾਰਾਂ ਉਪਰ ਟਿੱਕੀ ਹੁੰਦੀ ਹੈ ।

(ਖ) ਕਈ ਹੋਰ ਸੰਕਲਪ ਜੋ ਪੁਰਾਤਨ ਸਮੇਂ ਵਿਚ ਅਪਣਾਏ ਗਏ ਸਨ, ਅਜੋਕੇ ਯੁਗ ਵਿਚ ਵੀ ਪ੍ਰਭਾਵੀ ਤੇ ਸ਼ੋਭਾ ਯੋਗ ਹਨ । ਉਦਾਹਰਣ ਵਜੋਂ ਜਾਗੀਰਦਾਰੀ ਯੁਗ ਵਿਚ ਇਸਤਰੀ ਦੀ ਕੋਈ ਕੀਮਤ ਨਹੀਂ ਸਮਝੀ ਜਾਂਦੀ । ਉਹ ਮਰਦ ਦੀ ਐਸ਼-ਪ੍ਰਸਤੀ ਦਾ ਸਾਧਨ ਤੇ ਗੁਲਾਮੀ ਵਿਚ ਰਹਿਣ ਵਾਲੀ ਦਾਸੀ ਸਮਝੀ ਜਾਂਦੀ ਸੀ । ਗੁਰੂ ਸਾਹਿਬ ਨੇ ਇਸ ਵਿਰੁਧ ਆਵਾਜ਼ ਉਠਾਈ:

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥ ਭੰਡੁ ਮੁਆ ਭੰਡੁ ਭਾਲੀਐ
ਭੰਡਿ ਹੋਵੈ ਬੰਧਾਨੁ ॥ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 473)

ਸਾਮੰਤਸ਼ਾਹੀ ਤੇ ਜਾਗੀਰਦਾਰੀ ਨਿਜ਼ਾਮ ਵਿਚ ਇਸਤਰੀ ਵੀ ਦੂਸਰੀਆਂ ਵਸਤਾਂ ਵਾਂਗ ਇਕ ਮਲਕੀਅਤ ਸੀ, ਕੇਵਲ ਵਰਤਣ ਦੀ ਸ਼ੈ । ਉਸ ਲਈ ਨਿਸਚਿਤ ਕਰਮ ਮਰਦ ਦੀ ਸੇਵਾ ਤੇ ਅਧੀਨਗੀ ਸੀ । ਆਧੁਨਿਕ ਯੁੱਗ ਵਿਚ ਸਰਮਾਏਦਾਰੀ ਨਿਜ਼ਾਮ ਵਿਚ ਇਸਤਰੀ ਨੂੰ ਸਨਮਾਨ ਦੇਣ ਦੀ ਰੁਚੀ ਅਪਨਾਈ ਗਈ ਹੈ । ਉਸ ਨੂੰ ਚੰਗਾ-ਅੱਧ ਕਿਹਾ ਜਾਂਦਾ ਹੈ ਤੇ ਹਰ ਥਾਂ ਪ੍ਰਥਮ ਸਥਾਨ ਤੇ ਆਦਰ ਦਿੱਤਾ ਜਾਂਦਾ ਹੈ । ਪਰ ਇਹ ਉਸ ਨੂੰ ਸੋਹਲ, ਨਾਜ਼ੁਕ ਤੇ ਪ੍ਰਭਾਵੀ ਆਕਾਰ ਵਾਲੀ ਕਾਮ-ਤ੍ਰਿਪਤੀ ਦਾ ਸੋਮਾ ਸਮਝ ਕੇ ਕੀਤਾ ਜਾਂਦਾ ਹੈ , ਇਕ ਹਸੀਨ ਸਾਥ ਮਾਣਨ ਦੀ ਰੁਚੀ ਅਧੀਨ । ਇਸਤਰੀ ਨੂੰ ਆਜ਼ਾਦੀ, ਬਰਾਬਰੀ ਤੇ ਖੁਦਮੁਖਤਾਰੀ ਦਾ ਦਰਜਾ ਨਹੀਂ ਦਿੱਤਾ ਗਿਆ । ਸਾਮਰਾਜੀ ਕਲਚਰ ਇਸਤਰੀ ਦਾ ਸਨਮਾਨ ਆਪਣੇ ਨਿਜੀ ਕਲਚਰ ਦੇ ਸੂਖਮ ਤੇ ਸੋਹਣੇ ਪੱਖਾਂ ਨੂੰ ਪ੍ਰਗਟਾਉਣ ਲਈ ਦਿਖਾਵੇ ਵਜੋਂ ਕਰਦਾ ਹੈ, ਦਿਲੋਂ ਨਹੀਂ । ਸਾਥੀਪਨ ਤੇ ਜੀਵਨ-ਸਾਥ ਦਾ ਜਜ਼ਬਾ ਗੈਰਹਾਜ਼ਰ ਹੁੰਦਾ ਹੈ । ਨਿਕੀ ਜਿਹੀ ਗੱਲ

ਤੋਂ ਬੇ-ਸ਼ੁਮਾਰ ਤਲਾਕ ਇਸ ਗੱਲ ਦੀ ਸਾਖੀ ਭਰਦੇ ਹਨ ਕਿ ਸਰਮਾਏਦਾਰੀ ਸਮਾਜ ਵਿਚ ਓਪਰਾ ਤੇ ਬਾਹਰੀ ਦਿਖਾਵਾ ਪ੍ਰਧਾਨ ਹੈ । ਗੁਰੂ ਸਾਹਿਬ ਨੇ ਇਸਤਰੀ ਦੇ ਉਥਾਨ ਲਈ ਬੜੇ ਦਲੀਲ ਭਰਪੂਰ ਢੰਗ ਨਾਲ ਨਸੀਹਤ ਕੀਤੀ ਹੈ ਜੋ ਅਜੋਕੇ ਸਮਾਜ ਵਿਚ ਵੀ ਉਪਯੋਗੀ ਹੈ ।

ਅਜੋਕੇ ਯੁੱਗ ਵਿਚ ਗੁਰੂ ਕਾਲ ਦੀਆਂ ਸਾਰੀਆਂ ਹੀ ਸਿਖਿਆਵਾਂ ਬੜੇ ਪ੍ਰਭਾਵੀ ਢੰਗ ਨਾਲ ਮੌਜੂਦ ਹਨ । ਸ਼੍ਰੇਣੀ-ਰਹਿਤ ਸਮਾਜ, ਸੰਗਤ ਦੀ ਪ੍ਰਥਾ, ਸਾਂਝੀਵਾਲਤਾ ਤੇ ਮਾਨਵਵਾਦੀ ਦ੍ਰਿਸ਼ਟੀਕੋਣ ਜੋ ਗੁਰੂ ਸਾਹਿਬ ਦੀਆਂ ਸਿਖਿਆਵਾਂ ਦੇ ਮੂਲ-ਮਨੋਰਥ ਸਨ, ਅਜੋਕੇ ਵਿਗਿਆਨਕ ਯੁਗ ਵਿਚ ਵੀ ਇਹ ਸੰਕਲਪ ਨਿਖਰਵੇਂ ਰੂਪ ਵਿਚ ਮਿਲਦੇ ਹਨ ਤੇ ਬਲਵਾਨ ਹੋ ਰਹੇ ਹਨ ।

ਉਪਰੋਕਤ ਵਿਚਾਰ ਤੋਂ ਪਤਾ ਲੱਗਦਾ ਹੈ ਕਿ ਗੁਰੂ ਸਾਹਿਬ ਦੇ ਬਹੁਪੱਖੀ ਤੇ ਵਿਗਿਆਨਕ ਨੁਹਾਰ ਦੇ ਵਿਚਾਰ ਕਿਵੇਂ ਅਜੋਕੇ ਯੁੱਗ ਵਿਚ ਸਾਰਥਕ ਹਨ । ਜਾਤ-ਪਾਤ, ਸ਼੍ਰੇਣੀ-ਰਹਿਤ ਸਮਾਜ ਦਾ ਸੰਕਲਪ, ਮਾਨਵਵਾਦ ਦਾ ਆਦਰਸ਼, ਪੰਜ-ਪਿਆਰਿਆਂ ਤੇ ਸਾਧ-ਸੰਗਤ ਦੇ ਸਰੂਪ ਦੀ ਸਥਾਪਨਾ, ਸਾਂਝੀਵਾਲਤਾ ਦਾ ਆਦਰਸ਼ ਆਦਿਕ ਵਿਚਾਰ-ਪੱਖ ਜੋ ਗੁਰੂ ਸਾਹਿਬਾਨ ਨੇ ਪ੍ਰਚਲਿਤ ਕੀਤੇ ਸਨ, ਅੱਜ ਪੂਰਨ ਰੂਪ ਵਿਚ ਪ੍ਰਵਾਨ ਕੀਤੇ ਗਏ ਹਨ ।

ਮਾਰਕਸਵਾਦ ਦਾ ਮੰਨਣਾ ਹੈ ਕਿ ਧਰਮ ਮਨੁੱਖ ਦੇ ਉਦਮ ਨੂੰ ਰੋਕਦਾ ਹੈ, ਉਸ ਨੂੰ ਪ੍ਰਭੂ ਦੀ ਰਜ਼ਾ ਤੇ ਸੰਤੁਸ਼ਟ ਰਹਿਣ ਦੀ ਪ੍ਰੇਰਣਾ ਦੇਂਦਾ ਹੈ ਤੇ ਆਪਣੇ ਹਿੱਤਾਂ ਲਈ ਲੁੱਟ ਕਸੁੱਟ ਵਿਰੁਧ ਕ੍ਰਾਂਤੀ ਮਚਾਣ ਤੋਂ, ਸੰਘਰਸ਼ ਕਰਨ ਤੋਂ ਰੋਕਦਾ ਹੈ । ਅਸਲ ਵਿਚ ਇਹ ਵਿਸ਼ਵਾਸ਼ ਗਲਤ ਹੈ । ਇਸ ਦਾ ਵੱਡਾ ਕਾਰਣ ਮਾਰਕਸਵਾਦੀਆਂ ਦੁਆਰਾ ਅਸੂਲ ਘੜਨ ਦੀ ਗ਼ਲਤ ਬੁਨਿਆਦ ਹੈ । ਰੋਮਨ ਸਮਾਜ ਵਿਚ ਉਨ੍ਹਾਂ ਨੇ ਧਰਮ ਦੀ ਪਤਨਸ਼ੀਲ ਅਵਸਥਾ ਨੂੰ ਦੇਖਿਆ ਸੀ, ਜਦ ਕਿ ਪੋਪ ਲੋਕਾਂ ਨੂੰ ਗੁਨਾਹ ਮੁਆਫ ਕਰਵਾਣ ਤੇ ਸਵਰਗ ਵਿਚ ਸੀਟਾਂ ਬੁਕ ਕਰਵਾਣ ਲਈ ਪਰਵਾਨੇ ਵੇਚ ਰਿਹਾ ਸੀ । ਜਿੰਨੀ ਕੀਮਤ ਦੇ ਇਹ ਪਰਵਾਨੇ ਕੋਈ ਖਰੀਦ ਕਰਦਾ, ਉਸ ਮੁਤਾਬਕ ਉਸ ਦੇ ਗੁਨਾਹ ਮੁਆਫ ਹੋ ਜਾਣ ਦਾ ਵਿਸ਼ਵਾਸ਼ ਪੈਦਾ ਕੀਤਾ ਗਿਆ ਸੀ। ਇਸ ਤਰ੍ਹਾਂ ਦੀ ਧਾਰਮਿਕ ਅਧੋਗਤੀ ਨੂੰ ਦੇਖ ਕੇ ਮਾਰਕਸਵਾਦੀਆਂ ਨੇ ਕਈ ਸੰਕਲਪ ਬਣਾਏ ਤੇ ਧਰਮ ਨੂੰ ਲੋਕਾਂ ਲਈ ਅਫੀਮ ਦੱਸਿਆ ਤੇ ਆਤਮਾ ਦੀ ਹੋਂਦ ਨੂੰ ਨਕਾਰਿਆ । ਗੁਰੂ ਸਾਹਿਬਾਨ ਦਾ ਪੂਰਾ ਜੀਵਨ ਸੰਘਰਸ਼ਸ਼ੀਲ ਤੇ ਕ੍ਰਾਂਤੀਕਾਰੀ ਸੀ । ਉਨ੍ਹਾਂ ਮਹਾਨ ਕੁਰਬਾਨੀਆਂ ਦੇ ਕੇ, ਅਕਹਿ ਦੁਖ ਸਹਿਨ ਕਰਕੇ ਧਰਮ-ਹੇਤ ਸਾਕੇ ਕੀਤੇ ਅਤੇ ਸਾਂਝੀਵਾਲਤਾ ਤੇ ਮਾਨਵਵਾਦੀ ਕਦਰਾਂ ਨਾਲ ਓਤ ਪਰੋਤ ਧਰਮ ਦ੍ਰਿੜ੍ਹ ਕਰਵਾਇਆ । ਇਹ ਸੰਘਰਸ਼ਮਈ ਧਾਰਮਿਕ ਜੀਵਨ ਕਰੀਬ ਤਿੰਨ ਸੌ ਸਾਲ ਚਲਦਾ ਰਿਹਾ । ਇਸ ਜੀਵਨ ਸੰਘਰਸ਼ ਤੇ ਇਸ ਦੁਆਰਾ ਕੀਤੇ ਗਏ ਨਿਸ਼ਚਿਤ ਸਿਧਾਂਤ ਅਜੋਕੇ ਯੁਗ ਦੀ ਪ੍ਰਮਾਣੀਕ ਵਿਚਾਰਧਾਰਾ ਨਾਲ ਹੂ ਬ ਹੂ ਮੇਲ ਖਾਂਦੇ ਹਨ । ਕੀ ਇਹ ਜੀਵਨ ਸੰਘਰਸ਼ ਤੋਂ ਸੱਖਣਾ ਤੇ ਜਨ-ਸਾਧਾਰਣ ਲਈ ਅਫੀਮ ਸੀ ਜਾਂ ਚੜ੍ਹਦੀ ਕਲਾ ਵਿਚ ਰਹਿ ਕੇ ਘੋਲ ਕਰਨ ਲਈ ਜੀਵਨ-ਅੰਮ੍ਰਿਤ ਸੀ । ਗੁਰੂ-ਸਾਹਿਬਾਨ ਦਾ ਅਮਲੀ ਜੀਵਨ ਮਾਰਕਸਵਾਦੀ ਸਿਧਾਂਤ ਨੂੰ ਪੂਰਨ ਤੌਰ 'ਤੇ ਨਕਾਰਦਾ ਹੈ । ਸੋ ਅਜੋਕੇ ਸਮੇਂ ਵਿਚ ਸਿੱਖ ਧਰਮ ਤਾਂ ਸਥਾਈ ਤੇ ਸਾਰਥਕ ਹੈ, ਪਰ ਮਾਰਕਸਵਾਦ ਸਮੇਂ ਦਾ ਹਾਣੀ ਨਹੀਂ ਹੈ, ਪਿਛੜ ਗਿਆ ਹੈ ਤੇ ਕਮਜ਼ੋਰ ਪੈ ਗਿਆ ਹੈ । ਇਤਿਹਾਸ ਦੇ ਇਸ ਫੈਸਲੇ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ ।

ਮੌਤ ਜੀਵਨ ਦਾ ਅੰਤ ਹੈ ਜਾਂ ਜੀਵਨ ਇਕ ਨਿਰੰਤਰ ਪਰਵਾਹ ਹੈ, ਆਤਮਿਕ ਤੌਰ 'ਤੇ ਅਮਰ ਹੈ, ਇਹ ਬਹਿਸ ਵੀ ਬੜੀ ਦਿਲਚਸਪ ਹੈ ਅਤੇ ਇਸ ਵਿਚ ਵੀ ਮਾਰਕਸਵਾਦ ਝੂਠਾ ਤੇ ਊਣਾ ਸਿੱਧ ਹੁੰਦਾ ਹੈ। ਮਾਰਕਸਵਾਦ ਅਨੁਸਾਰ ਮਨੁੱਖੀ ਚੇਤਨਾ ਸਰੀਰ ਦੇ ਅੰਗਾਂ ਵਿਚ ਪੈਦਾ ਹੋਏ ਕੈਮੀਕਲ ਐਕਸ਼ਨ ਦੁਆਰਾ ਕਸ਼ੀਦ ਹੋ ਕੇ ਬਣਦੀ ਹੈ ਜੋ ਸਮੁੱਚੇ ਸਰੀਰ ਦੀ ਸੰਚਾਲਕ ਸ਼ਕਤੀ ਬਣਦੀ ਹੈ ਅਤੇ ਮਾਦੀ ਸਰੀਰ ਨੂੰ ਕੰਟਰੋਲ ਕਰਦੀ ਹੈ। ਇਹ ਅਮਲ ਬਿਲਕੁਲ ਉਸ ਭਾਂਤ ਦਾ ਹੈ, ਜਿਵੇਂ ਸ਼ਰਾਬ ਵੱਖੋ ਵੱਖ ਸਮੱਗਰੀ ਤੋਂ ਕਸ਼ੀਦ ਹੋ ਕੇ ਬਣਦੀ ਹੈ, ਪਰ ਸ਼ਰਾਬ ਉਸ ਸਮਗਰੀ ਤੋਂ ਬਿਲਕੁਲ ਭਿੰਨ ਹੁੰਦੀ ਹੈ, ਜਿਸ ਤੋਂ ਇਹ ਬਣਦੀ ਹੈ। ਇੰਜ ਹੀ ਚੇਤਨਾ ਇਸ ਮਾਦੀ ਸਰੂਪ ਤੋਂ ਬਿਲਕੁਲ ਭਿੰਨ ਹੁੰਦੀ ਹੈ, ਜਿਸ ਤੋਂ ਇਹ ਬਣਦੀ ਹੈ। ਇਹ ਮਾਦੇ ਤੋਂ ਬਣਦੀ ਹੈ, ਪਰ ਇਹ ਗੈਸ ਨਹੀਂ ਹੁੰਦੀ। ਪਾਣੀ ਅਤੇ ਗੈਸਾਂ ਦੀ ਪਰਖ ਦੇ ਨੇਮ ਵੱਖਰੇ ਵੱਖਰੇ ਹੁੰਦੇ ਹਨ। ਇੰਜ ਹੀ ਮਾਦੀ ਸਰੀਰ ਤੇ ਉਪਰ ਤੇ ਇਕ ਦੂਜੇ ਦੇ ਨੇਮ ਲਾਗੂ ਨਹੀਂ ਕੀਤੇ ਜਾ ਸਕਦੇ। ਆਤਮਾ ਮਾਦੇ ਤੋਂ ਬਣਦਾ ਹੈ, ਪਰ ਮਾਦਾ ਨਹੀਂ। ਇਸ ਲਈ ਜੀਵ ਦੀ ਮੌਤ ਉਪਰ ਮਾਦੇ ਦੇ ਨੇਮ ਲਾਗੂ ਕਰਕੇ ਜੇ ਆਤਮਾ ਦੀ ਮੌਤ ਦੱਸੀ ਜਾਵੇ ਤਾਂ ਇਹ ਵੱਡੀ ਭੁਲ ਹੋਵੇਗੀ। ਮਾਦੇ ਦੇ ਅਸੂਲ ਤਾਂ ਆਤਮਾ ਉਪਰ ਲਾਗੂ ਹੀ ਨਹੀਂ ਕੀਤੇ ਜਾ ਸਕਦੇ, ਜਿਵੇਂ ਗੈਸਾਂ ਦੇ ਨੇਮ ਪਾਣੀ ਤੇ ਲਾਗੂ ਨਹੀਂ ਹੁੰਦੇ ਜਾਂ ਸ਼ਰਾਬ ਦੇ ਲਛਣ ਉਸ ਸਮਗਰੀ ਵਾਲੇ ਨਹੀਂ ਹੁੰਦੇ, ਜਿਸ ਤੋਂ ਇਹ ਬਣੀ ਹੁੰਦੀ ਹੈ। ਇਸ ਵਿਚਾਰ ਦੀ ਰੋਸ਼ਨੀ ਵਿਚ ਇਹ ਕਹਿਣਾ ਗਲਤ ਹੋਵੇਗਾ ਕਿ ਮੌਤ, ਜੀਵਨ ਦਾ ਮੁਕੰਮਲ ਅੰਤ ਹੈ। ਜੀਵਨ ਦੇ ਦੋ ਭਾਗ ਹਨ; ਮਾਦਾ ਸਰੀਰ ਤੇ ਆਤਮਾ ਜੋ ਇਸ ਦੀ ਕੰਟਰੋਲਿੰਗ ਸ਼ਕਤੀ ਹੈ।

ਗੁਰੂ ਸਾਹਿਬ ਦੇ ਕਈ ਵਿਚਾਰ ਵਿਗਿਆਨ ਨੂੰ ਵੀ ਪਿਛੇ ਪਾਉਂਦੇ ਹਨ ਅਤੇ ਅਜੋਕੇ ਸਮੇਂ ਦੇ ਗਿਆਨ ਵਿਗਿਆਨ ਨੂੰ ਮਾਤ ਦੇਂਦੇ ਹਨ। ਵਿਗਿਆਨ ਅਨੁਸਾਰ ਪਾਣੀ ਆਦਿ ਵਿਚ ਮੌਜੂਦ ਸੀ, ਜਿਸ ਤੋਂ ਜੀਵਨ ਬਣਿਆ ਤੇ ਹੋਰ ਉਤਪਤੀ ਹੋਈ। ਪਰ ਗੁਰੂ ਜੀ ਅਨੁਸਾਰ ਪਹਿਲਾਂ ਹਵਾ ਸੀ, ਕਿਉਂ ਜੋ ਪਾਣੀ ਤਾਂ ਦੋ ਗੈਸਾਂ ਮਿਲ ਕੇ ਬਣਦਾ ਹੈ। ਪਾਣੀ ਦੀ ਹੋਂਦ ਹਵਾ ਤੋਂ ਹੈ। ਇੰਜ ਹੀ "ਪਾਤਾਲਾ ਪਾਤਾਲ ਲਖ ਆਗਾਸਾ ਆਗਾਸ" ਦਾ ਸੰਕਲਪ ਕਿੰਨਾ ਵਿਗਿਆਨਕ ਸੀ ਜੋ ਗੁਰੂ ਸਾਹਿਬ ਨੇ ਅੱਜ ਤੋਂ ਕਰੀਬ 600 ਸਾਲ ਪਹਿਲਾਂ ਪੇਸ਼ ਕੀਤਾ ਸੀ। ਇਥੇ ਇਹ ਗੱਲ ਚੇਤੇ ਰਹੇ ਕਿ ਨਵੀਨ ਵਿਗਿਆਨ ਸੂਝ ਤੇ ਵਿਚਾਰ ਮਸ਼ੀਨੀ ਯੁਗ ਤੇ ਸਨਅਤੀਕਰਣ ਵੀ ਦੇਣ ਹਨ। ਮਸ਼ੀਨ ਦੀ ਆਮਦ ਨਾਲ ਹੀ ਤਰਕਸ਼ੀਲ ਤੇ ਵਿਗਿਆਨਕ-ਵਿਚਾਰ ਹੋਂਦ ਵਿਚ ਆਉਣੇ ਹਨ- ਇਹ ਇਕ ਵਿਗਿਆਨਕ ਸਚਾਈ ਹੈ। ਪਰ 14ਵੀਂ 15ਵੀਂ ਸਦੀ ਵਿਚ ਜਦ ਕਿ ਮਸ਼ੀਨਰੀ ਦਾ ਪੂਰਨ ਅਭਾਵ ਸੀ, ਗੁਰੂ ਸਾਹਿਬ ਦੁਆਰਾ ਵਿਗਿਆਨਕ ਤੇ ਪ੍ਰਗਤੀਸ਼ੀਲ ਵਿਚਾਰ ਪੇਸ਼ ਕਰਨੇ ਬੜੇ ਅਚੰਭੇ ਵਾਲੀ ਗੱਲ ਹੈ ਅਤੇ ਇਹ ਵਿਚਾਰ ਤੇ ਸਿਖਿਆਵਾਂ ਇਕੀਵੀਂ ਸਦੀ ਵਿਚ ਵੀ ਸਾਰਥਕ ਹਨ ਤੇ ਸਨਮਾਨਯੋਗ ਹਨ, ਸਾਡੀ ਹੈਰਾਨੀ ਵਿਚ ਹੋਰ ਵੀ ਵਾਧਾ ਕਰਦੀਆਂ ਹਨ। ਯੁੱਗ ਪੁਰਸ਼ ਅਮਰ ਸਚਾਈਆਂ ਹੀ ਪੇਸ਼ ਕਰਦੇ ਹਨ ਜੋ ਆਪਣੇ ਸਮੇਂ ਤੋਂ ਅਗਾਂਹ ਦੀਆਂ ਗੱਲਾਂ ਹੁੰਦੀਆਂ ਹਨ ਅਤੇ ਅਮਰਤਾ ਤੇ ਚਿਰਜੀਵਤਾ ਦੀਆਂ ਲਖਾਇਕ ਹੁੰਦੀਆਂ ਹਨ। ਇਹ ਹਮੇਸ਼ਾਂ ਹਮੇਸ਼ਾਂ ਲਈ ਸਾਰਥਕ ਰਹਿੰਦੀਆਂ ਹਨ ਤੇ ਮਾਨਵਤਾ ਦੀ ਅਗਵਾਈ ਕਰਦੀਆਂ ਹਨ।

# ਮੀਰੀ-ਪੀਰੀ ਦੇ ਸਹੀ ਅਰਥਾਂ ਨੂੰ ਸਮਝਣ ਦੀ ਲੋੜ

ਡਾ. ਮੇਵਾ ਸਿੰਘ ਸਿੱਧੂ

ਮੀਰੀ ਤੇ ਪੀਰੀ ਫ਼ਾਰਸੀ ਦੇ ਦੋ ਸ਼ਬਦਾਂ ਦਾ ਇਕ ਜੁਟ ਹੈ, ਜਿਹੜਾ ਮਿਲ ਕੇ ਇਕ ਵਿਸ਼ੇਸ਼ ਸੰਕਲਪ ਦਾ ਪਰਦਰਸ਼ਨ ਕਰਦਾ ਹੈ, ਪਰ ਇਸ ਦਾ ਭਗਤੀ ਤੇ ਸ਼ਕਤੀ ਨਾਲ ਉਕਾ ਹੀ ਮੇਲ ਨਹੀਂ ਬਣਦਾ । ਸਾਡੇ ਬਹੁਤ ਸਾਰੇ ਵਿਦਵਾਨ ਮੀਰੀ ਨੂੰ ਸ਼ਕਤੀ ਅਤੇ ਪੀਰੀ ਨੂੰ ਭਗਤੀ ਨਾਲ ਰਲ ਗਡ ਹੀ ਨਹੀਂ ਕਰਦੇ, ਸਗੋਂ ਇਕੋ ਸਮਝਦੇ ਤੇ ਪ੍ਰਗਟਾਉਂਦੇ ਹਨ । ਜੇਕਰ ਰਤਾ ਕੁ ਧਿਆਨ ਨਾਲ ਦੇਖਿਆ ਜਾਵੇ ਤਾਂ ਗੱਲ ਭਲੀ ਭਾਂਤ ਸਪੱਸ਼ਟ ਹੈ ਕਿ 'ਮੀਰ' ਸ਼ਬਦ ਇਸਲਾਮੀ ਪਰੰਪਰਾ ਵਿਚ ਰਾਜਸੀ ਸ਼ਕਤੀ ਸੰਪੰਨ ਵਿਅਕਤੀ ਲਈ ਵਰਤਿਆ ਮਿਲਦਾ ਹੈ। ਮੀਰ ਦਾ ਤਖ਼ੱਲਸ ਕੇਵਲ ਉਸੇ ਵਿਅਕਤੀ ਵਿਸ਼ੇਸ਼ ਲਈ ਵਰਤੀਂਦਾ ਹੈ, ਜਿਹੜਾ ਵਿਸ਼ੇਸ਼ ਪਰੰਪਰਾ ਅਨੁਸਾਰ ਰਾਜਸੀ ਅਧਿਕਾਰਾਂ ਦਾ ਮਾਲਕ ਹੋਵੇ ਤੇ ਅਜਿਹੇ ਵਿਅਕਤੀ ਦੇ ਘਰ ਜਨਮਿਆ ਵਿਅਕਤੀ ਹੀ ਅਗੇ ਮੀਰ ਦੀ ਪਦਵੀ ਦਾ ਅਧਿਕਾਰੀ ਬਣਦਾ ਹੈ । ਜਦੋਂ ਕਿ 'ਸ਼ਕਤੀ' ਬੇਸ਼ਕ ਕਿਸੇ ਵੀ ਰੂਪ ਦੀ ਹੋਵੇ, ਇਹ ਹਥਿਆਈ ਵੀ ਜਾ ਸਕਦੀ ਹੈ, ਜ਼ਰੂਰੀ ਨਹੀਂ ਕਿ ਜਨਮ ਸਿਧ ਅਧਿਕਾਰ ਵਜੋਂ ਪ੍ਰਾਪਤ ਹੋਈ ਹੋਵੇ । ਇਸਲਾਮੀ ਇਤਿਹਾਸ ਵਿਚੋਂ ਹੀ ਅਨੇਕਾਂ ਮਿਸਾਲਾਂ ਮਿਲਦੀਆਂ ਹਨ । ਜਿਨ੍ਹਾਂ ਤੋਂ ਸਪੱਸ਼ਟ ਹੈ ਕਿ ਮੀਰ ਸ਼ਬਦ ਉਨ੍ਹਾਂ ਵਿਅਕਤੀਆਂ ਲਈ ਵਰਤਿਆ ਜਾਂਦਾ ਹੈ, ਜਿਹੜੇ ਸ਼ਕਤੀ ਹਥਿਆਉਣ ਕਰਕੇ ਸ਼ਕਤੀ ਸੰਪੰਨ ਤਾਂ ਹੋਏ, ਪਰ ਅੰਤਰ ਆਤਮੇ ਉਨ੍ਹਾਂ ਗੁਣਾਂ ਦੇ ਅਧਿਕਾਰੀ ਨਹੀਂ ਸਨ, ਜਿਸ ਕਰਕੇ ਮੀਰ ਦੀ ਪਦਵੀ ਦੇ ਅਰਥ ਭਾਵ ਨੂੰ ਪੂਰੀ ਤਰ੍ਹਾਂ ਪ੍ਰਗਟਾਉਂਦੇ ਹੋਣ । ਇਸ ਲਈ 'ਮੀਰ' ਤੋਂ ਬਣੇ ਮੀਰੀ ਸ਼ਬਦ ਆਪਣੇ ਆਪ ਵਿਚ ਵਿਸ਼ੇਸ਼ ਅਰਥ ਭਾਵ ਦਾ ਲਖਾਇਕ ਹੈ, ਜਿਸ ਨੂੰ ਸ਼ਕਤੀ ਦੇ ਅਰਥਾਂ ਵਿਚ ਵਰਤਣਾ ਕਿਵੇਂ ਵੀ ਯੋਗ ਨਹੀਂ ਮੰਨਿਆ ਜਾ ਸਕਦਾ । ਹਾਂ, ਇਹ ਸ਼ਕਤੀ ਦੇ ਮਾਲਕ ਦਾ ਲਖਾਇਕ ਜ਼ਰੂਰ ਹੈ ।

ਰਹੀ ਗੱਲ ਪੀਰੀ ਦੀ, ਜਿਸ ਨੂੰ ਸਾਡੇ ਬਹੁਤੇ ਵਿਦਵਾਨ ਭਗਤੀ ਦੇ ਨਾਲ ਇਉਂ ਮਿਲਾ ਕੇ ਦਰਸਾਉਂਦੇ ਹਨ, ਜਿਵੇਂ ਇਹ ਇਕੋ ਅਰਥ ਭਾਵ ਨੂੰ ਪ੍ਰਗਟਾਉਣ ਵਾਲੇ ਦੋ ਸ਼ਬਦ ਰੂਪ ਹੋਣ । ਜੇਕਰ ਥੋੜ੍ਹਾ ਜਿੰਨਾ ਵੀ ਇਨ੍ਹਾਂ ਸ਼ਬਦਾਂ ਵੱਲ ਧਿਆਨ ਦਿੱਤਾ ਜਾਵੇ ਤਾਂ ਦੋਨਾਂ ਦੇ ਅਰਥ ਭਾਵ ਅਤੇ ਸੰਕਲਪ ਵੱਖੋ ਵੱਖਰੇ ਦਿਸ ਆਉਂਦੇ ਹਨ । ਪੀਰੀ ਸ਼ਬਦ ਵੀ ਮੀਰੀ ਵਾਂਗ ਫਾਰਸੀ ਮੂਲ ਦਾ ਸ਼ਬਦ ਹੈ, ਜਿਹੜਾ ਆਮ ਕਰਕੇ ਗੁਰੂ ਵਾਂਗ ਕਿਸੇ ਅਧਿਆਤਮਕ ਸ਼ਕਤੀ ਸਪੰਨ ਵਿਅਕਤੀ ਲਈ ਵਰਤਿਆ ਜਾਂਦਾ ਹੈ, ਜਿਵੇਂ 'ਪੀਰ ਪੈਗੰਬਰ ਔਲੀਏ ।' ਬੇਸ਼ਕ ਭਗਤੀ- ਸ਼ਬਦ ਅਧਿਆਤਮਕ ਅਰਥਾਂ ਨੂੰ ਹੀ ਪ੍ਰਗਟਾਉਂਦਾ ਹੈ, ਪਰ ਪੀਰੀ ਤੇ ਭਗਤੀ ਦੇ ਅਰਥ ਭਾਵ ਵਿਚ ਇਕ ਵਿਸ਼ੇਸ਼ ਅੰਤਰ ਹੈ, ਜਿਸ ਨੂੰ ਸਮਝੇ ਵਿਚਾਰੇ ਬਿਨਾਂ ਹੀ ਵਿਦਵਾਨਾਂ ਵਲੋਂ ਇਨ੍ਹਾਂ ਨੂੰ ਇਕ ਦੂਜੇ ਵਿਚ ਰਲ ਗਡ ਕਰ ਦਿੱਤਾ ਜਾਂਦਾ ਹੈ । 'ਪੀਰੀ' ਅਧਿਆਤਮਕ ਖੇਤਰ ਦੀ ਉਹ ਅਵਸਥਾ ਹੈ, ਜਿਸ ਦੀ ਪ੍ਰਾਪਤੀ ਤਾਂ ਸ਼ਾਇਦ ਜਨਮਾਂ ਜਨਮਾਂ ਦੀ ਘਾਲਨਾ ਸਦਕਾ ਹੀ ਹੁੰਦੀ ਹੈ । ਪਰ ਅਜਿਹੇ ਮਹਾਂਪੁਰਸ਼ ਪ੍ਰਭੂ ਵਲੋਂ ਵਰੋਸਾਏ ਹੋਣ ਕਰਕੇ ਉਚੇਚੇ ਤੌਰ 'ਤੇ ਸੰਸਾਰ ਦੇ ਭੁੱਲੇ ਭਟਕੇ ਲੋਕਾਂ ਨੂੰ ਅਧਿਆਤਮਕਤਾ ਦਾ ਰਸਤਾ ਦਿਖਾਉਣ ਲਈ ਭੇਜੇ ਜਾਂਦੇ ਹਨ । ਜਦੋਂ ਕਿ ਭਗਤੀ ਦਾ ਅਰਥ ਪ੍ਰਭੂ ਸਿਮਰਨ ਹੈ, ਪਰ ਇਸ ਪਦ ਪਦਵੀ ਦਾ ਮਾਲੰਕ (ਭਗਤ) ਆਪਣੀ ਘਾਲ ਕਮਾਈ ਸਦਕਾ ਅਜੇ ਆਪਾ ਚੀਨਣ ਤੇ ਮਨ ਨੂੰ ਸ਼ੁਧ

ਕਰਨ ਦੀ ਅਵਸਥਾ ਵਿਚੋਂ ਲੰਘ ਰਿਹਾ ਹੁੰਦਾ ਹੈ, ਜਿਸ ਕਰਕੇ ਭਗਤੀ ਪੀਰੀ ਦੇ ਰਸਤੇ ਦਾ ਜੇਕਰ ਮੁੱਢਲਾ ਨਹੀਂ ਤਾਂ ਇਕ ਪੜਾ ਹੀ ਆਖੀ ਜਾ ਸਕਦੀ ਹੈ । ਇਸੇ ਤਰ੍ਹਾਂ ਕਈ ਵਾਰ ਮੀਰੀ ਪੀਰੀ ਦੇ ਸੰਦਰਭ ਵਿਚ ਅਧਿਆਤਮਿਕਤਾ ਤੇ ਸੰਸਾਰਕਤਾ ਵਰਗੇ ਸ਼ਬਦਾਂ ਨੂੰ ਵੀ ਵਰਤ ਲਿਆ ਜਾਂਦਾ ਹੈ, ਜਿਹੜਾ ਬਿਲਕੁਲ ਹੀ ਅਨਰਥ ਕਰਨ ਵਾਲੀ ਗੱਲ ਹੈ । ਪੀਰੀ ਇਕ ਵਿਸ਼ੇਸ਼ ਤੇ ਉਚ-ਅਵਸਥਾ ਨੂੰ ਪੁਜੇ ਮਹਾਂਪੁਰਸ਼ ਦੀ ਉਪਾਧੀ ਜਾਂ ਲਕਸ਼ ਹੈ ਜਦੋਂ ਕਿ ਅਧਿਆਤਮਕਤਾ ਇਕ ਜੀਵਨ ਜਾਚ ਹੈ, ਜਿਹੜੀ ਕਿਸੇ ਵੀ ਧਾਰਮਿਕ ਮਹਾਂਪੁਰਸ਼ ਵਲੋਂ ਨਿਭਾਈ ਜਾਂਦੀ ਹੈ । ਇਸੇ ਤਰ੍ਹਾਂ ਮੀਰੀ ਇਕ ਵਿਸ਼ੇਸ਼ ਸ਼ਕਤੀ ਸੰਪੰਨ ਵਿਅਕਤੀ (ਰਾਜੇ ਜਾਂ ਨਵਾਬ) ਦਾ ਵਿਸ਼ੇ ਲਕਬ ਹੈ ਅਤੇ ਸੰਸਾਰਕਤਾ ਸਧਾਰਣ ਜੀਵਨ ਜਾਚ ਦੇ ਅਰਥ ਭਾਵ ਦੀ ਲਖਾਇਕ ਹੈ ।

ਇਸੇ ਤਰ੍ਹਾਂ ਮੀਰੀ ਤੇ ਪੀਰੀ ਦੇ ਸਹੀ ਸੰਦਰਭ ਨੂੰ ਸਮਝੇ ਬਿਨਾਂ ਇਨ੍ਹਾਂ ਸ਼ਬਦਾਂ ਦੀ ਵਰਤੋਂ ਧਰਮ ਅਤੇ ਰਾਜਨੀਤੀ ਦੇ ਅਰਥਾਂ ਵਿਚ ਕਰਕੇ ਗੁਰੂ ਸਾਹਿਬਾਨ ਵਲੋਂ ਦਰਸਾਏ ਸਹੀ ਸੰਦਰਭ ਨੂੰ ਹੀ ਧੁੰਦਲਾ ਕਰ ਦਿੱਤਾ ਜਾਂਦਾ ਹੈ । ਇਹ ਠੀਕ ਹੈ ਕਿ ਗੁਰੂ ਨਾਨਕ ਦੇਵ ਜੀ ਵਲੋਂ ਜਦੋਂ 'ਸਚਿਆਰ' ਵਿਅਕਤੀ ਦਾ ਸੰਕਲਪ ਮਨੁੱਖਤਾ ਦੇ ਸਾਹਮਣੇ ਰਖਿਆ ਗਿਆ ਤਾਂ ਉਸ ਦੇ ਪਿਛੋਕੜ ਵਿਚ ਮੀਰੀ ਤੇ ਪੀਰੀ ਦੇ ਅਰਥ ਭਾਵ ਸਮਿਲਤ ਸਨ । ਦੇਖਣਾ ਇਹ ਹੈ ਕਿ ਕੀ ਹਰ ਉਹ ਸਿੱਖ ਜਿਸ ਨੂੰ 'ਸਚਿਆਰ ਸਿੱਖ' ਬਣਨ ਲਈ ਪਰੇਰਿਆ ਗਿਆ, ਮੀਰੀ ਪੀਰੀ ਦਾ ਮਾਲਕ ਬਣ ਜਾਏਗਾ । ਗੱਲ ਅਸਲ ਵਿਚ ਏਨੀ ਸਰਲ ਨਹੀਂ, ਜਿਸ ਨੂੰ ਸਾਡੇ ਅੱਜ ਦੇ ਵਿਦਵਾਨ ਰਾਜਨੀਤਕ ਵਿਅਕਤੀਆਂ ਦੀ ਖੁਸ਼ਨੂਦੀ ਲਈ ਜਾਂ ਆਪਣੇ ਸੌੜੇ ਹਿੱਤਾਂ ਦੀ ਪੂਰਤੀ ਲਈ ਵਰਤ ਰਹੇ ਹਨ ।

ਭਾਰਤ ਦੇ ਇਤਿਹਾਸ ਵਿਚ ਇਕ ਸਮਾਂ ਅਜਿਹਾ ਆਇਆ ਕਿ ਜਦੋਂ ਸੈਂਕੜੇ ਸਾਲਾਂ ਤੱਕ ਬਾਹਰੀ ਹਮਲਿਆਂ ਸਦਕਾ ਭਾਰਤੀ ਜੀਵਨ ਜਾਚ ਵਿਚੋਂ ਮੀਰੀ ਤੇ ਪੀਰੀ ਦੇ ਗੁਣ ਅਰਥਾਤ ਸਦਾਚਾਰਕ ਗੁਣ ਅਲੋਪ ਹੋ ਗਏ ਤੇ ਭਾਰਤੀ ਵਿਦੇਸ਼ੀਆਂ ਹਥੋਂ ਗੁਲਾਮੀ ਦੀ ਜਿਲਣ ਵਿਚ ਅਜਿਹੇ ਗ੍ਰਸੇ ਕਿ ਇਹ ਆਪਣੀ ਅਣਖ ਤੇ ਸਵੈਮਾਨ ਵੀ ਗੁਆ ਬੈਠੇ ।

ਅਜਿਹੇ ਅਧੋਗਤੀ ਦੇ ਸਮੇਂ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਪੰਜਾਬ ਦੀ ਸਰ ਜ਼ਮੀਨ ਉਪਰ ਹੋਇਆ, ਜਿਨ੍ਹਾਂ ਨੇ ਨਾ ਕੇਵਲ ਪੰਜਾਬ, ਸਗੋਂ ਸਮੁੱਚੇ ਭਾਰਤ ਨੂੰ ਇਸ ਅਧੋਗਤੀ ਦੀ ਅਵਸਥਾ ਵਿਚੋਂ ਕੱਢਿਆ ਤੇ ਇਨ੍ਹਾਂ ਦੀ ਅਣਖ ਤੇ ਸਵੈਮਾਨ ਨੂੰ ਜਾਗਰਿਤ ਕੀਤਾ । ਉਰਦੂ ਦਾ ਪ੍ਰਸਿੱਧ ਸ਼ਾਇਰ ਡਾਕਟਰ ਇਕਬਾਲ ਗੁਰੂ ਨਾਨਕ ਸਾਹਿਬ ਬਾਰੇ ਲਿਖਦਾ ਹੈ:

ਫਿਰ ਉਠੀ ਆਖਰ ਸਦਾ ਤੌਹੀਦ ਕੀ ਪੰਜਾਬ ਸੇ ।
ਹਿੰਦ ਕੋ ਏਕ ਮਰਦ-ਇ-ਕਾਮਲ ਨੇ ਜਗਾਇਆ ਖਾਬ ਸੇ ।

ਇਸ ਸਮੇਂ ਤੱਕ ਭਾਰਤੀਆਂ ਵਿਚੋਂ ਪੀਰੀ ਵਰਗਾ ਉਚਾ ਤੇ ਪਵਿੱਤਰ ਗੁਣ ਤਾਂ ਅਲੋਪ ਹੋ ਗਿਆ ਸੀ । ਇਥੋਂ ਤੱਕ ਕਿ ਅਖੌਤੀ ਧਾਰਮਿਕ ਆਗੂ (ਬ੍ਰਾਹਮਣ ਤੇ ਕਾਜ਼ੀ ਆਦਿ) ਵੀ ਆਪਣੇ ਕਰਤੱਵ ਨੂੰ ਛੱਡ ਕੇ ਦਿਖਾਵੇ ਦੇ ਕਰਮ ਕਾਂਡਾਂ ਵਿਚ ਉਲਝ ਕੇ ਰਹਿ ਗਏ ਸਨ ਤੇ ਲੋਕਾਂ ਨੂੰ ਭੰਬਲ ਭੂਸੇ ਵਿਚ ਪਾ ਰਹੇ ਸਨ । ਹੋਰ ਤਾਂ ਹੋਰ ਮੁਸਲਮਾਨ ਧਾਰਮਿਕ ਆਗੂ ਕਾਜ਼ੀ ਤੇ ਮੁੱਲਾਂ ਰਿਸ਼ਵਤਾਂ ਲੈ ਕੇ ਫਤਵੇ ਦੇਣ ਵਿਚ ਮਸਤ ਹੋ ਗਏ ਸਨ । ਅਜਿਹੀ ਅਧੋਗਤੀ ਦੀ ਅਵਸਥਾ ਵਿਚੋਂ ਭਾਰਤੀਆਂ ਨੂੰ ਕੱਢਣ ਲਈ ਗੁਰੂ ਨਾਨਕ ਦੇਵ ਜੀ ਨੇ ਸਮਾਜ ਦੇ ਹਰ ਵਰਗ ਤੇ ਫਿਰਕੇ ਦੇ ਲੋਕਾਂ ਨੂੰ ਉਨ੍ਹਾਂ ਦੀਆਂ ਕਮਜ਼ੋਰੀਆਂ ਤੋਂ ਜਾਣੂ ਹੀ ਨਾ

ਕਰਵਾਇਆ. ਸਗੋਂ ਉਨ੍ਹਾਂ ਨੂੰ ਸੱਚੇ ਸੁਚੇ ਇਨਸਾਨ (ਸਚਿਆਰ) ਬਣਨ ਅਤੇ ਆਪੋ ਆਪਣੇ ਕਰਤਵ ਦਾ ਪਾਲਣ ਕਰਨ ਲਈ ਪਰੇਰਿਆ । ਇਥੋਂ ਤੱਕ ਕਿ ਉਨ੍ਹਾਂ ਨੇ ਰਾਜਿਆਂ ਨੂੰ ਸ਼ੀਹ ਆਦਿ ਕਹਿ ਕੇ ਉਨ੍ਹਾਂ ਦੇ ਜ਼ਾਲਮਾਨਾ ਕਿਰਦਾਰ ਤੋਂ ਪਰਦਾ ਚੁਕਦਿਆਂ ਫੁਰਮਾਇਆ;

ਰਾਜੇ ਸ਼ੀਹ ਮੁਕਦਮ ਕੁਤੇ ॥ ਜਾਇ ਜਗਾਇਨਿ ਬੈਠੇ ਸੁਤੇ ।

ਅਤੇ ਇਸ ਦੇ ਨਾਲ ਹੀ ਸਹੀ ਰਾਜੇ ਦੇ ਗੁਣ ਵੀ ਦੱਸੇ ;

ਤਖਤ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ ॥

ਗੁਰੂ ਸਾਹਿਬ ਨੇ ਭਾਰਤ ਦੇ ਲੋਕਾਂ ਨੂੰ ਇਕ ਅਜਿਹੀ ਸਖਸ਼ੀਅਤ ਦੇ ਉਸਾਰ ਦਾ ਰਸਤਾ ਸਮਝਾਇਆ. ਜਿਸ ਨਾਲ ਹਰੇਕ ਵਿਅਕਤੀ ਅੰਦਰ ਮੀਰੀ ਤੇ ਪੀਰੀ ਦੇ ਗੁਣ ਪਰਦਰਸ਼ਿਤ ਹੋ ਸਕਣ. ਜਿਸ ਦੀ ਪੂਰਤੀ ਲਈ ਦਸ ਜਾਮੇ ਧਾਰਨ ਕਰਕੇ ਭਾਰਤੀਆਂ ਵਿਸ਼ੇਸ਼ ਕਰਕੇ ਪੰਜਾਬੀਆਂ ਨੂੰ ਲਗਾਤਾਰ ਅਗਵਾਈ ਦਿੰਦੇ ਰਹੇ । ਪਹਿਲੇ ਪੰਜ ਜਾਮਿਆਂ ਸਮੇਂ ਆਮ ਜਨ ਮਾਨਸ ਦੇ ਅੰਦਰੋਂ ਹੀਣ ਭਾਵ ਕੱਢਣ ਅਤੇ ਅਣਖ ਤੇ ਗੈਰਤ ਪੈਦਾ ਕਰਨ ਲਈ ਬਾਣੀ ਦੇ ਮਾਧਿਅਮ ਰਾਹੀਂ ਆਤਮਿਕ ਤੌਰ 'ਤੇ ਪ੍ਰਵਾਨ ਕੀਤਾ ਤਾਂ ਕਿ ਹੱਕ ਤੇ ਸੱਚ ਦੀ ਖਾਤਰ ਆਪਾ ਵਾਰਨ ਤੋਂ ਵੀ ਸੰਕੋਚ ਨਾ ਕਰੇ । ਪਰ ਜੇਕਰ ਸਿਰ ਦਿੱਤਿਆਂ ਵੀ ਜ਼ੁਲਮ ਦੀ ਅੱਗ ਠੰਡੀ ਨਾ ਹੋਵੇ ਤਾਂ ਤਲਵਾਰ ਦੀ ਵਰਤੋਂ ਨੂੰ ਯੋਗ ਠਹਿਰਾਇਆ । ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਪਿਛੋਂ ਗੁਰੂ ਹਰਿਗੋਬਿੰਦ ਸਾਹਿਬ ਵਲੋਂ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨਣ ਦੇ ਅਮਲ ਨਾਲ ਲੋਕਾਂ ਸਾਹਮਣੇ ਲਿਆਂਦਾ । ਇਹ ਖਿਆਲ ਰਹੇ ਕਿ ਗੁਰੂ ਹਰਿਗੋਬਿੰਦ ਜੀ ਵਲੋਂ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨਣਾ ਕੋਈ ਵਕਤੀ ਘਟਨਾ ਨਹੀਂ ਸੀ, ਸਗੋਂ ਇਹ ਤਾਂ ਉਸੇ ਦੈਵੀ ਸਕੀਮ ਦਾ ਇਕ ਪੜਾ ਸੀ, ਜਿਸ ਅਨੁਸਾਰ ਮੀਰੀ ਪੀਰੀ ਦੇ ਸੁਮੇਲ ਖ਼ਾਲਸੇ ਦੀ ਸਾਜਨਾ ਦੇ ਮੁਢਲੇ ਪੜਾ ਵਜੋਂ ਗੁਰੂ ਨਾਨਕ ਦੇਵ ਜੀ ਨੇ ਮਾਨਵਤਾ ਦੇ ਸਾਹਮਣੇ ਇਕ ਪ੍ਰਸ਼ਨ ਰਖਿਆ ਸੀ ।

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥

ਇਸ ਪ੍ਰਸ਼ਨ ਨੂੰ ਸਮਝਾਉਂਦਿਆਂ ਹੀ ਗੁਰੂ ਨਾਨਕ ਦੇਵ ਜੀ ਨੇ ਪਹਿਲਾਂ ਬਾਣੀ ਦੇ ਮਾਧਿਅਮ ਰਾਹੀਂ ਭਾਰਤੀਆਂ ਵਿਸ਼ੇਸ਼ ਕਰਕੇ ਪੰਜਾਬੀਆਂ ਨੂੰ ਮਾਨਸਿਕ ਤੌਰ 'ਤੇ ਬਲਵਾਨ ਕੀਤਾ ਤਾਂ ਕਿ ਉਹ ਹਰ ਪ੍ਰਕਾਰ ਦੀ ਕੁਰਬਾਨੀ ਦੇਣ ਦੇ ਸਮਰਥ ਹੋ ਸਕਣ ਅਤੇ ਜ਼ਬਰ ਤੇ ਜ਼ੁਲਮ ਦੇ ਨਾ ਠੱਲ੍ਹੇ ਜਾਣ ਦੀ ਸੂਰਤ ਵਿਚ ਤਲਵਾਰ ਚੁਕਣ ਦੇ ਸਮਰਥ ਹੋ ਸਕਣ। ਇਤਿਹਾਸ ਗਵਾਹ ਹੈ ਕਿ (ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਪ੍ਰਤੀਕਰਮ ਵਜੋਂ ਗੁਰੂ ਹਰਿਗੋਬਿੰਦ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਕ੍ਰਮਵਾਰ ਤਲਵਾਰ ਚੁਕ ਕੇ ਜ਼ੁਲਮ ਵਿਰੁਧ ਸੰਘਰਸ਼ ਕੀਤਾ ।

ਗੁਰੂ ਨਾਨਕ ਦੇਵ ਜੀ ਵਲੋਂ ਲਿਆਉਂਦੇ ਇਨਕਲਾਬ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਪੂਰੇ ਦੋ ਸੋ ਸਾਲ ਬਾਅਦ 1699 ਈ: ਦੀ ਵੈਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਨੇ ਖ਼ਾਲਸੇ ਦੀ ਸਾਜਨਾ ਕਰਕੇ, ਸੰਪੂਰਨਤਾ ਪ੍ਰਦਾਨ ਕਰ ਦਿੱਤੀ । ਇਸ ਤਰ੍ਹਾਂ ਭਾਰਤੀ ਸੰਸਕ੍ਰਿਤੀ ਵਿਚੋਂ ਮਰ ਮੁਕ ਚੁਕੀ ਮੀਰੀ ਤੇ ਪੀਰੀ ਦੇ ਸੰਕਲਪ ਨੂੰ ਪੁਨਰ ਸੁਰਜੀਤ ਕਰਕੇ ਅਜਿਹੀ ਸਖਸ਼ੀਅਤ ਦੀ ਸਾਜਨਾ ਕੀਤੀ, ਜਿਹੜੀ ਕਿਸੇ ਵੀ ਪ੍ਰਕਾਰ ਦੇ ਨਿੱਜੀ ਸੁਆਰਥ ਤੇ ਲੋਭ ਲਾਲਚ ਦਾ ਤਿਆਗ ਕਰਕੇ ਆਪਣੇ ਆਪ ਨੂੰ ਉਸ ਅਕਾਲ ਪੁਰਖ ਦੀ ਫ਼ੌਜ ਸਮਝਦਿਆਂ ਉਸ ਦੀ ਰਜ਼ਾ ਵਿਚ ਰਹਿੰਦਿਆਂ ਕਿਰਤ ਕਰਨ, ਵੰਡ ਛਕਣ ਤੇ ਨਾਮ ਜਪਣ ਦੇ ਨਾਲ ਦੇਸ਼ ਕੌਮ ਲਈ ਹਰ ਪ੍ਰਕਾਰ ਦੀ ਕੁਰਬਾਨੀ ਕਰਨ ਹਿੱਤ ਸਦਾ ਤਤਪਰ ਰਹੇ ।

# ਭਾਰਤ ਦੇ ਸੁਤੰਤਰਤਾ ਸੰਗਰਾਮੀਏ ਅਮਰ ਸ਼ਹੀਦ ਬਾਬਾ ਬਿਕਰਮ ਸਿੰਘ ਜੀ ਬੇਦੀ

ਪ੍ਰੋ. ਕ੍ਰਿਪਾਲ ਸਿੰਘ ਹਿਸਟੋਰੀਅਨ

ਜਿਵੇਂ ਦੀਵਾਨ ਮੂਲ ਰਾਜ ਨੇ ਮੁਲਤਾਨ ਤੇ ਡੇਰਾਜਾਤ ਵਿਚ, ਸਰਦਾਰ ਚਤਰ ਸਿੰਘ ਨੇ ਹਜ਼ਾਰੇ ਤੇ ਪਿਸ਼ਾਵਰ ਵਿਚ ਅਤੇ ਭਾਈ ਮਹਾਰਾਜ ਸਿੰਘ ਜੀ ਨੇ ਮਾਝੇ ਵਿਚ ਅੰਗਰੇਜ਼ਾਂ ਖਿਲਾਫ ਧਰਮ-ਯੁੱਧ ਛੇੜਿਆ, ਤਿਵੇਂ ਬਾਬਾ ਬਿਕਰਮ ਸਿੰਘ ਜੀ ਬੇਦੀ ਨੇ ਹੁਸ਼ਿਆਰਪੁਰ ਦੇ ਜ਼ਿਲੇ ਆਪਣੇ ਨਿਵਾਸ-ਅਸਥਾਨ ਊਨੇ ਵਿਚ ਹਥਿਆਰਬੰਦ ਇਨਕਲਾਬ ਦਾ ਝੰਡਾ ਖੜਾ ਕੀਤਾ ਸੀ । ਇਕ ਤਰ੍ਹਾਂ ਨਾਲ ਬਾਬਾ ਬਿਕਰਮ ਸਿੰਘ ਜੀ ਦੀ ਬਗਾਵਤ ਦੀ ਇਨ੍ਹਾਂ ਸਾਰਿਆਂ ਨਾਲੋਂ ਵਧੇਰੇ ਮਹੱਤਤਾ ਸੀ, ਕਿਉਂ ਜੋ ਉਸ ਦੇ ਪਿੰਡ ਸਮੇਤ ਸਾਰੇ ਜਲੰਧਰ-ਦੁਆਬੇ ਉੱਤੇ ਅੰਗਰੇਜ਼ਾਂ ਦਾ ਸਿੱਧਾ ਕਬਜ਼ਾ ਹੋ ਚੁੱਕਾ ਸੀ ਤੇ ਅੰਗਰੇਜ਼ਾਂ ਦੇ ਵਿਰੁਧ ਉਠ ਕੇ ਉਸ ਨੇ ਅਮਲੀ ਤੌਰ 'ਤੇ ਉਨ੍ਹਾਂ ਦੀ ਦੁਆਬੇ ਉੱਤੇ ਹਕੂਮਤ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ । ਇਸ ਤੋਂ ਛੁੱਟ ਬਾਬਾ ਬੇਦੀ ਨੇ ਅੰਗਰੇਜ਼ਾਂ ਦੀ ਧੱਕੇਸ਼ਾਹੀ ਵਾਲੀ ਨੀਤੀ ਦੇ ਵਿਰੁਧ ਅਮਲੀ ਰੋਸ ਪ੍ਰਗਟ ਕਰਦਿਆਂ ਹੋਇਆਂ ਜਲੰਧਰ ਦੁਆਬੇ ਦੇ ਅੰਗਰੇਜ਼ ਕਮਿਸ਼ਨਰ, ਜਾਹਨ ਲਾਰੰਸ ਤੇ ਗਵਰਨਰ-ਜਨਰਲ ਹੈਨਰੀ ਹਾਰਡਿੰਗ ਵਲੋਂ ਦੋ ਵਾਰੀ ਕੀਤੀ ਗਈ ਪੈਨਸ਼ਨ ਦੀ ਪੇਸ਼ਕਸ਼ ਠੁਕਰਾ ਦਿੱਤੀ ਸੀ।

ਬਾਬਾ ਬਿਕਰਮ ਸਿੰਘ ਜੀ ਦਾ ਅੰਗਰੇਜ਼ ਸਰਕਾਰ ਨਾਲ ਸਮਝੌਤੇ ਤੋਂ ਇਨਕਾਰ ਕਰਨਾ ਬਿਲਕੁਲ ਕੁਦਰਤੀ ਸੀ । ਉਸ ਦੇ ਪਿਤਾ ਬਾਬਾ ਸਾਹਿਬ ਸਿੰਘ ਬੇਦੀ ਨੂੰ ਮਹਾਰਾਜਾ ਰਣਜੀਤ ਸਿੰਘ ਤੋਂ ਪਹਿਲਾਂ ਵੀ ਸਾਰੇ ਸਿੱਖ ਸਰਦਾਰ ਬਹੁਤ ਆਦਰ-ਸਤਿਕਾਰ ਦੀ ਨਜ਼ਰ ਨਾਲ ਵੇਖਦੇ ਸਨ । ਗ੍ਰਿਫ਼ਨ ਦੀ ਲਿਖਤ ਅਨੁਸਾਰ ਇਕ ਵਾਰੀ ਪਟਿਆਲੇ ਦੀਆਂ ਫ਼ੌਜਾਂ ਨੇ ਬਾਬਾ ਸਾਹਿਬ ਸਿੰਘ ਜੀ ਦੇ ਸੰਤ-ਸੁਭਾ ਤੇ ਸਤਿਕਾਰ ਵਜੋਂ ਉਹਦੇ ਵਿਰੁਧ ਲੜਨ ਤੋਂ ਇਨਕਾਰ ਕਰ ਦਿੱਤਾ ਸੀ । ਪੰਜਾਬ ਵਿਚ ਮਿਸਲਾਂ ਦੀ ਹਕੂਮਤ ਦੇ ਅੰਤਲੇ ਸਮੇਂ ਬਾਬਾ ਬੇਦੀ ਜੀ ਨੇ ਡਿਗੂੰ-ਡਿਗੂੰ ਕਰਦੀ ਰਾਜ-ਪ੍ਰਬੰਧ ਦੀ ਪ੍ਰਣਾਲੀ ਨੂੰ ਕੁਝ ਹੱਦ ਤੱਕ ਕਾਇਮ ਰੱਖਣ ਦਾ ਮਹੱਤਵਪੂਰਨ ਯਤਨ ਕੀਤਾ ਸੀ ਤੇ ਬਾਅਦ ਵਿਚ ਸਰਬੱਤ ਖ਼ਾਲਸਾ ਦੀ ਇਕ ਬਲਵਾਨ ਤੇ ਸਾਂਝੀ ਸਰਕਾਰ ਦੀ ਲੋੜ ਪਰਤੀਤ ਕਰ ਕੇ ਉਸ ਨੇ ਮਹਾਰਾਜਾ ਰਣਜੀਤ ਸਿੰਘ ਦੀ ਪ੍ਰਮੁਖਤਾ ਕਾਇਮ ਕਰਨ ਵਿਚ ਉਸ ਦੀ ਚੋਖੀ ਸਹਾਇਤਾ ਕੀਤੀ ਸੀ । ਰਣਜੀਤ ਸਿੰਘ ਬਾਬਾ ਬੇਦੀ ਜੀ ਦਾ ਇੰਨਾ ਸਤਿਕਾਰ ਕਰਦਾ ਸੀ ਕਿ ਉਸ ਨੇ ਉਨ੍ਹਾਂ ਪਾਸੋਂ ਅੰਮ੍ਰਿਤ ਵੀ ਛੱਕਿਆ ਸੀ । ਬਾਅਦ ਵਿਚ ਬਾਬਾ ਸਾਹਿਬ ਸਿੰਘ ਜੀ ਨੇ ਹੀ ਮਹਾਰਾਜੇ ਦੀ ਤਾਜਪੋਸ਼ੀ ਦੀ ਰਸਮ ਅਦਾ ਕੀਤੀ ਸੀ । ਬਾਬਾ ਜੀ ਦੇ ਸਤਿਕਾਰ ਵਜੋਂ ਮਹਾਰਾਜੇ ਨੇ ਉਨ੍ਹਾਂ ਨੂੰ ਊਨੇ ਦੇ ਨੇੜੇ 78 ਪਿੰਡਾਂ ਦੀ ਜਗੀਰ ਪ੍ਰਦਾਨ ਕਰ ਦਿੱਤੀ ਸੀ । ਸੋ ਬਾਬਾ ਸਾਹਿਬ ਸਿੰਘ ਜੀ ਹਮੇਸ਼ਾਂ ਹੀ ਮਹਾਰਾਜਾ ਰਣਜੀਤ ਸਿੰਘ ਦੇ ਇਤਬਾਰੀ ਸਲਾਹਕਾਰ ਤੇ ਧਾਰਮਿਕ ਰਾਹਨੁਮਾ ਰਹੇ ਸੀ । ਉਨ੍ਹਾਂ ਦੀ ਪ੍ਰੇਰਨਾ ਤੇ ਮਹਾਰਾਜੇ ਨੇ ਨਨਕਾਣਾ ਸਾਹਿਬ ਦੇ ਸਿੱਖ ਗੁਰਦੁਆਰਿਆਂ ਨਾਲ ਭਾਰੀ ਜਾਗੀਰਾਂ ਲਾਈਆਂ ਸਨ, ਜਿਨ੍ਹਾਂ ਤੋਂ 1947 ਵਿਚ ਪੰਜਾਬ ਦੀ ਵੰਡ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੂੰ ਭਾਰੀ ਆਮਦਨ ਹੁੰਦੀ ਸੀ ।

1834 ਈ: ਵਿਚ ਬਾਬਾ ਸਾਹਿਬ ਸਿੰਘ ਜੀ ਚਲਾਣਾ ਕਰ ਜਾਣ ਤੇ ਬਾਬਾ ਬਿਕਰਮ ਸਿੰਘ ਜੀ ਆਪਣੇ ਪਿਤਾ ਦੀ ਗੱਦੀ ਤੇ ਬੈਠੇ ਸੀ, ਭਾਵੇਂ ਉਹ ਬਾਬਾ ਸਾਹਿਬ ਸਿੰਘ ਜੀ ਦੇ ਸਭ ਤੋਂ ਵੱਡੇ ਪੁੱਤਰ ਨਹੀਂ ਸਨ, ਪ੍ਰੰਤੂ ਉਨ੍ਹਾਂ ਦੀ ਯੋਗਤਾ ਤੇ ਦਲੇਰੀ ਦੇ ਕਾਰਨ ਬਾਬਾ ਬੇਦੀ ਸਾਹਿਬ ਨੇ ਉਨ੍ਹਾਂ ਨੂੰ ਆਪਣਾ ਜਾ-ਨਸ਼ੀਨ ਨਾਮਜ਼ਦ ਕੀਤਾ । ਆਪਣੇ ਪਿਤਾ ਵਾਂਗ ਬਾਬਾ ਬਿਕਰਮ ਸਿੰਘ ਜੀ ਵੀ ਲਾਹੌਰ ਦੇ ਸ਼ਾਹੀ ਖ਼ਾਨਦਾਨ ਦੇ ਸਿਖਿਆ-ਦਾਤਾ ਤੇ ਧਾਰਮਿਕ ਆਗੂ ਬਣੇ ਰਹੇ । ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਬਾਬਾ ਬਿਕਰਮ ਸਿੰਘ ਜੀ ਨੇ ਇਕ ਹੋਰ ਭਾਵਪੂਰਤ ਕੰਮ ਕੀਤਾ । ਜਦੋਂ ਸਿੱਖ ਰਾਜ ਆਪਸੀ ਝਗੜਿਆਂ ਤੇ ਅੰਦਰੂਨੀ ਵਖੇਵਿਆਂ ਦੇ ਕਾਰਨ ਤਬਾਹੀ ਦੇ ਕੰਢੇ ਤੇ ਖੜ੍ਹਾ ਸੀ ਤਾਂ ਉਨ੍ਹਾਂ ਨੇ ਬਾਦਸ਼ਾਹੀ ਨੂੰ ਖੂਨੀ ਜੰਗ ਤੋਂ ਬਚਾਉਣ ਲਈ ਮਹਾਰਾਜਾ ਸ਼ੇਰ ਸਿੰਘ ਤੇ ਸੰਧਾਵਾਲੀਏ ਸਰਦਾਰਾਂ ਦੇ ਵਿਚਕਾਰ ਸੁਲ੍ਹਾ-ਸਫਾਈ ਕਰਾ ਦਿੱਤੀ।

### ਅੰਗਰੇਜ਼ਾਂ ਨਾਲ ਟੱਕਰ

1846 ਈ: ਵਿਚ ਜਦ ਅੰਗਰੇਜ਼ਾਂ ਨੇ ਜਲੰਧਰ ਦੁਆਬੇ ਨੂੰ ਆਪਣੇ ਰਾਜ ਵਿਚ ਮਿਲਾਇਆ ਤਾਂ ਇਸ ਇਲਾਕੇ ਦੇ ਥੋੜੇ ਜਿਹੇ ਬਲਵਾਨ ਜਾਗੀਰਦਾਰਾਂ ਵਿਚੋਂ ਬਾਬਾ ਬਿਕਰਮ ਸਿੰਘ ਜੀ ਸਭ ਤੋਂ ਉੱਘੇ ਸਨ । ਉਨ੍ਹਾਂ ਦੇ ਕੋਲ ਦੋ ਲੱਖ ਰੁਪਏ ਦੀ ਜਾਗੀਰ ਸੀ, ਜੀਹਦੇ ਵਿਚ ਮਹਾਰਾਜਾ ਸ਼ੇਰ ਸਿੰਘ ਤੇ ਮਹਾਰਾਜਾ ਦਲੀਪ ਸਿੰਘ ਦੇ ਦਿੱਤੇ ਹੋਏ 12 ਪਿੰਡ ਅਤੇ ਨੂਰਪੁਰ, ਗੁਨਾਚੌਰ ਤੇ ਦੱਖਣੀ ਸਰਾਏ ਦੇ ਮਜ਼ਬੂਤ ਕਿਲ੍ਹੇ ਵੀ ਸ਼ਾਮਿਲ ਸਨ ।

ਜਦ ਜਾਹਨ ਲਾਰੰਸ ਇਸ ਇਲਾਕੇ ਦਾ ਕਮਿਸ਼ਨਰ ਬਣਿਆ ਤਾਂ ਉਸ ਨੇ ਬਾਬਾ ਬਿਕਰਮ ਸਿੰਘ ਜੀ ਦੀ ਉੱਚੀ ਪਦਵੀ ਤੇ ਸ਼ਕਤੀ ਨੂੰ ਮੁੱਖ ਰੱਖ ਕੇ ਗਵਰਨਰ ਜਨਰਲ ਕੋਲ ਉਸ ਦਾ ਉਚੇਚਾ ਜ਼ਿਕਰ ਕੀਤਾ । ਉਸ ਨੇ ਲਿਖਿਆ, "ਊਨੇ ਦਾ ਰਈਸ ਬਾਬਾ ਨਾਨਕ ਦੇ ਬੰਸ ਵਿਚੋਂ ਹੈ, ਇਸ ਵਾਸਤੇ ਉਸ ਨੂੰ ਸਿੱਖਾਂ ਦਾ ਮੁੱਖ ਧਾਰਮਿਕ ਆਗੂ ਮੰਨਿਆ ਜਾਂਦਾ ਹੈ ।" ਸਰਕਾਰ ਕੋਲ ਬਾਬਾ ਬੇਦੀ ਸਾਹਿਬ ਦਾ ਵਿਸ਼ੇਸ਼ ਜ਼ਿਕਰ ਕਰਨ ਦਾ ਜਾਹਨ ਦਾ ਭਾਵ ਇਹ ਸੀ ਕਿ ਅਜਿਹੇ ਅਸਰ-ਰਸੂਖ ਵਾਲੇ ਪੁਰਸ਼ਾਂ ਨਾਲ ਵਧੇਰੇ ਸੁਚੇਤ ਹੋ ਕੇ ਵਰਤਣ ਦੀ ਲੋੜ ਹੈ । ਪ੍ਰੰਤੂ ਸਰਕਾਰ ਦੀ ਨੀਤੀ ਅਨੁਸਾਰ ਕੁਝ ਵਿਅਕਤੀਆਂ ਨਾਲ ਅਮਲੀ ਤੌਰ ਤੇ ਵੱਖਰਾ ਸਲੂਕ ਕਰਨਾ ਸੰਭਵ ਨਹੀਂ ਸੀ । ਸਰਕਾਰ ਨੇ ਸਾਰੀ ਵੱਸੋਂ ਨੂੰ ਮੁਕੰਮਲ ਤੌਰ ਤੇ ਬੇਹਥਿਆਰੇ ਕਰਨ ਦਾ ਫੈਸਲਾ ਕਰ ਲਿਆ ਸੀ । ਬਾਬਾ ਬਿਕਰਮ ਸਿੰਘ ਜੀ ਜਾਗੀਰਦਾਰ ਸਨ ਤੇ ਉਨ੍ਹਾਂ ਕੋਲ ਲਾਹੌਰ ਦਰਬਾਰ ਦੇ ਕਾਨੂੰਨ ਅਨੁਸਾਰ ਆਪਣੇ ਹਥਿਆਰ ਤੇ ਗੋਲਾ-ਬਾਰੂਦ ਸੀ । ਉਨ੍ਹਾਂ ਦੇ ਨੂਰਪੁਰ, ਗੁਨਾਚੌਰ ਤੇ ਦੱਖਣੀ ਸਰਾਏ ਦੇ ਕਿਲ੍ਹੇ ਬਹੁਤੇ ਮਜ਼ਬੂਤ ਸਨ ।

ਇਸ ਹਾਲਤ ਵਿਚ ਦੋਹਾਂ ਧਿਰਾਂ ਦੇ ਵਿਚਕਾਰ ਟੱਕਰ ਅਰੁੱਕ ਸੀ । ਇਸ ਦਾ ਆਰੰਭ ਉਦੋਂ ਹੋਇਆ, ਜਦ ਸਰਕਾਰ ਨੇ ਸਾਰੇ ਦੁਆਬੇ ਦੇ ਸਰਦਾਰਾਂ ਤੇ ਜ਼ਿਮੀਦਾਰਾਂ ਪਾਸੋਂ ਤੋਪਾਂ ਇਕੱਠੀਆਂ ਕਰਨ ਲਈ ਬਿਰਗੇਡੀਅਰ ਵੀਲਰ ਤੇ ਉਸ ਦੀ ਪਠਾਣ ਰੈਜਮੈਂਟ ਦੀ ਡਿਊਟੀ ਲਾ ਦਿੱਤੀ । ਸੁਲ੍ਹਾ-ਸਫਾਈ ਦੀ ਖਾਤਰ ਅੰਗਰੇਜ਼ ਸਰਕਾਰ ਦੇ ਨਾਲ ਹੀ ਇਹ ਐਲਾਨ ਕਰ ਦਿੱਤਾ ਕਿ ਜਿਹੜੀਆਂ ਤੋਪਾਂ ਸਥਾਨਕ ਸਰਦਾਰਾਂ ਪਾਸੋਂ ਲਈਆਂ ਜਾਣਗੀਆਂ, ਉਨ੍ਹਾਂ ਨੂੰ ਢਾਲ ਕੇ ਧਾਤ ਉਨ੍ਹਾਂ ਦੇ ਮਾਲਕਾਂ ਨੂੰ ਵਾਪਸ ਕਰ ਦਿੱਤੀ ਜਾਏਗੀ । ਬਿਰਗੇਡੀਅਰ ਵੀਲਰ ਨੇ ਬਹੁਤੇ ਮੁੱਖੀਆਂ ਪਾਸੋਂ ਇਸ ਹੁਕਮ ਦੀ ਤਾਮੀਲ ਕਰਾ ਕੇ ਇਕ ਰਾਤ ਦੱਖਣੀ ਸਰਾਏ ਉੱਤੇ ਚੜ੍ਹਾਈ ਕਰ ਦਿੱਤੀ । ਪ੍ਰੰਤੂ ਬਾਬਾ ਬਿਕਰਮ ਸਿੰਘ ਜੀ ਨੇ ਹਮਲੇ ਤੋਂ ਪਹਿਲਾਂ ਸਭ

ਤੋਪਾਂ ਕਿਲ੍ਹੇ ਤੋਂ ਹਟਾ ਲਈਆਂ ਸਨ ਤੇ ਇਉਂ ਉਸ ਨੇ ਵੀਲਰ ਦੇ ਯਤਨਾਂ ਨੂੰ ਨਾਕਾਮ ਬਣਾ ਦਿੱਤਾ । ਇਸ ਤੋਂ ਪਹਿਲਾਂ ਕਿ ਵੀਲਰ ਦੱਖਣੀ ਸਰਾਏ ਪਹੁੰਚ ਕੇ ਕਿਲੇ ਨੂੰ ਢਾਹੁੰਦਾ,ਤੋਪਾਂ ਉਨੇ ਪਹੁੰਚ ਚੁਕੀਆਂ ਸਨ । ਵੀਲਰ ਨੂੰ ਇਹੋ ਜਿਹੀ ਮੂੰਹ-ਜ਼ੋਰੀ ਦੀ ਕੋਈ ਆਸ ਨਹੀਂ ਸੀ। ਉਸ ਨੇ ਤੁਰੰਤ ਕਮਿਸ਼ਨਰ ਨੂੰ ਸਾਰੀ ਹਾਲਤ ਤੋਂ ਜਾਣੂ ਕਰਾਇਆ ਤੇ ਦੱਖਣੀ ਸਰਾਏ ਦੇ ਵਸਨੀਕਾਂ ਦੇ ਵਿਰੁਧ ਸਖਤ ਕਾਰਵਾਈ ਕੀਤੀ । ਉਹਦੇ ਹੁਕਮ ਹੇਠ ਨਕੋਦਰ ਦੇ ਕਮਾਂਡਿੰਗ ਅਫਸਰ ਨੇ ਬੇਕਾਇਦਾ ਸੁਆਰਾਂ ਦਾ ਇਕ ਦਸਤਾ ਦੱਖਣੀ ਸਰਾਏ ਦੇ ਕਿਲ੍ਹੇ ਵਿਚ ਭੇਜ ਦਿੱਤਾ ਤੇ ਉਨ੍ਹਾਂ ਨੇ ਬਾਬਾ ਬਿਕਰਮ ਸਿੰਘ ਜੀ ਬੇਦੀ ਸਾਹਿਬ ਦੇ ਅਫਸਰਾਂ ਨੂੰ ਚੁੰਗੀ ਮਸੂਲ ਲਾਉਣ ਤੋਂ ਰੋਕ ਦਿੱਤਾ ।

ਇਸ ਉੱਤੇ ਬਾਬਾ ਬਿਕਰਮ ਸਿੰਘ ਜੀ ਨੇ ਜਾਹਨ ਲਾਰੰਸ ਨੂੰ ਇਕ ਚਿੱਠੀ ਲਿਖੀ, ਜਿਸ ਵਿਚ ਇਸ ਗੱਲ ਤੇ ਸਖਤ ਰੋਸ ਪ੍ਰਗਟ ਕੀਤਾ ਕਿ ਕਿਲ੍ਹੇ ਉੱਤੇ ਨਜਾਇਜ਼ ਕਬਜ਼ਾ ਕੀਤਾ ਗਿਆ ਹੈ ਤੇ ਅੰਗਰੇਜ਼ ਫ਼ੌਜੀ ਸਰਾਏ ਤੇ ਵਸਨੀਕਾਂ ਨੂੰ ਬਹੁਤ ਦੁਖ ਦੇ ਰਹੇ ਹਨ । ਇਸ ਦੇ ਨਾਲ ਹੀ ਬਾਬਾ ਸਾਹਿਬ ਦੇ ਵਕੀਲ ਨੇ ਚੀਫ ਕਮਿਸ਼ਨਰ ਦੇ ਮਨ ਵਿਚ ਇਹ ਗੱਲ ਬਿਠਾਉਣ ਦਾ ਯਤਨ ਕੀਤਾ ਕਿ ਵੀਲਰ ਦੀ ਇਸ ਕਾਰਵਾਈ ਨਾਲ ਬੇਦੀ ਸਾਹਿਬ ਦੀ ਬਹੁਤ ਨਿਰਾਦਰੀ ਹੋਈ ਹੈ । ਜਾਹਨ ਲਾਰੰਸ ਦਾ ਤਾਂ ਮੁੱਢ ਤੋਂ ਹੀ ਇਹ ਪੱਕਾ ਵਿਚਾਰ ਸੀ ਕਿ ਬਾਬਾ ਬਿਕਰਮ ਸਿੰਘ ਜੀ ਨਾਲ ਵਧੇਰੇ ਨਰਮੀ ਵਾਲਾ ਵਰਤਾਓ ਕਰਨਾ ਚਾਹੀਦਾ ਹੈ, ਇਸ ਲਈ ਉਹ ਮੇਜਰ ਵੀਲਰ ਦੇ ਵਤੀਰੇ ਤੋਂ ਛਿੱਥਾ ਪੈ ਗਿਆ ਤੇ ਉਸ ਨੇ "ਉਹਨੂੰ ਅੰਦਰਖਾਨੇ ਸਮਝਾਇਆ ਕਿ ਸਰਾਏ ਤੋਂ ਫ਼ੌਜੀ ਦਸਤਾ ਹਟਾ ਲੈਣਾ ਚਾਹੀਦਾ ਹੈ । ਸੋ ਸੁਆਰਾਂ ਨੂੰ ਵਾਪਸ ਬੁਲਾ ਲਿਆ ਗਿਆ ।" "ਲਾਰੰਸ ਦੀ ਦਲੀਲ ਇਹ ਸੀ ਕਿ ਜਲੰਧਰ ਦੁਆਬੇ ਦੇ ਲੋਕਾਂ ਨੂੰ ਨਵੇਂ ਨਿਯਮਾਂ ਦਾ ਜਿਨ੍ਹਾਂ ਦੁਆਰਾ ਹਥਿਆਰ ਰੱਖਣ ਤੇ ਪਾਬੰਦੀ ਲਾਈ ਗਈ ਸੀ, ਪਤਾ ਨਹੀਂ ਸੀ ਤੇ ਇਸ ਇਲਾਕੇ ਨੂੰ ਅੰਗਰੇਜ਼ੀ ਰਾਜ ਵਿਚ ਮਿਲਾਉਣ ਤੋਂ ਬਾਅਦ ਇਸ ਭਾਵ ਦਾ ਕੋਈ ਐਲਾਨ ਜਾਰੀ ਨਹੀਂ ਕੀਤਾ ਗਿਆ ਸੀ । ਇਸ ਵਾਸਤੇ ਉਹ ਮਹਿਸੂਸ ਕਰਦਾ ਸੀ ਕਿ ਬਾਬਾ ਬਿਕਰਮ ਸਿੰਘ ਜੀ ਨੇ ਇਹ ਸਭ ਕੁਝ ਬੇਖ਼ਬਰੀ ਦੇ ਕਾਰਨ ਕੀਤਾ ਹੈ।

ਪ੍ਰੰਤੂ ਬਾਬਾ ਬਿਕਰਮ ਸਿੰਘ ਜੀ ਅੰਗਰੇਜ਼ ਕਮਿਸ਼ਨਰ ਦੇ ਫੈਲਾਏ ਹੋਏ ਜਾਲ ਵਿਚ ਫਸਣ ਵਾਲੇ ਨਹੀਂ ਸਨ । ਜਦ 10 ਮਈ 1846 ਨੂੰ ਇਕ ਸੁਨੇਹੇ ਦੁਆਰਾ ਜਾਹਨ ਲਾਰੰਸ ਨੇ ਬੇਦੀ ਸਾਹਿਬ ਨੂੰ ਸਲਾਹ ਦਿੱਤੀ ਕਿ ਉਹ ਤੋਪਾਂ ਸਰਕਾਰ ਦੇ ਹਵਾਲੇ ਕਰ ਦੇਣ ਤਾਂ 26 ਮਈ ਨੂੰ ਬਾਬਾ ਜੀ ਨੇ ਬਾਅਦਬ, ਪਰ ਟਕੇ ਵਰਗਾ ਜੁਆਬ ਦੇਂਦਿਆਂ ਹੋਇਆਂ ਤੋਪਾਂ ਹਵਾਲੇ ਕਰਨ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਦੇ ਖਿਆਲ ਵਿਚ ਇਹ ਕੰਮ ਸਭ ਤੋਂ ਵਧੇਰੇ ਬੇਇਜ਼ਤੀ ਵਾਲਾ ਸੀ । ਬਾਬਾ ਬਿਕਰਮ ਸਿੰਘ ਜੀ ਦੇ ਇਸ ਦੋ ਟੁੱਕ ਉਤਰ ਤੋਂ ਜਾਹਨ ਲਾਰੰਸ ਨੂੰ ਪਤਾ ਲੱਗ ਗਿਆ ਕਿ ਉਸ ਦਾ ਵਾਹ ਕਿਸੇ ਮਾੜੇ-ਮੋਟੇ ਆਦਮੀ ਨਾਲ ਨਹੀਂ । ਹੁਣ ਘੁਮੰਡੀ ਕਮਿਸ਼ਨਰ ਲਈ ਇਕ ਅੰਤਮ ਚਿਤਾਵਨੀ ਦੇਣ ਤੋਂ ਛੁੱਟ ਕੋਈ ਚਾਰਾ ਨਹੀਂ ਸੀ। ਸੋ ਉਸ ਨੇ ਬਾਬਾ ਬੇਦੀ ਸਾਹਿਬ ਨੂੰ ਲਿਖਿਆ ਕਿ "ਜੇ ਮੈਨੂੰ ਸਤ ਦਿਨ ਦੇ ਅੰਦਰ ਤੋਪਾਂ ਪਹੁੰਚਣ ਦੀ ਖ਼ਬਰ ਨਾ ਮਿਲੀ ਤਾਂ ਮੈਂ ਸਰਕਾਰ ਨੂੰ ਰਿਪੋਰਟ ਕਰ ਦਿਆਂਗਾ।"

ਉਧਰ ਬਾਬਾ ਬਿਕਰਮ ਸਿੰਘ ਜੀ ਨੇ ਪਹਿਲਾਂ ਹੀ ਅੱਗੋਂ ਵਾਲੀ ਕਾਰਵਾਈ ਬਾਬਤ ਫ਼ੈਸਲਾ ਕਰ ਲਿਆ ਸੀ। ਭਾਵੇਂ ਕੁਝ ਵੀ ਹੋਵੇ, ਉਹ ਅੰਗਰੇਜ਼ ਸਰਕਾਰ ਦੀਆਂ ਧਮਕੀਆਂ ਤੋਂ ਯਰਕਣ ਲਈ ਤਿਆਰ ਨਹੀਂ ਸੀ।

### ਜਗੀਰ ਜ਼ਬਤ ਹੋਣੀ

ਜਦ ਬਾਬਾ ਬਿਕਰਮ ਸਿੰਘ ਜੀ ਨੇ ਕਿਸੇ ਵੀ ਕੀਮਤ ਤੇ ਤੋਪਾਂ ਹਵਾਲੇ ਕਰਨਾ ਨਾ ਮੰਨਿਆ ਤਾਂ ਜਾਹਨ ਲਾਰੰਸ ਨੇ ਅਗਲਾ ਕਦਮ ਚੁਕਿਆ। ਉਸ ਨੇ ਸਰਕਾਰ ਪਾਸ ਸਿਫਾਰਸ਼ ਕੀਤੀ ਕਿ ਸਜ਼ਾ ਵਜੋਂ ਬਾਬਾ ਬੇਦੀ ਦੀਆਂ ਜਾਗੀਰਾਂ ਜ਼ਬਤ ਕਰ ਲਈਆਂ ਜਾਣ ਤੇ ਇਸ ਬਦਲੇ ਉਨ੍ਹਾਂ ਨੂੰ ਪੈਨਸ਼ਨ ਦੀ ਪੇਸ਼ਕਸ਼ ਕੀਤੀ ਜਾਏ। ਗਵਰਨਰ-ਜਨਰਲ ਨੇ ਇਸ ਤਜਵੀਜ਼ ਨਾਲ ਸੰਮਤੀ ਪ੍ਰਗਟ ਕਰਦਿਆਂ ਹੋਇਆਂ ਕਮਿਸ਼ਨਰ ਨੂੰ ਲਿਖਿਆ, "ਬਾਬਾ ਬਿਕਰਮ ਸਿੰਘ ਦੀਆਂ ਜਾਗੀਰਾਂ ਨੂੰ ਜ਼ਬਤ ਕਰਨਾ ਬਿਲਕੁਲ ਹੱਕੀ ਕਾਰਵਾਈ ਹੈ, ਕਿਉਂਕਿ ਇਸ ਤਰ੍ਹਾਂ ਉਹ ਉਨ੍ਹਾਂ ਸਾਧਨਾਂ ਤੋਂ ਵਿਰਵਾ ਹੋ ਜਾਂਦਾ ਹੈ, ਜਿਨ੍ਹਾਂ ਦੁਆਰਾ ਉਹ ਸਾਮਰਾਜੀ ਸਰਕਾਰ ਨੂੰ ਕੋਈ ਨੁਕਸਾਨ ਪਹੁੰਚਾ ਸਕਦਾ ਹੈ।' ਇਸ ਦੇ ਨਾਲ ਹੀ ਉਸ ਨੇ ਹੁਕਮ ਜਾਰੀ ਕਰ ਦਿੱਤਾ ਕਿ ਬਾਬਾ ਬਿਕਰਮ ਸਿੰਘ ਜੀ ਦੇ ਸਾਰੇ ਕਿਲ੍ਹੇ ਢਾਹ ਦਿੱਤੇ ਜਾਣ।

ਇਨ੍ਹਾਂ ਸਾਰੀਆਂ ਬਦਲਾ-ਲਊ ਕਾਰਵਾਈਆਂ ਦਾ ਨਤੀਜਾ ਕੇਵਲ ਇਹ ਨਿਕਲਿਆ ਕਿ ਬਾਬਾ ਬਿਕਰਮ ਸਿੰਘ ਜੀ ਹੋਰ ਦ੍ਰਿੜ੍ਹਤਾ ਨਾਲ ਅੰਗਰੇਜ਼ ਦਾ ਵਿਰੋਧ ਕਰਨ ਲੱਗ ਪਏ। ਉਨ੍ਹਾਂ ਨੇ ਆਪਣੀਆਂ ਜਾਗੀਰਾਂ ਬਦਲੇ 31,212 ਰੁਪਏ ਸਾਲਾਨਾ ਦੀ ਪੈਂਨਸ਼ਨ ਲੈਣ ਤੋਂ ਇਨਕਾਰ ਕਰ ਦਿੱਤਾ ਤੇ ਬੜੇ ਉਤਸ਼ਾਹ ਨਾਲ ਇਕ ਬਲਵਾਨ ਵਿਰੋਧੀ ਧੜਾ ਜਥੇਬੰਦ ਕਰਨ ਵਿਚ ਜੁੱਟ ਪਏ। ਉਨ੍ਹਾਂ ਨੇ ਭਰਤੀ ਕਰਨੀ ਸ਼ੁਰੂ ਕਰ ਦਿੱਤੀ, ਆਲੇ-ਦੁਆਲੇ ਦੇ ਇਲਾਕੇ ਦੇ ਵਿੱਟਰੇ ਹੋਏ ਸਰਦਾਰਾਂ ਨਾਲ ਤਾਲ-ਮੇਲ ਕਾਇਮ ਕੀਤਾ ਤੇ ਜਿਹੜੇ ਕੁਝ ਦੁਰਾਡੇ ਸਨ, ਉਨ੍ਹਾਂ ਦੀ ਰਾਏ ਜਾਣਨ ਵਾਸਤੇ ਵੀ ਕਾਰਵਾਈ ਕੀਤੀ ।

ਹੁਣ ਜਾਹਨ ਲਾਰੰਸ ਨੇ ਹੁਕਮ ਜਾਰੀ ਕੀਤਾ ਕਿ ਊਨੇ ਵਿਚ ਬਾਬਾ ਬਿਕਰਮ ਸਿੰਘ ਜੀ ਦੇ ਘਰ ਦੀ ਪੂਰੀ ਤਰ੍ਹਾਂ ਤਲਾਸ਼ੀ ਲਈ ਜਾਏ ਤੇ ਜੋ ਵੀ ਹਥਿਆਰ ਉਨ੍ਹਾਂ ਕਬਜ਼ੇ ਵਿਚ ਹੋਣ, ਉਹ ਜ਼ਬਤ ਕਰ ਲਏ ਜਾਣ ਤਾਂ ਜੋ ਉਹ ਅੰਗਰੇਜ਼ੀ ਸਰਕਾਰ ਨੂੰ ਕੋਈ ਨੁਕਸਾਨ ਨਾ ਪਹੁੰਚਾ ਸਕਣ। ਤਲਾਸ਼ੀ ਲੈਣ ਵਾਲੀ ਟੋਲੀ ਇਹ ਵੇਖ ਕੇ ਹੈਰਾਨ ਹੋ ਗਈ ਕਿ ਬਾਬਾ ਬੇਦੀ ਸਾਹਿਬ ਨੇ ਬਹੁਤ ਸਾਰੇ ਹਥਿਆਰ ਆਪਣੀ ਜਾਗੀਰ ਦੇ ਬਾਗ ਵਿਚ ਲੁਕੋਏ ਹੋਏ ਸਨ। ਇਸ ਦੋਸ਼ ਦੀ ਸਜ਼ਾ ਵਜੋਂ ਚੀਫ ਕਮਿਸ਼ਨਰ ਨੇ ਉਨ੍ਹਾਂ ਦੀ ਪੈਂਨਸ਼ਨ ਘਟਾ ਕੇ 12,000 ਰੁਪਏ ਦੀ ਤੁੱਛ ਰਕਮ ਵਿਚ ਬਦਲ ਦਿੱਤੀ। ਬੇਦੀ ਜੀ ਨੇ ਬੜੀ ਦਲੇਰੀ ਨਾਲ ਇਹ ਪੇਸ਼ਕਸ਼ ਵੀ ਠੁਕਰਾ ਦਿੱਤੀ।

### ਪਹਾੜਾਂ ਦੀ ਬਗਾਵਤ

ਘਟਾਈ ਹੋਈ ਪੈਂਨਸ਼ਨ ਦੀ ਪੇਸ਼ਕਸ਼ ਠੁਕਰਾਣ ਤੋਂ ਬਾਅਦ ਬਾਬਾ ਬਿਕਰਮ ਸਿੰਘ ਦਿਲੋਂ ਅੰਗਰੇਜ਼ਾਂ ਦੇ ਵਿਰੁਧ ਹਥਿਆਰਬੰਦ ਬਗਾਵਤ ਜੱਥੇਬੰਦ ਕਰਨ ਵਿਚ ਜੁੱਟ ਪਏ। ਇਹ ਬਗਾਵਤ ਪਹਾੜੀਆਂ ਵਿਚ ਕਰਨ ਦਾ ਫ਼ੈਸਲਾ ਹੋਇਆ। ਇਸ ਦਾ ਕਾਰਨ ਇਹ ਸੀ ਕਿ 1848 ਈ. ਦੇ ਸ਼ੁਰੂ ਵਿਚ ਕਾਂਗੜੇ ਤੋਂ ਸਾਰੀਆਂ ਅੰਗਰੇਜ਼ ਰੈਜਮੈਂਟਾਂ ਵਾਪਸ ਬੁਲਾ ਲਈਆਂ ਗਈਆਂ ਸਨ ਤੇ ਨੂਰਪੁਰ ਦੇ ਕਿਲ੍ਹੇ ਦੀ ਰੱਖਿਅਕ ਸੈਨਾ ਘਟਾ ਕੇ ਤਿੰਨ ਕੰਪਨੀਆਂ ਕਰ ਦਿੱਤੀ ਗਈ ਸੀ, ਜੋ ਹਾਜੀਪੁਰ ਦੇ ਸਦਰ-ਮੁਕਾਮ ਤੋਂ ਅੱਡ ਕੀਤੀਆਂ ਗਈਆਂ ਸਨ। ਇਸ ਹਾਲਤ ਵਿਚ ਪੂਰਾ ਫ਼ਾਇਦਾ ਉਠਾ ਕੇ ਬਾਬਾ ਬੇਦੀ ਜੀ ਨੇ ਸਾਰੇ ਨਾਰਾਜ਼ ਪਹਾੜੀ ਰਾਜਿਆਂ ਦਾ ਸੰਘ ਜੱਥੇਬੰਦ ਕਰਨਾ ਸ਼ੁਰੂ ਕੀਤਾ। ਉਨ੍ਹਾਂ ਨੇ ਲੋਕਾਂ ਵੱਲ ਆਪਣੇ ਸ਼ਫੀਰ ਭੇਜੇ ਤੇ ਉਨ੍ਹਾਂ ਨੂੰ ਪ੍ਰੇਰਨਾ ਕੀਤੀ ਕਿ ਉਹ ਅੰਗਰੇਜ਼ ਦੇ ਵਿਰੁਧ ਉਠ ਖੜੇ ਹੋਣ, 'ਜਿਨ੍ਹਾਂ ਦਾ ਰਾਜ ਛੇਤੀ ਹੀ ਖ਼ਤਮ ਹੋਣ ਵਾਲਾ ਸੀ।' ਪਹਾੜੀ ਰਾਜੇ, ਜਿਨ੍ਹਾਂ ਦੀ ਸੁਤੰਤਰਤਾ ਸਿੱਖ ਰਾਜ ਦੇ ਸਮੇਂ ਖੁੱਸ ਗਈ ਸੀ । ਆਪਣੇ ਆਪ ਨੂੰ ਮੁੜਕੇ ਆਜ਼ਾਦ ਕਰਾਉਣ ਲਈ ਹੱਥ ਪੈਰ ਮਾਰਨ ਲੱਗ ਪਏ।

ਬਾਬਾ ਬਿਕਰਮ ਸਿੰਘ ਜੀ ਜਲੰਧਰ ਦੁਆਬੇ ਦੇ ਸਾਰੇ ਉੱਘੇ ਵਿਅਕਤੀਆਂ ਨੂੰ ਮਿਲੇ। ਇਨ੍ਹਾਂ ਵਿਚ ਕਰਤਾਰਪੁਰ ਦਾ ਸੋਢੀ ਲੱਧਾ ਸਿੰਘ ਵੀ ਸੀ, ਜੋ ਸਿੱਖ ਗੁਰੂਆਂ ਦੇ ਬੰਸ ਵਿਚੋਂ ਸੀ ਤੇ ਇਸ ਕਰਕੇ ਇਲਾਕੇ ਵਿਚ ਬਹੁਤ ਇਜ਼ਤ ਦੀ ਨਜ਼ਰ ਨਾਲ ਵੇਖਿਆ ਜਾਂਦਾ ਸੀ। ਬਾਬਾ ਬੇਦੀ ਸਾਹਿਬ ਨੇ ਉਸ ਨੂੰ ਸਲਾਹ ਦਿੱਤੀ ਕਿ ਉਹ ਅੰਗਰੇਜ਼ ਨਾਲ ਅੰਤਮ ਘੋਲ ਲਈ ਕਮਰਕੱਸੇ ਕਰ ਲਏ। ਇਸ ਤੋਂ ਛੁੱਟ ਬਾਬਾ ਬੇਦੀ ਜੀ, ਸੋਢੀ ਜੋਧ ਸਿੰਘ, ਸੁੰਦਰ ਸਿੰਘ ਤੇ ਉਨ੍ਹਾਂ ਦੇ ਮਾਮੇ ਰਾਮ ਸਿੰਘ ਨੂੰ ਵੀ ਮਿਲੇ, ਜਿਸ ਦੀ ਇਸ ਇਲਾਕੇ ਵਿਚ ਜਾਗੀਰ ਸੀ। ਇਨ੍ਹਾਂ ਸਭ ਉੱਘੇ ਰਈਸਾਂ ਨੇ ਬਾਬਾ ਬਿਕਰਮ ਸਿੰਘ ਜੀ ਦੇ ਨਾਂ ਉੱਤੇ ਭਰਤੀ ਕਰਨੀ ਸ਼ੁਰੂ ਕਰ ਦਿੱਤੀ।

ਬਾਬਾ ਜੀ ਦੀ ਵੰਗਾਰ ਉੱਤੇ ਬਹੁਤ ਸਾਰੇ ਬਹੁਤ ਉੱਘੇ ਆਦਮੀ ਮੈਦਾਨ ਵਿਚ ਨਿੱਤਰ ਪਏ ਸਨ ਤੇ ਆਮ ਕਰਕੇ ਲੋਕ ਉਨ੍ਹਾਂ ਹੱਕ ਵਿਚ ਸਨ, ਇਸ ਲਈ ਹੁਸ਼ਿਆਰਪੁਰ ਤੇ ਦਾ ਡਿਪਟੀ ਕਮਿਸ਼ਨਰ ਮਿ: ਰਾਬਰਟ ਕਸਟ ਘਬਰਾ ਗਿਆ ਤੇ ਉਸ ਨੇ ਜਾਹਨ ਲਾਰੰਸ ਨੂੰ ਸਲਾਹ ਦਿੱਤੀ ਕਿ ਬਾਬਾ ਬਿਕਰਮ ਸਿੰਘ ਜੀ ਨੂੰ ਪੰਜਾਬ ਵਿਚੋਂ ਦੇਸ਼-ਨਿਕਾਲਾ ਦੇ ਕੇ ਹਰਦੁਆਰ ਭੇਜ ਦਿੱਤਾ ਜਾਏ। ਪ੍ਰੰਤੂ ਲਾਰੰਸ ਨੇ ਰਾਜਨੀਤੀ ਦ੍ਰਿਸ਼ਟੀਕੋਣ ਤੋਂ ਇਹ ਤਜਵੀਜ਼ ਅਪਰਵਾਨ ਕਰ ਦਿੱਤੀ। ਉਹਦਾ ਖ਼ਿਆਲ ਸੀ ਕਿ ਉਸ ਮੌਕੇ ਤੇ ਇਹੋ ਜਿਹੀ ਕਿਸੇ ਕਾਰਵਾਈ ਨਾਲ ਇਕ ਤਾਂ ਬਿਨਾਂ ਕਿਸੇ ਲੋੜ ਦੇ ਅੰਗਰੇਜ਼ੀ ਨੀਤੀ ਦੀ ਕੜੀ ਆਲੋਚਨਾ ਹੋਵੇਗੀ ਤੇ ਦੂਜਾ ਆਮ ਲੋਕਾਂ ਦੀ ਹਮਦਰਦੀ ਬਾਬਾ ਬੇਦੀ ਸਾਹਿਬ ਨਾਲ ਹੋ ਜਾਏਗੀ।

ਬਾਬਾ ਬਿਕਰਮ ਸਿੰਘ ਜੀ ਚੰਗੀ ਤਰ੍ਹਾਂ ਜਾਣਦੇ ਸੀ ਕਿ ਕੇਵਲ ਜਲੰਧਰ ਦੁਆਬੇ ਦੀ ਬਗ਼ਾਵਤ ਅੰਗਰੇਜ਼ਾਂ ਦੀ ਸ਼ਕਤੀ ਨੂੰ ਨਹੀਂ ਹਿਲਾ ਸਕੇਗੀ, ਇਸ ਲਈ ਉਨ੍ਹਾਂ ਨੇ ਇਸ ਦਾ ਘੇਰਾ ਬਹੁਤ ਖੁਲ੍ਹਾ ਕਰ ਦਿੱਤਾ । ਉਨ੍ਹਾਂ ਨੇ ਹਜ਼ਾਰੇ ਦੇ ਗਵਰਨਰ, ਸਰਦਾਰ ਚਤਰ ਸਿੰਘ ਕੋਲ ਆਪਣਾ ਵਕੀਲ ਭੇਜਿਆ। ਹਜ਼ਾਰੇ ਦੇ ਅਸਿਸਟੈਂਟ ਰੈਜ਼ੀਡੈਂਟ, ਕੈਪਟਨ ਜੇਮਜ਼ ਐਬਟ ਨੇ ਇਸ ਗੱਲ ਦੀ ਰਿਪੋਰਟ ਰੈਜ਼ੀਡੈਂਟ ਨੂੰ ਭੇਜਦਿਆਂ ਹੋਇਆਂ ਲਿਖਿਆ,"ਬੜੇ ਭਰੋਸੇ ਨਾਲ ਕਿਹਾ ਜਾਂਦਾ ਹੈ ਕਿ ਸਰਦਾਰ ਚਤਰ ਸਿੰਘ ਨੇ ਜਿਸ ਬਾਬੇ ਦਾ ਬੜੇ ਆਦਰ-ਮਾਣ ਨਾਲ ਸੁਆਗਤ ਕੀਤਾ ਹੈ, ਉਹ ਜਲੰਧਰ ਤੋਂ ਆਇਆ ਹੈ। ਉਸ ਦਾ ਨਾਂ ਅਛਰਾ ਸਿੰਘ ਹੈ ਤੇ ਉਹ ਸੋਢੀ ਖ਼ਾਨਦਾਨ ਵਿਚੋਂ ਹੈ। ਉਸ ਦੀ ਹੋਂਦ ਬਾਰੇ ਬਹੁਤ ਭੇਤ ਰਖਿਆ ਜਾ ਰਿਹਾ ਹੈ। ਨਾਜ਼ਮ (ਗਵਰਨਰ) ਇਹ ਪਖੰਡ ਕਰ ਰਿਹਾ ਹੈ ਕਿ ਉਹ ਉਹਦੀ ਬਾਬਤ ਕੁਝ ਨਹੀਂ ਜਾਣਦਾ। ਉਹਦਾ ਨਾਂ ਬੜੀ ਮੁਸ਼ਕਲ ਨਾਲ ਪਤਾ ਲੱਗਾ ਹੈ। ਕੁਝ ਦਿਨਾਂ ਤੱਕ ਉਸ ਨੇ ਪਿਸ਼ਾਵਰ ਵੱਲ ਚਲੇ ਜਾਣਾ ਹੈ। ਨਿਸਚੇ ਹੀ ਉਹ ਕਿਸੇ ਵਿਸ਼ੇਸ਼ ਕੰਮ ਤੇ ਜਾ ਰਿਹਾ ਹੈ। ਮੇਰੇ ਖ਼ਿਆਲ ਵਿਚ ਉਹ ਉਨ੍ਹਾਂ ਧਾਰਮਿਕ ਜਾਗੀਰਦਾਰਾਂ ਵਿਚੋਂ ਹੈ, ਜਿਨ੍ਹਾਂ ਨੂੰ ਬਗ਼ਾਵਤ ਦੇ ਕਾਰਨ ਆਪਣੀਆਂ ਜਾਗੀਰਾਂ ਤੋਂ ਵਾਂਝੇ ਕਰ ਦਿੱਤਾ ਗਿਆ ਹੈ।

ਇਸ ਸਮੇਂ ਮੂਲ ਰਾਜ ਨੇ ਮੁਲਤਾਨ ਵਿਚ ਬਗ਼ਾਵਤ ਕਰ ਦਿੱਤੀ। ਬਾਬਾ ਬਿਕਰਮ ਸਿੰਘ ਜੀ ਵਾਸਤੇ ਇਹ ਬਗ਼ਾਵਤ ਅੰਗਰੇਜ਼ਾਂ ਨੂੰ ਬਾਹਰ ਕੱਢਣ ਵਾਸਤੇ ਇਕ ਕਿਸਮ ਦੀ ਵੰਗਾਰ ਸੀ। ਉਨ੍ਹਾਂ ਨੇ ਪਹਾੜੀ ਰਾਜਿਆਂ ਨੂੰ ਅੰਗਰੇਜ਼ਾਂ ਦੇ ਖਿਲਾਫ ਧਰਮ-ਯੁੱਧ ਕਰਨ ਲਈ ਲਲਕਾਰਦਿਆਂ ਕਿਹਾ, "ਦੇਸ਼ ਦੇ ਬਹਾਦਰ ਸੂਰਬੀਰੋ, ਅੱਜ ਅੰਗਰੇਜ਼ ਨੇ ਤੁਹਾਡੇ ਦੇਸ਼ ਨੂੰ ਗੁਲਾਮ ਬਣਾਉਣ ਲਈ ਤੁਹਾਡੇ ਤੇ ਹਮਲਾ ਕਰ ਦਿੱਤਾ ਹੈ । ਇਸ ਲਈ ਸਾਡਾ ਫਰਜ਼ ਹੈ ਕਿ ਅਸੀਂ ਸਭ ਮਤ-ਭੇਦ ਭੁਲਾ ਕੇ ਇਨ੍ਹਾਂ ਧਾੜਵੀਆਂ ਦਾ ਮੂੰਹ ਮੋੜੀਏ । ਦੇਸ਼ ਲਈ ਸ਼ਹੀਦ ਹੋਣਾ ਹੀ ਅਸਲੀ ਜ਼ਿੰਦਗੀ ਹੈ । ਇਸ ਲਈ ਤੁਹਾਨੂੰ ਇਹ ਗੱਲ ਸ਼ੋਭਾ ਨਹੀਂ ਦਿੰਦੀ ਕਿ ਤੁਸੀਂ ਦੇਸ਼ ਲਈ ਆਪਣੇ ਫਰਜ਼ਾਂ ਨੂੰ ਭੁੱਲ ਜਾਵੋ । ਉਠੋ । ਤਕੜੇ ਹੋਵੋ ਤੇ ਵੈਰੀਆਂ ਦੇ ਮੂੰਹ ਭੰਨ ਦੇਵੋ । ਇਨ੍ਹਾਂ ਵਿਰੁਧ ਵਾਰ ਕਰਨ ਦਾ ਇਹੀ ਯੋਗ ਮੌਕਾ ਹੈ ।" ਇਸ ਸਮੇਂ ਜਾਹਨ ਲਾਰੰਸ

ਨੇ ਐੱਫ ਕਰੀ ਨੂੰ ਬਿਲਕੁਲ ਠੀਕ ਲਿਖਿਆ ਸੀ, "ਮੇਰੇ ਕੰਨੀਂ ਕਈ ਪਾਸਿਆਂ ਤੋਂ ਆਵਾਜ਼ ਪੈ ਰਹੀ ਹੈ ਕਿ ਮੌਜੂਦਾ ਬਗ਼ਾਵਤ ਦਾ ਮੁੱਖ ਪ੍ਰਸਤਾਵਕ ਬਾਬਾ ਬਿਕਰਮ ਸਿੰਘ ਹੈ। ਉਸ ਨੇ ਇਨ੍ਹਾਂ ਮੂਰਖ ਰਾਜਿਆਂ ਨੂੰ, ਜੋ ਸਿੱਧੜ ਜਿਹੇ ਤੇ ਅਨਪੜ੍ਹ ਆਦਿ-ਵਾਸੀ ਹਨ, ਚੁੱਕਿਆ ਹੈ ਕਿ ਆਪਣੀ ਸੁਤੰਤਰਤਾ ਵਾਪਸ ਲੈਣ ਦਾ ਇਹ ਯੋਗ ਮੌਕਾ ਹੈ। ਹੁਸ਼ਿਆਰਪੁਰ ਦੇ ਡਿਪਟੀ ਕਮਿਸ਼ਨਰ, ਰਾਬਰਟ ਕਸਟ ਨੇ ਵੀ ਇਸ ਤੋਂ ਪਹਿਲਾਂ ਇਸੇ ਤਰ੍ਹਾਂ ਦੇ ਵਿਚਾਰ ਪ੍ਰਗਟ ਕੀਤੇ ਸਨ। ਉਸ ਨੇ ਲਿਖਿਆ ਸੀ,"ਊਨਾ ਸਾਰੀਆਂ ਸਾਜ਼ਿਸ਼ਾਂ ਦਾ ਕੇਂਦਰ ਹੈ। ਅੰਬ ਤੇ ਗੜ੍ਹਸ਼ੰਕਰ ਦੇ ਤਹਿਸੀਲਦਾਰ,ਊਨੇ ਦੇ ਥਾਣੇਦਾਰ ਤੇ ਹੋਰ ਕਈ ਗ਼ੈਰ-ਸਰਕਾਰੀ ਬੰਦਿਆਂ ਨੇ ਰਿਪੋਰਟ ਦਿੱਤੀ ਹੈ ਕਿ ਬਾਬਾ ਬੇਦੀ ਆਦਮੀ ਭਰਤੀ ਕਰ ਰਿਹਾ ਹੈ। ਉਸ ਨੇ ਉਨ੍ਹਾਂ ਪਿੰਡਾਂ ਵਿਚ ਆਪਣੇ ਪ੍ਰਤੀਨਿਧ ਭੇਜੇ ਹਨ, ਜਿਹੜੇ ਪਹਿਲਾਂ ਉਹਦੀ ਜਾਗੀਰ ਵਿਚ ਸਨ ਅਤੇ ਉਹ ਖੁਲ੍ਹਮ-ਖੁਲ੍ਹਾ ਪ੍ਰਚਾਰ ਕਰ ਰਿਹਾ ਹੈ ਕਿ ਸਰਕਾਰ ਬਦਲਣ ਵਾਲੀ ਹੈ। ਅਸਲ ਵਿਚ ਉਹੀ ਜੰਗੀ ਕਾਰਵਾਈ ਲਈ ਤਿਆਰ ਹੈ ਤੇ ਕੇਵਲ ਮੌਕਾ ਢੂੰਡ ਰਿਹਾ ਹੈ।

ਬਾਬਾ ਬਿਕਰਮ ਸਿੰਘ ਜੀ ਦੀ ਵੰਗਾਰ ਉੱਤੇ ਨਿਤਰਨ ਵਾਲੇ ਪਹਿਲੇ ਬੰਦਿਆਂ ਵਿਚੋਂ ਇਕ ਨੂਰਪੁਰ ਦੇ ਰਾਜੇ ਦੇ ਵਜ਼ੀਰ ਦਾ ਪੁੱਤਰ ਰਾਮ ਸਿੰਘ ਸੀ। ਜੰਮੂ ਦੀਆਂ ਪਹਾੜੀਆਂ ਵਿਚੋਂ ਫ਼ੌਜ ਇਕੱਠੀ ਕਰ ਕੇ ਉਸ ਨੇ ਅਛੋਪਲੇ ਹੀ ਰਾਵੀ ਦਰਿਆ ਪਾਰ ਕੀਤਾ ਤੇ ਸ਼ਾਹਪੁਰ ਕਿਲ੍ਹੇ ਉੱਤੇ ਕਬਜ਼ਾ ਕਰ ਲਿਆ । ਜਾਹਨ ਲਾਰੰਸ ਨੇ ਜ਼ਾਤੀ ਤੌਰ ਤੇ ਰਾਮ ਸਿੰਘ ਦੇ ਵਿਰੁਧ ਮੁਹਿੰਮ ਦੀ ਅਗਵਾਈ ਕੀਤੀ। ਉਸ ਨੇ ਬਾਗ਼ੀ ਰਾਮ ਸਿੰਘ ਦੇ ਕਿਲ੍ਹੇ ਉੱਤੇ ਗੋਲਾਬਾਰੀ ਕੀਤੀ ਤੇ ਉਸ ਨੂੰ ਝਨਾਓਂ-ਪਾਰ ਰਾਜਾ ਸ਼ੇਰ ਸਿੰਘ ਦੇ ਕੈਂਪ ਵੱਲ ਭੱਜਣ ਲਈ ਮਜਬੂਰ ਕਰ ਦਿੱਤਾ।

ਇਸ ਸਮੇਂ ਜਸਵਾਨ ਤੇ ਦਾਤਾਰਪੁਰ ਦੇ ਪਹਾੜੀ ਰਾਜਿਆਂ ਨੇ ਵੀ ਬਗ਼ਾਵਤ ਕਰ ਦਿੱਤੀ ਤੇ ਇਸ ਤਰ੍ਹਾਂ ਹਾਜੀਪੁਰ ਤੋਂ ਲੈ ਕੇ ਰੋਪੜ ਤੱਕ ਜਸਵਾਨ ਵਾਦੀ ਦਾ ਸਾਰਾ ਇਲਾਕਾ ਅੰਗਰੇਜ਼ਾਂ ਵਿਰੁਧ ਕ੍ਰਾਂਤੀ ਛੇੜਨ ਵਾਲਿਆਂ ਦਾ ਕੇਂਦਰ ਬਣ ਗਿਆ। ਇਸ ਤੋਂ ਛੁੱਟ ਕਾਂਗੜੇ ਦਾ ਕਟੋਚ ਰਾਜਾ ਵੀ ਇਸ ਧਰਮ ਯੁੱਧ ਵਿਚ ਸ਼ਾਮਿਲ ਹੋ ਗਿਆ ਤੇ ਉਸ ਨੇ ਰਿਆਬ ਤੇ ਅੰਭੇਮਨਪੁਰ ਦੇ ਗਵਾਂਢੀ ਕਿਲ੍ਹਿਆਂ ਉੱਤੇ ਕਬਜ਼ਾ ਕਰ ਲਿਆ ।ਬਾਬਾ ਬਿਕਰਮ ਸਿੰਘ ਜੀ ਜਸਵਾਨ ਰਾਜੇ ਦੀ ਫ਼ੌਜ ਨੂੰ ਮਦਦ ਪਹੁੰਚਾਣ ਲਈ ਤੇਜ਼ੀ ਨਾਲ ਅੱਗੇ ਵਧੇ, ਪਰ ਮੰਦੇ ਭਾਗਾਂ ਨੂੰ ਬਾਬਾ ਬਿਕਰਮ ਸਿੰਘ ਦੇ ਪਹੁੰਚਣ ਤੋਂ ਪਹਿਲਾਂ ਰਾਜੇ ਦੀ ਹਾਰ ਹੋ ਗਈ ।

### ਦੂਜੇ ਅੰਗਰੇਜ਼-ਸਿੱਖ ਜੁੱਧ ਵਿਚ ਸ਼ਾਮਲ ਹੋਣਾ

ਪਹਾੜੀ ਰਾਜਿਆਂ ਦੀ ਹਾਰ ਹੋਣ ਨਾਲ ਬਾਬਾ ਬਿਕਰਮ ਸਿੰਘ ਜੀ ਮੈਦਾਨ ਵਿਚ ਇਕੱਲੇ ਰਹਿ ਗਏ। ਇਸ ਵਾਸਤੇ ਉਨ੍ਹਾਂ ਨੇ ਰਾਜਾ ਸ਼ੇਰ ਸਿੰਘ ਦੀਆਂ ਫ਼ੌਜਾਂ ਨਾਲ, ਜਿਨ੍ਹਾਂ ਨੇ ਇਸ ਵੇਲੇ ਤੱਕ ਬਗ਼ਾਵਤ ਕਰ ਦਿੱਤੀ ਸੀ, ਮਿਲਣਾ ਯੋਗ ਸਮਝਿਆ। ਇਸ ਮੰਤਵ ਲਈ ਬਾਬਾ ਬੇਦੀ ਸਾਹਿਬ ਨੇ ਦਸੰਬਰ 1848 ਈ: ਵਿਚ ਸ੍ਰੀ ਹਰਿਗੋਬਿੰਦਪੁਰ ਤੋਂ ਬਿਆਸਾ ਦਰਿਆ ਪਾਰ ਕੀਤਾ ਤੇ ਤੇਜ਼ੀ ਨਾਲ ਅਟਾਰੀ ਵਾਲੇ ਸਰਦਾਰ ਦੀਆਂ ਫ਼ੌਜਾਂ ਨਾਲ ਜਾ ਰਲੇ । ਅੰਗਰੇਜ਼ ਸਰਕਾਰ ਬਾਬਾ ਬੇਦੀ ਜੀ ਦੇ ਬਚ ਕੇ ਨਿਕਲਣ ਤੇ ਦੂਜੇ ਬਾਗੀਆਂ ਨਾਲ ਮਿਲਣ ਉੱਤੇ ਬਹੁਤ ਸਟਪਟਾਈ ਤੇ ਨਤੀਜੇ ਵਜੋਂ ਉਨ੍ਹਾਂ ਦੀ ਗ੍ਰਿਫਤਾਰੀ ਲਈ ਦੋ ਹਜ਼ਾਰ ਰੁਪਏ ਦੇ ਇਨਾਮ ਦਾ ਐਲਾਨ ਕੀਤਾ ਗਿਆ।

ਜਾਪਦਾ ਹੈ ਕਿ ਬਾਗ਼ੀਆਂ ਦੀ ਵੱਡੀ ਫ਼ੌਜ ਨਾਲ ਮਿਲਣ ਤੋਂ ਬਾਅਦ ਬਾਬਾ ਬਿਕਰਮ ਸਿੰਘ ਜੀ ਨੇ ਇਸ ਮੁਹਿੰਮ ਦੀ ਰਾਜਨੀਤਕ ਅਗਵਾਈ ਆਪਣੇ ਹੱਥ ਵਿਚ ਲੈ ਲਈ। ਇਹ ਸੋਚ ਕੇ ਕਿ ਬਾਰਕਜ਼ਈ ਸਰਦਾਰਾਂ ਦੀ ਮਦਦ ਤੋਂ ਬਗੈਰ ਅੰਗਰੇਜ਼ਾਂ ਨੂੰ ਬਾਹਰ ਕੱਢਣਾ ਅਸੰਭਵ ਹੈ, ਉਨ੍ਹਾਂ ਨੇ ਸਰਦਾਰ ਚਤਰ ਸਿੰਘ ਨੂੰ ਪ੍ਰੇਰਿਆ ਕਿ ਉਹ ਅਮੀਰ ਦੋਸਤ ਮੁਹੰਮਦ ਖਾਂ, ਸਰਦਾਰ

ਸੁਲਤਾਨ ਮੁਹੰਮਦ ਤੇ ਪੀਰ ਮੁਹੰਮਦਧਾਰੀ ਨਾਲ ਗੱਠ-ਜੋੜ ਕਰ ਲਏ। ਬਾਬਾ ਸਾਹਿਬ ਨੇ ਆਪ ਕਸ਼ਮੀਰ ਦੇ ਰਹਿ ਚੁਕੇ ਗਵਰਨਰ, ਇਮਾਮ-ਉਦ-ਦੀਨ ਨੂੰ, ਜੋ ਉਸ ਵੇਲੇ ਬੜੀ ਸਰਗਰਮੀ ਨਾਲ ਅੰਗਰੇਜ਼ਾਂ ਦੇ ਹੱਕ ਵਿਚ ਕੰਮ ਕਰ ਰਿਹਾ ਸੀ, ਇਕ ਚਿੱਠੀ ਭੇਜੀ, ਜਿਸ ਵਿਚ ਇਹ ਲਿਖਿਆ ਕਿ "ਦੇਸ਼ ਦੇ ਸਾਰੇ ਹਿੰਦੂ ਤੇ ਮੁਸਲਮਾਨ ਇਸ ਵੇਲੇ ਜੁੜ ਬੈਠੇ ਹਨ। ਉਨ੍ਹਾਂ ਨੇ ਸਮਝ ਲਿਆ ਹੈ ਕਿ ਵਫ਼ਾਦਾਰ ਰਈਅਤ ਤੇ ਆਪੋ ਆਪਣੇ ਧਰਮ ਦੇ ਰੱਖਿਅਕਾਂ ਵਜੋਂ ਉਨ੍ਹਾਂ ਦਾ ਕੀ ਫ਼ਰਜ਼ ਹੈ। ਦੋਸਤ ਮੁਹੰਮਦ, ਦੁਨਿਆਵੀ ਮਾਮਲਿਆਂ ਨਾਲੋਂ ਸਰਕਾਰ ਦੀ ਮਿੱਤਰਤਾ ਦੇ ਮਾਣ ਦਾ ਵਧੇਰੇ ਮੁੱਲ ਪਾਉਂਦਾ ਹੋਇਆ ਆਪਣੀ ਫ਼ੌਜ ਸਮੇਤ ਇਧਰ ਕੂਚ ਕਰ ਰਿਹਾ ਹੈ। ਸਰਦਾਰ ਸੁਲਤਾਨ ਮੁਹੰਮਦ ਧਾਰੀ ਤੇ ਪੀਰ ਮੁਹੰਮਦ ਧਾਰੀ ਨੇ ਵੀ, ਜੋ ਪਹਿਲਾਂ ਸਾਡੇ ਰਾਜ ਦੇ ਦੁਸ਼ਮਣ ਸਨ, ਇਸ ਮੌਕੇ ਨੂੰ ਮੁੜ ਕੇ ਸੰਬੰਧ ਕਾਇਮ ਕਰਨ ਲਈ ਯੋਗ ਸਮਝਿਆ ਹੈ। ਮੈਂ ਇਹ ਮਿਲਾਪ ਕਰਾਉਣ ਵਿਚ ਸਫਲ ਹੋਇਆ ਹਾਂ ਤੇ ਮੈਨੂੰ ਪੂਰੀ ਆਸ ਹੈ ਕਿ ਉਹ ਮੇਰੀਆਂ ਤਜਵੀਜ਼ਾਂ ਦੇ ਪਾਬੰਦ ਰਹਿਣਗੇ।" ਇਸ ਤੋਂ ਬਾਅਦ ਬਾਬਾ ਬੇਦੀ ਜੀ ਨੇ ਉਸ ਨੂੰ ਅਪੀਲ ਕੀਤੀ ਕਿ ਉਹ ਅੰਗਰੇਜ਼ਾਂ ਦੀ ਪੰਜਾਲੀ ਤੋਂ ਆਪਣੇ ਦੇਸ਼ ਨੂੰ ਛੁਟਕਾਰਾ ਦਿਵਾਉਣ ਦੇ ਪਵਿੱਤਰ ਤੇ ਸਾਂਝੇ ਉਦੇਸ਼ ਵਿਚ ਉਨ੍ਹਾਂ ਨਾਲ ਮਿਲ ਜਾਏ। ਬਾਬਾ ਬਿਕਰਮ ਸਿੰਘ ਜੀ ਨੇ ਲਿਖਿਆ," ਭਾਵੇਂ ਮੇਰੇ ਵਾਸਤੇ ਤੁਹਾਡੇ ਵੱਲ ਚਿੱਠੀਆਂ ਲਿਖਣੀ ਗ਼ੈਰ-ਜ਼ਰੂਰੀ ਸੀ, ਪਰ ਤੁਹਾਡੀਆਂ ਪਿਛਲੀਆਂ ਸੇਵਾਵਾਂ ਦਾ ਖ਼ਿਆਲ ਕਰ ਕੇ ਮੈਂ ਇਹ ਅਪੀਲ ਕਰਨੀ ਯੋਗ ਸਮਝੀ ਹੈ। ਇਹ ਸਮਾਂ ਬੜਾ ਸ਼ੁਭ ਹੈ। ਜੇ ਤੁਹਾਡੀ ਰੁਚੀ ਸਿਆਣਪ ਤੇ ਵਫ਼ਾਦਾਰੀ ਨਾਲ ਤੁਰਨ ਵਾਲੀ ਬਣ ਜਾਏ, ਤਾਂ ਤੁਸੀ ਆਪਣੀ ਭਲਾਈ ਨੂੰ ਯਕੀਨੀ ਬਣਾ ਲਓਗੇ। ਜੇ ਭਲਾ, ਤੁਸੀ ਸਾਡੇ ਨਾਲ ਰਲਣਾ ਯੋਗ ਨਹੀਂ ਸਮਝਦੇ ਤਾਂ ਘੱਟੋ-ਘੱਟ ਸਰਦਾਰ ਨਰਾਇਣ ਸਿੰਘ ਨਾਲ ਹੀ ਮਿਲ ਜਾਓ। ਮੈਂ ਵਧੇਰੇ ਲਿਖਣ ਦੀ ਲੋੜ ਨਹੀਂ ਸਮਝਦਾ, ਕਿਉਂਕਿ ਤੁਸੀਂ ਸਰਕਾਰ ਦੇ ਸ਼ੁਭਚਿੰਤਕ ਤੇ ਵਫ਼ਾਦਾਰ ਹੋ ਅਤੇ ਉਨ੍ਹਾਂ ਸੇਵਾਵਾਂ ਦਾ ਕੋਈ ਖ਼ਿਆਲ ਨਹੀਂ ਕਰੋਗੇ, ਜੋ ਤੁਸਾਂ ਪਿਛੇ ਜਿਹੇ ਅੰਗਰੇਜ਼ਾਂ ਦੀਆਂ ਕੀਤੀਆਂ ਹਨ।" ਪ੍ਰੰਤੂ ਇਮਾਮ-ਉਦ-ਦੀਨ ਉੱਤੇ ਇਸ ਅਪੀਲ ਦਾ ਕੋਈ ਅਸਰ ਨਾ ਹੋਇਆ ਤੇ ਉਸ ਨੇ ਇਹ ਚਿੱਠੀ ਐੱਫ ਕੱਰੀ ਦੇ ਹਵਾਲੇ ਕਰ ਦਿੱਤੀ।

ਚੇਲੀਆਂ ਵਾਲੇ ਤੇ ਗੁਜਰਾਤ ਦੀਆਂ ਲੜਾਈਆਂ ਤੋਂ ਬਾਅਦ ਬਗ਼ਾਵਤ ਦੇ ਸਿਖਰਲੇ ਆਗੂਆਂ ਦਾ ਇਕ ਸਮਾਗਮ ਰਾਵਲਪਿੰਡੀ ਵਿਚ ਹੋਇਆ। ਇਸ ਇਕੱਠ ਵਿਚ ਸੰਤ ਬਾਬਾ ਮਹਾਰਾਜ ਸਿੰਘ ਜੀ ਨੇ ਤਜਵੀਜ਼ ਪੇਸ਼ ਕੀਤੀ ਕਿ ਅੰਗਰੇਜ਼ਾਂ ਨੂੰ ਬਾਹਰ ਕੱਢਣ ਲਈ ਇਕ ਹੋਰ ਲੜਾਈ ਲੜੀ ਜਾਏ। ਬਾਬਾ ਬਿਕਰਮ ਸਿੰਘ ਜੀ ਇਕੋ ਇਕ ਆਗੂ ਸੀ, ਜਿਨ੍ਹਾਂ ਨੇ ਇਸ ਤਜ਼ਵੀਜ਼ ਦੀ ਜੋਸ਼ ਨਾਲ ਪ੍ਰੋੜ੍ਹਤਾ ਕੀਤੀ। ਬਾਕੀ ਸਾਰੇ ਅਧੀਨਤਾ ਮੰਨ ਲੈਣ ਦੇ ਹੱਕ ਵਿਚ ਸਨ।

ਜਦ ਰਾਵਲਪਿੰਡੀ ਦੇ ਸਮਾਗਮ ਵਿਚ ਬਹੁ-ਸੰਮਤੀ ਦੇ ਫ਼ੈਸਲੇ ਦੀ ਤਸਦੀਕ ਹੋ ਗਈ ਤਾਂ ਬਾਬਾ ਬਿਕਰਮ ਸਿੰਘ ਜੀ ਨੇ ਅਟਾਰੀ ਵਾਲੇ ਸਰਦਾਰ ਦੇ ਨਾਲ ਹੀ ਹਥਿਆਰ ਸੁੱਟ ਦਿੱਤੇ। ਪ੍ਰੰਤੂ ਅਟਾਰੀ ਵਾਲੇ ਸਰਦਾਰਾਂ ਤੇ ਹੋਰ ਬਾਗ਼ੀ ਮੁੱਖੀਆਂ ਵਾਂਗ, ਜਿਨ੍ਹਾਂ ਨੂੰ ਕੁਝ ਪਾਬੰਦੀਆਂ ਦੇ ਅਧੀਨ ਆਪੋ ਆਪਣੇ ਕਸਬਿਆਂ ਵਿਚ ਰਹਿਣ ਦੀ ਸਹੂਲਤ ਦਿੱਤੀ ਗਈ ਸੀ, ਸਰਕਾਰ ਅੰਗਰੇਜ਼ੀ ਨੇ ਬਾਬਾ ਬਿਕਰਮ ਸਿੰਘ ਜੀ ਨੂੰ ਆਪਣੇ ਘਰ ਊਨੇ ਜਾਣ ਦੇਣਾ ਯੋਗ ਨਾ ਸਮਝਿਆ। ਸੋ ਬਾਬਾ ਬੇਦੀ ਸਾਹਿਬ ਵਾਸਤੇ ਇਕੋ-ਇਕ ਰਾਹ ਇਹ ਰਹਿ ਗਿਆ ਕਿ ਉਹ ਆਪਣੇ ਜੀਵਨ ਦੇ ਰਹਿੰਦੇ ਦਿਨ ਗੁਰੂ ਕੀ ਨਗਰੀ ਅੰਮ੍ਰਿਤਸਰ ਵਿਚ ਗੁਜ਼ਾਰ ਦੇਣ। ਇਥੇ ਹੀ ਉਹ 1863 ਈ. ਵਿਚ ਚਲਾਣਾ ਕਰ ਗਏ।

# ਪਰਚਾ ਸ਼ਬਦ ਕਾ ਦੀਦਾਰ ਖ਼ਾਲਸੇ ਦਾ

ਇੰਜਨੀਅਰ ਤਾਰਾ ਸਿੰਘ ਜਲੰਧਰ

ਪਹਿਲੇ ਜਾਮੇ ਗੁਰੂ ਨਾਨਕ ਦੇਵ ਜੀ ਤੋਂ ਹੀ ਸ਼ਬਦ ਗੁਰੂ ਦੇ ਸਿਧਾਂਤ ਵਲ ਇਸ਼ਾਰਾ ਹੁੰਦਾ ਹੈ ਅਤੇ ਚਾਰ ਦਸੰਬਰ 1708 ਈ: ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਆਪ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਿਤ ਕਰ ਦਿੱਤਾ ਅਤੇ ਸ਼ਬਦ ਗੁਰੂ ਵਿਚ ਲੀਨ ਹੋ ਗਏ। ਵੈਸੇ ਤਾਂ ਹਿੰਦੋਸਤਾਨ ਵਿਚ ਦੇਹਧਾਰੀ ਗੁਰੂਆਂ ਦਾ ਕੋਈ ਅੰਤ ਨਹੀਂ। ਇਕ ਅਨੁਮਾਨ ਅਨੁਸਾਰ 2000ਤੋਂ ਵੱਧ ਗੁਰੂ ਅਲੱਗ-ਅਲੱਗ ਫਿਰਕਿਆਂ ਵਿਚ ਬਣੀ ਬੈਠੇ ਹਨ। ਪਰ ਗੁਰਬਾਣੀ ਦੇ ਚੋਰ ਨਿਰੰਕਾਰੀਆਂ ਨੇ ਤਾਂ ਅੱਤ ਹੀ ਕਰ ਦਿੱਤੀ-ਇਨ੍ਹਾਂ ਦਾ ਆਗੂ ਗੁਰਬਚਨ ਸਿੰਘ ਕਹਿੰਦਾ ਸੀ ਕਿ ਗੁਰੂ ਗ੍ਰੰਥ ਸਾਹਿਬ ਤਾਂ ਇਕ ਕਾਗਜ਼ਾਂ ਦਾ ਪੁਲੰਦਾ ਹੈ. ਜਦ ਤੱਕ ਇਸ ਨੂੰ ਕੋਈ ਦੇਹਧਾਰੀ ਗੁਰੂ (ਜਿਸ ਤਰ੍ਹਾਂ ਮੈਂ ਗੁਰਬਚਨ ਸਿੰਘ) ਸਿੱਖਾਂ ਨੂੰ ਨਹੀਂ ਸਮਝਾਂਦੇ, ਉਦੋਂ ਤੱਕ ਲੋਕਾਂ ਦਾ ਉਧਾਰ ਕਿਵੇਂ ਹੋਵੇਗਾ। ਇਨ੍ਹਾਂ ਕਾਗਜ਼ਾਂ ਨੇ ਤਾਂ ਬੋਲਣਾ ਨਹੀਂ, ਇਸ ਲਈ ਸਾਡੇ ਪੁਰਖ਼ਾਂ ਨੇ ਭਾਵ (ਬੂਟਾ ਸਿੰਘ) ਇਹ ਸ਼ੁਭ ਕੰਮ ਲੋਕਾਈ ਦੇ ਤਾਰਨ ਹਿਤ ਕੀਤਾ। ਇਸੇ ਤਰ੍ਹਾਂ ਇਸ ਸੰਸਥਾ ਨੇ ਪਾਖੰਡ ਜਾਲ ਵਿਛਾ ਕੇ ਪਿਛਲੇ ਪੰਜ ਦਹਾਕਿਆਂ ਵਿਚ ਭੋਲੇ ਭਾਲੇ ਨਾਨਕ ਨਾਮ ਲੇਵਾਵਾਂ ਨੂੰ ਖੂਬ ਠੱਗਿਆ ਤੇ ਅੰਨੇ ਵਾਹ ਮਾਇਆ ਇਕੱਠੀ ਕੀਤੀ। ਪਰ ਸੁਆਲ ਇਹ ਹੈ ਕਿ ਗੁਰਬਾਣੀ ਪੜ੍ਹ ਕੇ ਸੁਨਾਉਣ ਵਾਲਾ ਜਾਂ ਸਮਝਾਣ ਵਾਲਾ ਗੁਰੂ ਕਿਵੇਂ ਹੋ ਸਕਦਾ ਹੈ। ਜਿਵੇ ਕਿਸੇ ਇਸਤਰੀ ਦੀ ਪਰਦੇਸ ਤੋਂ ਆਈ ਉਹਦੇ ਪਤੀ ਦੀ ਕੋਈ ਦੂਜਾ ਚਿੱਠੀ ਪੜ੍ਹ ਕੇ ਸੁਨਾਣ ਵਾਲਾ ਉਹਦਾ ਪਤੀ ਨਹੀਂ ਹੋ ਸਕਦਾ-ਉਸੇ ਤਰ੍ਹਾਂ ਕੋਈ ਗੁਰੂ ਗ੍ਰੰਥ ਸਾਹਿਬ ਤੋਂ ਪੜ੍ਹ ਕੇ ਸਮਝਾਣ ਵਾਲਾ ਗੁਰੂ ਕਿਵੇਂ ਹੋ ਸਕਦਾ ਹੈ? ਇਨ੍ਹਾਂ ਗੱਲਾਂ ਨੂੰ ਹੀ ਅੱਗੇ ਰੱਖ ਕੇ ਅੱਗੇ ਆਉਣ ਵਾਲਿਆਂ ਮੁਸ਼ਕਲਾਤ ਨੂੰ ਤਾੜ ਕੇ ਗੁਰੂ ਨਾਨਕ ਦੇਵ ਜੀ ਨੇ ਸਿਧਾਂ ਦੇ ਪੁਛਣ ਤੇ ਜਵਾਬ ਦਿੱਤਾ ਸੀ ਕਿ ਮੇਰਾ ਗੂਰੂ ਕੇਵਲ ਸ਼ਬਦ ਹੈ;

ਸ਼ਬਦ ਗੁਰੂ ਸੁਰਤਿ ਧੁਨ ਚੇਲਾ।

ਇਕ ਵਾਰ ਦਾ ਵਾਕਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ 1704 ਈ: ਦੇ ਆਨੰਦਪੁਰ ਦੇ ਘਲੂਘਾਰੇ ਤੋਂ ਲੰਘ ਕੇ ਜਦੋਂ ਨੰਦੇੜ ਵਲ ਜਾ ਰਹੇ ਸੀ ਤਾਂ ਇਕ ਜਗ੍ਹਾਂ ਉਨ੍ਹਾਂ ਦੀ ਮੁਲਾਕਾਤ ਕੁਝ ਸਤਿ-ਸੰਗੀਆਂ ਨਾਲ ਹੋਈ, ਵਿਚਾਰ ਕਰਦਿਆਂ ਉਹ ਸਜਨ ਗੁਰੂ ਜੀ ਦੇ ਦਰਸ਼ਨ ਕਰਕੇ ਅਤੇ ਵਿਚਾਰ ਸੁਣ ਕੇ ਬੜੇ ਪ੍ਰਭਾਵਿਤ ਹੋਏ ਤੇ ਕਹਿਣ ਲੱਗੇ ਧੰਨ ਉਹ ਥਾਨ ਹੈ, ਧੰਨ ਉਹ ਲੋਗ ਸਨ, ਜਿਨਾਂ ਵਿਚ ਤੁਸੀਂ ਵਿਚਰਦੇ ਰਹੇ ਹੋ, ਤਾਂ ਆਪ ਨੇ ਉਨ੍ਹਾਂ ਸਤ ਸੰਗੀਆਂ ਨੂੰ ਸਮਝਾਣ ਲਈ ਇਕ ਪਾਣੀ ਦਾ ਗੜਵਾ ਮੰਗਵਾ ਲਿਆ ਪਹਿਲਾਂ ਉਨ੍ਹਾਂ ਤੋਂ ਉਸ ਵਿਚ ਇਕ ਰੋੜਾ (ਪੱਥਰ) ਸੁਟਵਾਇਆ, ਫੇਰ ਮਿਟੀ ਦਾ ਡਲਾ (ਰੋੜਾ) ਅਤੇ ਤੀਜੀ ਵਾਰ ਕੁਝ ਪਤਾਸੇ ਪੁਆ ਕੇ ਆਖਿਆ ਇਸ ਪਾਣੀ ਨੂੰ ਹਿਲਾਓ-ਕੁਝ ਦੇਰ ਬਾਅਦ ਗੁਰੂ ਜੀ ਨੇ ਹੁਕਮ ਕੀਤਾ, ਸਤਿ-ਸੰਗੀਓ ਹੱਥ ਪਾ ਕੇ ਇਹ ਸਭ ਕੁਛ ਕੱਢ ਲਉ। ਜਦੋਂ ਵਿਚ ਹੱਥ ਪਾਇਆ ਤਾਂ ਪਹਿਲਾਂ ਪੱਥਰ ਦਾ ਰੋੜਾ ਹੱਥ ਆਇਆ ! ਅਭਿਜ, ਉਵੇਂ ਉੱਤੋਂ ਗਿਲਾ! ਫੇਰ ਥਲਿਓਂ ਥੋੜੀ ਮਿਟੀ ਦੀ ਗਾਦ (ਗਾਰਾ) ਉਂਗਲਾਂ ਨਾਲ ਕੱਢਿਆ, ਜਦੋਂ ਹੋਰ ਕੁਝ ਨਾ ਨਿਕਲਿਆ ਤਾਂ ਗੁਰੂ ਜੀ ਨੇ ਫੁਰਮਾਇਆ ਸਿੰਘੋ ਸਿੱਖੀ ਵੀ ਇਸੇ ਤਰ੍ਹਾਂ ਤਿੰਨ ਪ੍ਰਕਾਰ ਦੀ ਹੈ:-

1. ਕੁਝ ਉਹ ਲੋਕ ਜੋ ਪਤਾਸੇ ਵਾਂਗਰ ਪਾਣੀ ਵਿਚ ਘੁਲ ਗਏ ਕੁਝ ਹਥ ਨਹੀਂ ਆਇਆ।

ਇਵੇਂ ਮੇਰੇ ਮਨਨ ਭਗਤ ਹਨ ਜਿਨ੍ਹਾਂ ਆਪਣਾ ਸਭ ਕੁਝ ਗੁਰੂ ਨੂੰ ਸੌਂਪ ਦਿੱਤਾ ਹੈ। ਇਨ੍ਹਾਂ ਤੇ ਮੈਂ ਬਲਿਹਾਰ ਜਾਂਦਾ ਹਾਂ।

2. ਕੁਛ ਉਹ ਲੋਕ ਵੀ ਹਨ ਜੋ ਇਸ ਮਿੱਟੀ ਦੀ ਨਿਆਂਈ ਹਨ, ਘੁਲ ਗਏ, ਪਰ ਆਪਣੀ ਹੋਂਦ ਅਜੇ ਵੀ ਵਖਰੀ ਰੱਖੀ ਅਤੇ ਪੂਰੀ ਤਰ੍ਹਾਂ ਗੁਆਈ ਨਹੀਂ ਮੈਨੂੰ ਇਹ ਸਿੱਖ ਵੀ ਪਿਆਰੇ ਨੇ।

3. ਕੁਛ ਉਹ ਲੋਕ ਹਨ ਜੋ ਇਸ ਪੱਥਰ ਦੇ ਰੋੜੇ ਦੀ ਨਿਆਂਈ ਹਨ । ਇਹ ਬਾਹਰੋਂ ਤਾਂ ਗਿਲਾ ਹੋਇਆ, ਪਰ ਭਿਜਿਆ ਨਹੀਂ ਅਤੇ ਬਾਹਰ ਨਿਕਲਦਾ ਹੀ ਸੁਕ ਗਿਆ ਹੈ- ਇਵੇਂ ਜਾਪਦਾ, ਜਿਵੇਂ ਪਾਣੀ ਦੀ ਇਹਨੂੰ ਛੋਹ ਵੀ ਨਹੀਂ ਲੱਗੀ। ਠੀਕ ਇਸੇ ਤਰ੍ਹਾਂ ਕੁਛ ਲੋਕ ਹਨ, ਜੋ ਮੇਰੇ ਨੇੜੇ ਕਿਸੇ ਮਤਲਬ ਲਈ ਆਏ ਹਨ, ਪਰ ਆਪਣਾ ਆਪ ਸਤਿਗੁਰੂ ਨੂੰ ਭੇਟ ਨਹੀਂ ਕੀਤਾ। ਐਸੇ ਲੋਕ ਗੁਰੂ ਤੋਂ ਬੇ-ਮੁੱਖ ਹਨ । ਗੁਰੂ ਉਨ੍ਹਾਂ ਤੇ ਰੀਝਦਾ ਨਹੀਂ । ਸੋ ਭਾਵ ਇਹ ਹੈ ਕਿ ਗੁਰੂ ਨੂੰ ਡਿਠਿਆ, ਪਰਤਖ ਤੌਰ ਤੇ ਦੇਖਿਆਂ ਵੀ ਕੰਮ ਨਹੀਂ ਬਨਣਾ, ਮੁਕਤੀ ਨਹੀਂ ਮਿਲਣੀ । ਜਦ ਤੱਕ ਸਿੱਖ ਗੁਰੂ ਦੇ ਸ਼ਬਦ ਦਾ ਵਿਚਾਰ ਕਰਕੇ ਸਮਝ ਕੇ ਉਸੇ ਉੱਤੇ ਅਮਲ ਕਰਕੇ ਨਾਮ ਸਿਮਰਨ ਨਹੀਂ ਕਰਦੇ।

ਜਿਹੜੇ ਲੋਕ ਸ਼ਬਦ ਉੱਤੇ ਭਰੋਸਾ ਨਹੀਂ ਕਰਦੇ ਗੁਰੂ ਜੀ ਉਨ੍ਹਾਂ ਬਾਰੇ ਅਗੇ ਆਖਦੇ ਹਨ ਕਿ ਉਹ ਅੰਨ੍ਹੇ ਤੇ ਬੋਲੇ ਦੇ ਨਿਆਂਈ ਹਨ, ਜਿਸ ਨੂੰ ਸ਼ਬਦ ਨਾ ਸੁਣ ਸਕਦਾ ਹੈ ਨਾ ਦਿਖਾਈ ਹੀ ਦਿੰਦਾ ਹੈ । ਐਸੇ ਲੋਕ ਦੁਨੀਆਂ ਤੇ ਬੇਅਰਥ ਹੀ ਆਪਣਾ ਜੀਵਨ ਗੁਆ ਗਏ ਅਤੇ ਜਨਮ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ:-

ਸ਼ਬਦ ਨ ਜਾਣਹਿ ਸੇ ਅੰਨੇ ਬੋਲੇ ਸੇ ਕਿਤੁ ਆਏ ਸੰਸਾਰਾ ॥
ਹਰਿ ਰਸੁ ਨ ਪਾਇਆ ਬਿਰਥਾ ਜਨਮੁ ਗਵਾਇਆ ਜੰਮਹਿ ਵਾਰੋ ਵਾਰ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 601)

ਜਿਉਂ-ਜਿਉਂ ਗੁਰੂ ਨਾਨਕ ਦੇਵ ਜੀ ਦੇ ਜਾਮੇ ਬੀਤਦੇ ਗਏ ਤਿਓਂ ਤਿਓਂ ਗੁਰਸਿੱਖਾਂ ਨੂੰ ਇਹ ਸਪੱਸ਼ਟ ਹੁੰਦਾ ਗਿਆ ਕਿ ਸਿੱਖੀ ਸਿਧਾਂਤ ਮੁਜਬ ਗੁਰੂ ਦਾ ਸ਼ਬਦ ਹੀ ਪ੍ਰਮੁਖ ਹੈ, ਕਿਉਂਕਿ ਜਾਮੇ ਨੇ ਤਾਂ ਰਹਿਣਾ ਨਹੀਂ ਅਤੇ ਸ਼ਬਦ ਹੀ ਕੋਈ ਸਥਿਰ ਅਸਥੂਲ ਵਸਤੂ ਹੈ- ਜੋ ਕਿਸੇ ਵਿਅਕਤੀ ਦੇ ਪਿਛੋਂ ਰਹਿ ਜਾਂਦੀ ਹੈ ਅਤੇ ਆਪਣੇ ਸਿੱਖਾਂ ਦੀ ਰਹਿਨੁਮਾਈ ਕਰਦੀ ਹੈ । ਪਰ ਦਸਵੇਂ ਜਾਮੇ ਆ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲਾਂ ਤੋਂ ਹੀ ਸਿੱਖਾਂ ਵਿਚ ਨਸ਼ਰ ਕਰ ਦਿੱਤਾ ਕਿ ਭਾਈ ਜਿਸ ਨੂੰ (ਮੇਰੇ) ਅਰਥਾਤ ਗੁਰੂ ਦੇ ਦਰਸ਼ਨਾਂ ਦੀ ਲੋੜ ਹੈ, ਉਹ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰ ਲਵੇ ਅਤੇ ਉਸ ਦੀ ਸਿਖਿਆ ਅਨੁਸਾਰ ਆਪਣਾ ਜੀਵਨ ਢਾਲੇ । 1695 ਈ. ਦਾ ਇਤਿਹਾਸਕ ਵਾਕਿਆ ਭਾਈ ਨੰਦ ਲਾਲ ਜੀ ਦੀ ਆਪਣੀ ਰਚਨਾ ਵਿਚ ਮੌਜੂਦ ਹੈ

ਮੇਰੇ ਰੂਪ ਗ੍ਰੰਥ ਜੀ ਜਾਨ, ਇਸ ਮੇਂ ਭੇਦ ਨਹੀਂ ਕਿਛ ਮਾਨ॥

ਸ਼ਬਦ ਗੁਰੂ ਸਿਧਾਂਤ ਬਾਰੇ ਬਾਕੀ ਸਾਰੇ ਭਰਮ ਭੁਲੇਖੇ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਦਿਨ ਮਿਟਾ ਦਿੱਤੇ, ਜਿਸ ਦਿਨ ਆਪ ਨੇ ਜੋਤੀ ਜੋਤਿ ਸਮਾਉਣ ਤੋਂ ਕੁਝ ਦਿਨ ਪਹਿਲਾਂ 4/12/ 1708 ਨੂੰ ਨੰਦੇੜ (ਮੌਜੂਦਾ ਮਹਾਰਾਸ਼ਟਰ ਦੇ ਸੂਬੇ) ਵਿਖੇ ਸਿੱਖਾਂ ਦੇ ਸਨਮੁਖ ਗ੍ਰੰਥ ਸਾਹਿਬ ਦੀਆਂ ਤਿੰਨ ਪ੍ਰਕਰਮਾ ਲੈ ਕੇ ਆਪ ਤਿਲਕ ਲਾ ਕੇ ਪੰਜ ਪੈਸੇ ਨਰੇਲ ਚੜ੍ਹਾ ਕੇ ਮੱਥਾ ਟੇਕ ਕੇ ਗੁਰੂ ਗ੍ਰੰਥ ਸਾਹਿਬ ਜੀ ਪਦਵੀ ਦੇ ਦਿੱਤੀ । ਆਪ ਨੇ ਖੁਦ ਇਹ ਸਾਰੀ ਵਿਧੀ

ਕੀਤੀ ਤਾਂ ਕਿ ਗੁਰੂ ਗ੍ਰੰਥ ਸਾਹਿਬ ਜੀ ਤੇ ਕੋਈ ਕਿੰਤੂ ਨਾ ਕਰ, ਕੋਈ ਮੁਗਾਲਤਾ ਰਹਿ ਹੀ ਨਾ ਜਾਵੇ ਅਤੇ ਅੰਤ ਵਿਚ ਸਿੱਖਾਂ ਨੂੰ ਉਪਦੇਸ਼ ਵੀ ਹੁਕਮ ਦੇ ਰੂਪ ਵਿਚ ਦਿੱਤਾ;

"ਆਗਿਆ ਭਈ ਅਕਾਲ ਕੀ ਤਭੀ ਚਲਾਓ ਪੰਥ ॥
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ ॥
ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ ॥
ਜੋ ਪ੍ਰਭ ਕੋ ਮਿਲਵੋ ਚਹੇ, ਖੋਜ ਸ਼ਬਦ ਮੈ ਲੇਹ॥

ਇਥੇ ਹੀ ਬਸ ਨਹੀਂ, ਏਸ ਵਾਕਿਆ ਤੋਂ ਝੱਟ ਬਾਅਦ ਅਤੇ ਜੋਤੀ ਜੋਤਿ ਸਮਾਉਣ ਤੋਂ ਪੂਰਬ ਸਿੱਖਾਂ ਦੇ ਪ੍ਰਸ਼ਨ ਕਰਨ ਤੇ ਫੇਰ ਤੋਂ ਇਸ ਤਰ੍ਹਾਂ ਦ੍ਰਿੜ ਕਰਾਇਆ।

1. ਸਵਾਲ ਸਿੱਖਾਂ : ਗੁਰੂ ਜੀ ਆਪ ਦੀ ਦੇਹ ਕਿਥੇ ਜਾਵੇਗੀ।
ਜਵਾਬ ਗੁਰੂ ਜੀ : ਸਿੱਖ ਪੰਥ ਵਿਚ।
2. ਸਵਾਲ ਸਿੱਖਾਂ : ਗੁਰੂ ਜੀ ਆਪ ਦੀ ਰੂਹ ਕਿਥੇ ਜਾਵੇਗੀ?
ਜਵਾਬ ਗੁਰੂ ਜੀ : ਗੁਰੂ ਗ੍ਰੰਥ ਵਿਚ।
3. ਸਵਾਲ ਸਿੱਖਾਂ : ਗੁਰੂ ਜੀ ਆਪ ਦੇ ਦਰਸ਼ਨ ਕਿਵੇਂ ਹੋਣਗੇ?
ਜਵਾਬ ਗੁਰੂ ਜੀ : ਦੀਦਾਰ ਖ਼ਾਲਸੇ ਦਾ।
4. ਸਵਾਲ ਸਿੱਖਾਂ : ਗੁਰੂ ਜੀ, ਸਿੱਖਾਂ ਨੂੰ ਪੂਜਾ ਕਿਸ ਦੀ ਕਰਨੀ ਚਾਹੀਦੀ ਹੈ?
ਜਵਾਬ ਗੁਰੂ ਜੀ : ਪੂਜਾ ਅਕਾਲ ਦੀ ।
5. ਸਵਾਲ ਸਿੱਖਾਂ : ਗੁਰੂ ਜੀ ਆਪ ਤੋਂ ਵਗੈਰ ਸਾਨੂੰ ਸਹਾਰਾ ਕਿਸ ਦਾ ਰਹੇਗਾ?

ਜਵਾਬ ਗੁਰੂ ਜੀ : ਪਰਚਾ ਸ਼ਬਦ ਦਾ ਅਤੇ ਫਿਰ ਵੀ ਗੁਰੂ ਜੀ ਨੇ ਇਹੀ ਕਿਹਾ ਕਿ ਸਿੱਖ, ਸ਼ਬਦ ਦੀ ਓਟ ਲੈਣੀ । ਇਸੇ ਨੂੰ ਦੇਵ ਬਾਣੀ ਮੰਨਣਾ, ਇਸੇ ਦਾ ਪ੍ਰਚਾਰ ਕਰਨਾ।

ਹੁਣ ਖ਼ਾਲਸਾ ਜੀ ਦੱਸੋ ਕਿਥੇ ਥਾਂ ਰਹਿ ਗਈ ਕਿ ਅਸੀਂ ਦੇਹਧਾਰੀ ਗੁਰੂਆਂ ਨਿਰੰਕਾਰੀਆਂ ਰਾਧਾ ਸੁਆਮੀਆਂ, ਆਦਿ ਪਖੰਡੀ ਗੁਰੂਆਂ ਦੇ ਪਿਛੇ ਲਗੇ ਫਿਰੀਏ? ਆਓ ਅੱਜ ਤੋਂ ਸੰਕਲਪ ਕਰੀਏ ਕਿ ਅਸੀਂ ਦੇਹਧਾਰੀਆਂ ਗੁਰੂਆਂ ਦੇ ਮਗਰ ਨਾ ਲੱਗ ਕੇ ਸ਼ਬਦ ਪੂਜਕ ਬਣਾਂਗੇ ।


## ਨੋਟ

| | |
|---|---|
| ਫੁਲ ਫੋਰ ਕਲਰ ਇਸ਼ਤਿਹਾਰ | 3000–00 ਰੁਪਏ |
| ਫੁਲ ਸਿੰਗਲ ਕਲਰ ਇਸ਼ਤਿਹਾਰ | 1000–00 ਰੁਪਏ |
| ਹਾਫ ਸਿੰਗਲ ਕਲਰ ਇਸ਼ਤਿਹਾਰ | 500–00 ਰੁਪਏ |
| ਮੈਗਜ਼ੀਨ ਦੋ ਸਾਲਾ ਚੰਦਾ | 90–00 ਰੁਪਏ |
| ਵਿਦੇਸ਼ ਲਈ ਦੋ ਸਾਲਾ ਚੰਦਾ | 20 ਪੌਂਡ<br>ਜਾਂ 40 ਡਾਲਰ |

# ਖਾਲਸਾ ਪੰਥ ਦੇ ਮਹਾਨ ਨਾਇਕ ਬਾਬਾ ਸਾਹਿਬ ਸਿੰਘ ਜੀ ਬੇਦੀ

ਪ੍ਰੋ. ਜੋਗਿੰਦਰ ਸਿੰਘ ਦਿਲੀ

ਬਾਬਾ ਸਾਹਿਬ ਸਿੰਘ ਜੀ ਬੇਦੀ 19 ਵੀਂ ਸਦੀ ਦੇ ਸਿੱਖ-ਇਤਿਹਾਸ ਦੀ ਬੜੀ ਪ੍ਰਸਿੱਧ, ਗੁਰਸਿੱਖ, ਪਰਉਪਕਾਰੀ, ਲਗਨ, ਜੋਸ਼ ਤੇ ਉਤਸ਼ਾਹ ਵਾਲੀ, ਨਿਡਰ, ਦਲੇਰ,ਯੋਧਾ ਤੇ ਨੀਤੀ ਨਿਪੁੰਨ ਪ੍ਰਤਿੱਭਾ ਹੋ ਗੁਜ਼ਰੀ ਹੈ। ਬਾਬਾ ਸਾਹਿਬ ਸਿੰਘ ਜੀ ਦੀ ਕੁਲ-ਪਰੰਪਰਾ ਭਾਵੇਂ ਗੁਰੂ ਨਾਨਕ ਦੇਵ ਜੀ ਦੇ ਬੇਦੀ-ਬੰਸ ਨਾਲ ਮੇਲ ਖਾਂਦੀ ਹੈ, ਪਰ ਬੇਦੀ-ਸੋਢੀ ਦੀ ਜਾਤ-ਸੰਕੀਰਣਤਾ ਨੂੰ ਤਿਆਗ ਕੇ, ਜਿਹੜਾ ਗੁਣ ਬਾਬਾ ਜੀ ਦੀ ਸਖਸ਼ੀਅਤ ਨੂੰ ਸਰਬਭਾਵੀ ਤੇ ਗੌਰਵਮਈ ਬਣਾਉਂਦਾ ਹੈ, ਉਹ ਹੈ ਉਨ੍ਹਾਂ ਆਦਰਸ਼ਕ ਜੀਵਨ, ਉਨ੍ਹਾਂ ਦੀ ਆਦਰਸ਼-ਭਾਵੀ ਪ੍ਰਤਿੱਭਾ। ਬਾਬਾ ਸਾਹਿਬ ਸਿੰਘ ਜੀ ਦੀ ਸਖਸ਼ੀਅਤ ਪੰਜਾਬ ਦੀ ਇਕ ਆਦਰਸ਼ਕ ਸਖਸ਼ੀਅਤ ਹੈ, ਸਿੱਖ ਰਾਜ ਦੀ ਪਾਤਸ਼ਾਹੀ ਨੂੰ ਆਦਰਸ਼ਕ-ਲੀਹਾਂ ਤੇ ਟੋਰਨ ਵਾਲੀ ਸਖਸ਼ੀਅਤ ਹੈ, ਸਿੱਖ ਇਤਿਹਾਸ ਦੀ ਅਮਿੱਤ ਆਭਾ ਵਾਲੀ ਤੇ ਚਮਤਕਾਰੀ ਸਖਸ਼ੀਅਤ ਹੈ । ਇਸ ਤਰ੍ਹਾਂ ਦੀਆਂ ਸਖਸ਼ੀਅਤਾਂ ਨੂੰ ਹੀ ਸਹੀ ਅਰਥਾਂ ਵਿਚ 'ਪੂਰਨ ਗੁਰਸਿੱਖ' ਆਖੀਦਾ ਹੈ।

ਬਾਬਾ ਸਾਹਿਬ ਸਿੰਘ ਜੀ ਬੇਦੀ ਦਾ ਜਨਮ ਸੰਮਤ 1813 ਨੂੰ ਪੰਜਾਬ ਦੀ ਧਰਤੀ ਤੇ ਹੁੰਦਾ ਹੈ। ਇਹ ਸਮਾਂ ਪੰਜਾਬ ਵਿਚ ਮਿਸਲਾਂ ਦਾ ਸਮਾਂ ਹੈ। ਮਿਸਲਾਂ ਆਪਣੀਆਂ ਰਿਆਸਤਾਂ ਦੇ ਵਧਾ-ਚੜ੍ਹਾ ਵਿਚ ਜੁੱਟੀਆਂ ਹੋਈਆਂ ਸਨ। ਭਾਵੇਂ ਮਿਸਲਾਂ ਦੇ ਆਗੂ ਤਾਂ ਵਿਕਾਸ-ਲੀਹਾਂ ਵਲ ਟੁਰੀ ਜਾ ਰਹੇ ਸਨ। ਪਰ ਸਰਬ ਮਨੁੱਖਤਾ ਨਾਲ ਪਿਆਰ ਕਰਨ ਵਾਲੇ ਬਾਬਾ ਸਾਹਿਬ ਸਿੰਘ ਜੀ ਨੂੰ ਇਹ ਵਿਅਕਤੀਗਤ ਵਿਕਾਸ ਬਹੁਤਾ ਆਕਰਸ਼ਿਤ ਨਹੀਂ ਸੀ ਕਰਦਾ। ਇਹੀ ਕਾਰਨ ਹੈ ਕਿ ਉਨ੍ਹਾਂ ਨੇ ਪਹਿਲਾਂ ਆਪਣੇ ਆਪ ਨੂੰ ਨਿਜ ਤੋਂ ਸੁਤੰਤਰ ਕਰਕੇ, ਸਰਬ-ਇੱਛਕ ਸਿੱਧ ਕੀਤਾ। ਪੰਜਾਬੀ ਤੇ ਫ਼ਾਰਸੀ ਭਾਸ਼ਾਵਾਂ ਪੜ੍ਹੀਆਂ, ਆਪਣੇ ਅੰਦਰੋ ਵਿਸ਼ਾਲਤਾ ਤੇ ਵਿਆਪਕਤਾ ਦਾ ਗੁਣ ਜਜ਼ਬਾ ਪ੍ਰਗਟ ਕੀਤਾ, ਆਪਣੇ ਆਪ ਨੂੰ ਭਗਤੀ-ਨਮਿੱਤ ਭੇਂਟ ਚੜ੍ਹਾ ਕੇ, ਆਪਣੇ ਆਪ ਨੂੰ ਭਗਤ ਤੇ ਸੰਤ ਸਿੱਧ ਕੀਤਾ। ਬਾਬਾ ਸਾਹਿਬ ਸਿੰਘ ਜੀ ਦਾ ਸਾਰਾ 'ਜੀਵਨ-ਇਤਿਹਾਸ' ਭਗਤੀ ਤੇ ਸੰਤ-ਕਰਤੱਵਾਂ ਨਾਲ ਭਰਿਆ ਹੋਇਆ ਹੈ। ਉਨ੍ਹਾਂ ਨੂੰ ਤਾਂ 19 ਵੀਂ ਸਦੀ ਦੇ ਦੈਵੀ -ਸੰਤ ਕਹਿਣਾ ਚਾਹੀਦਾ ਹੈ। ਉਨ੍ਹਾਂ ਦਾ ਜੀਵਨ-ਵਿਹਾਰ ਸਰਬ-ਮਨੁੱਖਤਾ ਦੇ ਦੁੱਖਾਂ ਕਲੇਸ਼ਾਂ ਤੇ ਮੁਸ਼ਕਲਾਂ ਦਾ ਉਦਾਰ ਵਾਲਾ ਸੀ। ਉਹ ਤਾਂ ਪਰਉਪਕਾਰੀ-ਸਖਸ਼ੀਅਤ ਦੇ ਮਾਲਕ ਸਨ। ਮਿਸਲਾਂ ਦੀਆਂ ਆਗੂ-ਸਖਸ਼ੀਅਤਾਂ ਨਾਲ ਵਿਅਕਤੀਗਤ ਪੱਧਰ ਤੇ ਮੇਲ ਮਿਲਾਪ ਹੋਏ ਵੀ ਉਨ੍ਹਾਂ ਦੀ ਦੂਰਦ੍ਰਿਸ਼ਟੀ-ਭਾਵਨਾ ਵਿਚ ਉਹ ਅਦਵੈਤ ਤੇ ਨਿਡੱਰਤਾ ਦਾ ਜੀਵਨ ਜੀਉਂਦੇ ਰਹੇ ਤੇ ਸਾਰੀਆਂ ਮਿਸਲ ਆਗੂ ਸਖਸ਼ੀਅਤਾਂ ਨੂੰ ਵੀ ਇਕ ਸਾਂਝੇ ਰਾਜ ਦੀ ਉਸਾਰੀ ਵਾਸਤੇ ਪਰੇਰਦੇ ਰਹੇ। ਅੰਤ ਉਨ੍ਹਾਂ ਦਾ ਸੁਪਨਾ ਸਾਕਾਰ ਹੋਇਆ। ਸ਼ੁਕਰਚਕੀਆ ਮਿਸਲ ਦੇ ਆਗੂ ਸਰਦਾਰ ਮਹਾਂ ਸਿੰਘ ਨੇ ਸਰਬ ਮਿਸਲਾਂ ਤੇ ਹਾਵੀ ਹੋ ਕੇ, ਇਕ ਸਾਂਝੇ ਰਾਜ ਦੀ ਨੀਂਹ ਰੱਖੀ, ਜਿਸ ਦਾ ਸਹੀ ਅਰਥਾਂ ਵਿਚ ਵਾਲੀ ਵਾਰਿਸ ਮਹਾਰਾਜਾ ਰਣਜੀਤ ਸਿੰਘ ਬਣਿਆ।

ਮਹਾਰਾਜਾ ਰਣਜੀਤ ਸਿੰਘ ਭਾਵੇਂ ਮਹਾਰਾਜਾ ਸੀ, ਸ਼ੇਰੇ ਪੰਜਾਬ ਸੀ, ਪਰ ਉਹ ਵੀ ਬਾਬਾ ਸਾਹਿਬ ਸਿੰਘ ਜੀ ਦੀ ਨੂਰੀ ਤੇ ਚਮਤਕਾਰੀ ਸਖਸ਼ੀਅਤ ਦੇ ਦਰਸ਼ਨਾਂ ਦਾ ਇੱਛਾਵਾਨ ਸੀ। ਮਹਾਰਾਜਾ ਰਣਜੀਤ ਸਿੰਘ ਤਾਂ ਬਾਬਾ ਜੀ ਨੂੰ ਇਕ ਦਲੇਰ, ਨਿਡੱਰ, ਸ਼ੁੱਧ ਤੇ ਠੀਕ ਰਾਏ ਦੇਣ ਵਾਲਾ ਸਲਾਹਕਾਰ ਮੰਨਦਾ ਸੀ। ਆਪਣੀਆਂ ਔਕੜਾਂ ਤੇ ਮੁਸ਼ਕਲਾਂ ਵੇਲੇ ਤਾਂ ਮਹਾਰਾਜਾ 'ਬਾਬਾ ਸਾਹਿਬ ਸਿੰਘ' ਜੀ ਨੂੰ ਹਮੇਸ਼ਾਂ ਯਾਦ ਕਰਿਆ ਕਰਦਾ ਸੀ। ਬਾਬਾ ਸਾਹਿਬ ਸਿੰਘ ਜੀ ਦਾ ਵੀ ਹਾਰਦਿਕ ਪਿਆਰ ਮਹਾਰਾਜਾ ਰਣਜੀਤ ਸਿੰਘ ਨਾਲ ਸੀ। ਸ਼ੇਰੇ ਪੰਜਾਬ ਦੀ ਦਸਤਾਰ

ਬੰਦੀ ਦੀ ਰਸਮ ਵੀ ਬਾਬਾ ਜੀ ਦੇ ਹਥੋਂ ਹੀ ਅਦਾ ਹੋਈ ਸੀ। ਮਹਾਰਾਜ਼ਗੀ ਦਾ ਤਿਲਕ ਵੀ ਬਾਬਾ ਸਾਹਿਬ ਸਿੰਘ ਜੀ ਨੇ ਹੀ ਸ਼ੇਰੇ ਪੰਜਾਬ ਨੂੰ ਪ੍ਰਦਾਨ ਕੀਤਾ ਸੀ। ਇਸੇ ਕਰਕੇ ਸਿੱਖ ਰਾਜ ਨੂੰ ਵੱਧ ਤੋਂ ਵੱਧ ਸ਼ੁੱਧ ਤੇ ਸ਼ਕਤੀਸ਼ਾਲੀ ਲੀਹਾਂ ਤੇ ਉਸਾਰਨ ਵਾਸਤੇ ਬਾਬਾ ਸਾਹਿਬ ਸਿੰਘ ਜੀ ਮਹਾਰਾਜਾ ਸਾਹਿਬ ਨੂੰ ਅੰਤ ਦੇ ਸਹਾਇਕ-ਸਿੱਧ ਹੁੰਦੇ ਸਨ। ਬਾਬਾ ਜੀ ਦੀ ਨਿਡਰਤਾ ਤੇ ਨੀਤੀ-ਨਿਪੁੰਨਤਾ ਦੀ ਤਾਂ ਮਹਾਰਾਜਾ ਸਾਹਿਬ ਆਪ ਬੜੀ ਕਦਰ ਕਰਦੇ ਸਨ। 19ਵੀਂ ਸਦੀ ਦੇ ਪੰਜਾਬ ਦੇ ਰਾਜਸੀ ਇਤਿਹਾਸ ਵਿਚ ਵੀ ਬਾਬਾ ਸਾਹਿਬ ਸਿੰਘ ਜੀ ਦਾ ਅਤਿ ਉੱਤਮ ਸਥਾਨ ਹੈ।

ਬਾਬਾ ਸਾਹਿਬ ਸਿੰਘ ਜੀ ਦੀ ਸਖਸ਼ੀਅਤ ਮੂਲ ਰੂਪ ਵਿਚ ਅਨੁਭਵੀ ਸਖਸ਼ੀਅਤ ਸੀ। ਉਨ੍ਹਾਂ ਦਾ ਜੀਵਨ ਸ਼ੁੱਧ ਧਾਰਮਿਕ ਜੀਵਨ ਸੀ। ਗੁਰਬਾਣੀ ਵਿਚ ਸੰਕਲਪੀ ਆਦਰਸ਼ਕ ਤੇ ਅਮਲੀ ਜੀਵਨ ਦੇ ਉਹ ਮਹਾਨ ਹੀਰੋ ਸਨ। ਗੁਰਬਾਣੀ-ਬੋਧ ਕਰਨਾ ਤਾਂ ਉਨ੍ਹਾਂ ਨੇ ਛੋਟੀ ਉਮਰ ਤੋਂ ਹੀ ਸ਼ੁਰੂ ਕਰ ਦਿੱਤਾ ਸੀ। ਗੁਰਬਾਣੀ-ਅਰਥ-ਬੋਧ ਵਿਚ ਵੀ ਉਨ੍ਹਾਂ ਨੂੰ ਨਿਪੁੰਨਤਾ ਪ੍ਰਾਪਤ ਸੀ। ਗੁਰਬਾਣੀ ਕਥਾ-ਕੀਰਤਨ ਸੁਣਨ-ਸੁਣਾਉਣ ਵਾਸਤੇ ਤਾਂ ਉਹ ਸਦਾ ਹੀ ਤਿਆਰ ਰਹਿੰਦੇ ਸਨ। ਮੇਲ ਮਿਲਾਪ ਕਰਨ ਵਾਲਿਆਂ ਲਈ ਹਰ ਵਕਤ ਲੰਗਰ ਤਿਆਰ ਰਹਿੰਦਾ ਸੀ। ਸੰਗਤ ਤੇ ਪੰਗਤ ਦੀਆਂ ਸੰਸਥਾਵਾਂ ਨੂੰ ਉਹ ਬੜੀ ਮਹਾਨਤਾ ਦਿੰਦੇ ਸਨ। ਕੀਰਤਨ ਕਰਨਾ ਤੇ ਸੁਣਨਾ ਉਨ੍ਹਾਂ ਦੀ ਵਿਸ਼ੇਸ਼ ਦਿਲਚਸਪੀ ਸੀ। ਵਿਸ਼ੇਸ਼ ਤੌਰ ਤੇ ਕੀਰਤਨੀਆਂ ਦਾ ਪੂਰਾ ਸਤਿਕਾਰ ਤੇ ਮਾਣ ਕਰਨਾ, ਉਹ ਆਪਣਾ ਮੁੱਢਲਾ ਫ਼ਰਜ਼ ਮੰਨਦੇ ਸਨ। ਧਾਰਮਿਕ ਤੇ ਸਮਾਜਕ-ਕੁਰੀਤੀਆਂ ਦਾ ਸੁਧਾਰ ਕਰਨਾ ਤਾਂ ਉਹ ਆਪਣਾ ਹੱਕ ਸਮਝਦੇ ਸਨ। ਦੁਆਬੇ ਅਤੇ ਮਾਝੇ ਦੀਆਂ ਸੰਗਤਾਂ ਵਿਚ ਜਿੰਨਾਂ ਧਰਮ-ਪ੍ਰਚਾਰ ਤੇ ਸਮਾਜ-ਸੁਧਾਰ ਬਾਬਾ ਸਾਹਿਬ ਸਿੰਘ ਜੀ ਨੇ ਕੀਤਾ ਹੈ, ਉਸ ਸਦਕਾ, ਪੰਜਾਬ ਦੇ ਧਾਰਮਿਕ ਤੇ ਸਮਾਜਕ-ਇਤਿਹਾਸ ਵਿਚ ਬਾਬਾ ਜੀ ਦੀ ਪ੍ਰਤਿਭਾ ਦਾ ਬੜਾ ਮਾਣ ਹੈ।

ਬਾਬਾ ਸਾਹਿਬ ਸਿੰਘ ਜੀ ਉਸਾਰੂ, ਤੇਜੱਸਵੀ ਤੇ ਪ੍ਰਤਾਪੀ ਪ੍ਰਤਿੱਭਾ ਦੇ ਸੁਆਮੀ ਸਨ ਉਨ੍ਹਾਂ ਦੀ ਖਾਹਿਸ਼ ਸੀ ਕਿ ਉੱਚ ਸਖਸ਼ੀਅਤਾਂ ਬਿਨਾਂ ਨਾ ਤਾਂ ਸਿੱਖ ਰਾਜ ਪ੍ਰਫੁਲਤਾ ਪ੍ਰਾਪਤ ਕਰ ਸਕਦਾ ਹੈ ਅਤੇ ਨਾ ਹੀ ਸਿੱਖ ਧਰਮ ਦਾ ਪ੍ਰਚਾਰ ਹੋ ਸਕਦਾ ਹੈ। ਇਸ ਲਈ ਪਹਿਲ ਉਨ੍ਹਾਂ ਨੇ ਆਪਣੀ ਸਖਸ਼ੀਅਤ ਨੂੰ ਸਰਬ ਪੱਖੋਂ ਨਿਪੁੰਨ ਤੇ ਸੰਤੁਲਨ ਬਣਾਇਆ? ਫਿਰ ਉਨ੍ਹ ਨੇ ਆਪਣੀ ਜੀਵਨ-ਛੋਹ ਦੁਆਰਾ, ਪੰਜਾਬ ਦੀਆਂ ਅਨੇਕਾਂ ਹੋਰ ਸਖਸ਼ੀਅਤਾਂ ਦ ਆਦਰਸ਼ਕ-ਉਸਾਰੀ ਵਿਚ ਯੋਗ ਹਿੱਸਾ ਪਾਇਆ। ਮਹਾਰਾਜਾ ਰਣਜੀਤ ਸਿੰਘ, ਭਾਈ ਚੰਦ ਸਿੰਘ, ਭਾਈ ਕਰਮ ਸਿੰਘ, ਭਾਈ ਮੇਹਰ ਸਿੰਘ, ਬਾਬਾ ਬੀਰ ਸਿੰਘ, ਸੰਤ ਮਹਾਰਾਜ ਸਿੰਘ ਸੰਤ ਖੁਦਾ ਸਿੰਘ, ਸੰਤ ਭਾਗ ਸਿੰਘ ਜੀ, ਭਾਈ ਵਸਤੀ ਰਾਮ ਤੇ ਭਾਈ ਮਨਸਾ ਸਿੰਘ ਦੀ ਸਖਸ਼ੀਅਤ ਉਸਾਰੀ ਵਿਚ ਬਾਬਾ ਜੀ ਦਾ ਸਹਾਇਕ-ਹੱਥ ਬੜਾ ਉਪਯੋਗੀ ਸਿੱਧ ਹੁੰ ਹੈ। ਵਿਸ਼ੇਸ਼ ਤੌਰ ਤੇ ਗੁਰਦੁਆਰਿਆਂ, ਇਤਿਹਾਸਕ ਯਾਦਗਾਰਾਂ ਤੇ ਸਰੋਵਰਾਂ ਦੀ ਉਸਾ ਨੂੰ ਵੀ ਉਨ੍ਹਾਂ ਨੇ ਆਪਣੇ ਧਿਆਨ ਗੋਚਰੇ ਰਖਿਆ। ਭਾਵੇਂ ਉਹ ਘੁੰਮਦੇ ਸਾਰੇ ਪੰਜਾਬ ਵਿ ਸਨ, ਪਰ ਉਨ੍ਹਾਂ ਨੇ ਹੁਸ਼ਿਆਰਪੁਰ ਦੇ ਇਕ ਇਲਾਕੇ ਊਨੇ (ਅੱਜਕਲ ਹਿਮਾਚਲ ਪ੍ਰਦੇ ਵਿਚ ਹੈ ) ਵਿਚ ਹੀ ਬਹੁਤਾ ਆਪਣੇ ਆਪ ਨੂੰ ਕੇਂਦਰਿਤ ਕਰ ਲਿਆ ਸੀ। ਆਪ ਸੰਮ 1891 ਵਿਚ ਜਦੋਂ ਜੋਤੀ ਜੋਤਿ ਸਮਾਏ ਤਾਂ ਵੀ ਆਪ ਦਾ ਸਸਕਾਰ, ਪਾਠ-ਸੰਸਕਾਰ, ਇ 'ਊਨੇ' ਦੀ ਧਰਤੀ ਤੇ ਹੀ ਨਿਭਾਇਆ ਗਿਆ ਸੀ। ਅੱਜ ਵੀ ਉਨ੍ਹਾਂ ਦੀ ਪਰਿਵਾਰਕ-ਵ 'ਊਨੇ' ਦੀ ਧਰਤੀ ਤੇ ਬਾਬਾ ਸਾਹਿਬ ਸਿੰਘ ਜੀ ਦੇ ਆਦਰਸ਼ਾਂ ਮੁਤਾਬਕ ਆਪਣਾ ਜੀਵ ਬਤੀਤ ਕਰ ਰਹੀ ਹੈ।

# ਕਰਮਕਾਂਡਾਂ ਦੀ ਦਲਦਲ ਵਿਚ ਫਸ ਰਿਹਾ ਸਿੱਖ-ਸਮਾਜ

ਗਿਆਨੀ ਹਰਬੰਸ ਸਿੰਘ ਤੇਗ (ਡਰਬੀ)

ਇਸ ਸੰਸਾਰ ਨੂੰ ਪਰਮਾਤਮਾ ਨੇ ਇਕ ਸੋਹਣੇ ਬਾਗ ਦੇ ਨਿਆਈਂ ਸਿਰਜਿਆ ਅਤੇ ਸੰਵਾਰਿਆ। ਕਈ ਤਰ੍ਹਾਂ ਦੇ ਅਦਭੁਤ ਨਜ਼ਾਰੇ, ਹੈਰਾਨ ਕਰਨ ਵਾਲੀ ਕੁਦਰਤ ਦਾ ਪਸਾਰਾ ਕੀਤਾ ਹੋਇਆ ਹੈ। ਬ੍ਰਹਿਮੰਡਾਂ ਖੰਡਾਂ ਦੇ ਇਸ ਅਨੰਤ ਪਸਾਰੇ ਦਾ ਉਸ ਅਨੰਤ ਵਾਹਿਗੁਰੂ (ਪ੍ਰਭੂ) ਤੋਂ ਬਿਨਾਂ ਅਜੇ ਤੱਕ ਕਿਸੇ ਸਾਇੰਸਦਾਨ ਨੂੰ ਭੇਦ ਨਹੀਂ ਹੋ ਸਕਿਆ। ਜਿੰਨੀ ਕੁ ਖੋਜ ਹੁਣ ਤੱਕ ਮਨੁੱਖੀ ਦਿਮਾਗ ਨੇ ਕੀਤੀ ਹੈ, ਇਹ ਸ਼ਾਇਦ ਉਸ ਪਸਾਰੇ ਦਾ ਕਿਣਕਾ ਮਾਤਰ ਵੀ ਨਾ ਹੋਵੇ। ਇਸੇ ਲਈ ਵਡੇ ਵਡੇ ਸਾਇੰਸਦਾਨ ਵੀ ਅਨੰਤ ਦੇ ਇਸ ਪਸਾਰੇ ਅੱਗੇ ਸਿਰ ਝੁਕਾਉਂਦੇ ਹਨ। ਸਤਿਗੁਰੂਆਂ ਨੇ ਇਸ ਜਗ ਨੂੰ ਸਚੇ ਦੀ ਕੋਠੜੀ ਵੀ ਕਿਹਾ ਹੈ, ਕਿਉਂਕਿ ਇਸ ਵਿਚ ਉਸ ਦੀ ਜੋਤਿ ਦਾ ਵਾਸਾ ਹੈ ਅਤੇ ਉਸ ਸੱਚੇ ਦੇ ਹੁਕਮ ਵਿਚ ਹੀ ਸਾਰਾ ਕੁਝ ਹੋ ਰਿਹਾ ਹੈ।

ਇਸ ਦੇ ਬਾਵਜੂਦ ਵੀ ਇਹ ਸੰਸਾਰ ਦੁਖਾਂ ਦਾ ਘਰ ਬਣਿਆ ਪਿਆ ਕਿਉਂ ਦਿਸਦਾ ਹੈ? ਫਿਰ ਇਸ ਜਗ ਨੂੰ ਗੁਰਬਾਣੀ ਨੇ "ਧੂੰਏਂ ਦਾ ਪਹਾੜ" ਕਿਉਂ ਆਖ ਦਿੱਤਾ ਹੈ? ਹੋ ਸਕਦਾ ਹੈ ਕਿ ਇਹ ਕੁਝ ਪ੍ਰਸ਼ਨ ਬਹੁਤਿਆਂ ਦੇ ਅੰਦਰ ਉਠਦੇ ਹੋਣ। ਜਿਨ੍ਹਾਂ ਦਾ ਉਤਰ ਛੇਤੀ ਅਤੇ ਦੋ ਟੂਕ ਕਰਕੇ ਦੇਣਾ ਮੁਸ਼ਕਲ ਹੈ, ਕਿਉਂਕਿ ਇਸ ਸਚੇ ਦੀ ਕੋਠੜੀ (ਸੰਸਾਰ) ਨੂੰ ਮਨੁੱਖੀ ਦਿਮਾਗ ਦੀ ਚਤੁਰਾਈ ਨੇ ਖੁਦਗਰਜ਼ੀ ਅਤੇ ਹੰਕਾਰੀ ਉਲਾਰੀ ਬਿਰਤੀ ਨੇ ਵਾਹਿਗੁਰੂ ਜੀ ਦੇ ਹੁਕਮ ਨੂੰ ਰਜ਼ਾ ਨੂੰ ਨਾ ਸਮਝਣ ਕਰਕੇ ਆਪਣੇ ਲਈ ਅਤੇ ਦੂਜਿਆਂ ਲਈ ਵੀ ਨਰਕ ਬਣਾ ਰਖਿਆ ਹੈ। ਇਸ ਨੂੰ ਸੱਚੇ ਦੀ ਕੋਠੜੀ ਸਮਝ ਕੇ ਇਸ ਵਿਚ ਮਿਲਿਆ ਸਮਾਂ ਮੁਸਾਫਰ (ਪ੍ਰਾਹੁਣੇ) ਦੀ ਤਰ੍ਹਾਂ ਗੁਜ਼ਾਰਨ ਦੀ ਥਾਂ ਸੱਚੇ ਨੂੰ ਕਢ ਕੇ ਆਪਣਾ ਪੱਕਾ ਕਬਜ਼ਾ ਕਰਨ ਦੀ ਲਾਲਸਾ ਕਰਕੇ ਭਿਆਨਕ ਬਣਾ ਲਿਆ ਹੈ। ਜੇ ਇਹ ਪ੍ਰਾਹੁਣਾ ਬਣ ਕੇ ਹੀ ਰਹਿੰਦਾ ਤਾਂ ਪ੍ਰਾਹੁਣਿਆਂ ਵਰਗੀ ਮੌਜ ਹੀ ਮਾਣਦਾ ਤੇ ਸੱਚੇ ਦੀ ਮਹਿਮਾਨ-ਨਵਾਜ਼ੀ ਦਾ ਕਰਤਾਰੀ-ਅਨੰਦ ਭੀ ਮਾਣਦਾ। ਪਰ ਐਸਾ ਨਾ ਹੋਣ ਕਰਕੇ ਜੰਜਾਲ ਵਿਚ ਪੈ ਗਿਆ ਅਤੇ ਆਪਣੇ ਦੁੱਖਾਂ ਦੀ ਆਪ ਕਾਰਣ ਬਣ ਰਿਹਾ ਹੈ;

ਮੇਰੇ ਜੀਅੜਿਆ ਪਰਦੇਸੀਆ ਕਿਤੁ ਪਵਹਿ ਜੰਜਾਲੇ ਰਾਮ॥
ਸਾਚਾ ਸਾਹਿਬੁ ਮਨਿ ਵਸੈ ਕੀ ਫਾਸਹਿ ਜਮ ਜਾਲੇ ਰਾਮ।"

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 439)

ਜੰਜਾਲ ਵਿਚ ਪਿਆਂ ਹੀ ਉਮਰ ਲੰਘ ਗਈ, ਆਇਆ ਸੀ ਸੁਰਗ ਭੋਗਣ ਲਈ, ਪਰ ਨਰਕ ਹੀ ਭੋਗਦਾ ਰਿਹਾ। ਜਿਸ ਨੂੰ ਸੁਖ ਜਾਣ ਕੇ ਉਦਮ ਜਤਨ ਕਰਦਾ ਰਿਹਾ, ਉਹ ਵੀ ਸੁਖ ਦੀ ਥਾਂ ਦੁਖ ਹੀ ਸਾਬਤ ਹੋਏ। ਸੁਖ ਦੀ ਤਮੰਨਾ ਮਨ ਵਿਚ ਹੀ ਰਹਿ ਗਈ। ਇਹੋ ਹੀ ਕਾਰਨ ਹੈ ਕਿ ਹਿੰਦੂ ਮਤ ਜਾਂ ਸਮਾਜ ਵਿਚ ਕਈ ਐਸੇ ਕਰਮ ਜਾਂ ਸੰਸਕਾਰ ਕੀਤੇ ਜਾਂਦੇ ਹਨ, ਜਿਨ੍ਹਾਂ ਤੋਂ ਇਹ ਆਸ ਬੱਝੇ ਕਿ ਮਰੇ ਪ੍ਰਾਣੀ ਨੂੰ ਸੁਰਗ ਜਾਂ ਸੁਖ ਦੀ ਪ੍ਰਾਪਤੀ ਹੋਏਗੀ ਤਾਂ ਜੋ ਮਰੇ ਪ੍ਰਾਣੀ ਬਾਰੇ ਉਸ ਵਿਅਰਥ-ਬੀਤ ਗਈ ਜ਼ਿੰਦਗੀ ਦਾ ਝੋਰਾ ਨਾ ਰਹੇ। ਮਰੇ ਪ੍ਰਾਣੀ ਦੇ ਨਮਿੱਤ ਦਾਨ-ਪੁੰਨ ਅਤੇ ਫਿਰ ਸਰਾਧਾਂ ਦੇ ਰੂਪ ਵਿਚ ਵੀ ਉਸ ਨੂੰ ਕਈ ਕੁਝ ਪਹੁੰਚਦਾ

ਕਰਨ ਲਈ ਬ੍ਰਾਹਮਣਾਂ ਨੂੰ ਦਾਨ-ਦਖਸ਼ਣਾ ਦੇ ਕੇ ਅੰਨ-ਪਾਣੀ ਵੀ ਛਕਾਇਆ ਜਾਂਦਾ ਹੈ ਕਿ ਉਸ ਮਰੇ ਹੋਏ ਪ੍ਰਾਣੀ ਦੀ ਦੇਹ ਦਾ ਸਸਕਾਰ ਕਰਕੇ ਉਸ ਵਿਚੋਂ ਸੜੀਆਂ ਹੱਡੀਆਂ ਅਤੇ ਜੇ ਹੋਣ ਤਾਂ ਦੰਦ ਆਦਿਕ ਭੀ ਲਭ ਕੇ ਗੰਗਾ (ਹਰਿਦੁਆਰੇ) ਵਿਖੇ ਪਾਈਆਂ ਜਾਂਦੀਆਂ ਹਨ ਕਿ ਮਰੇ ਪ੍ਰਾਣੀ ਦੀ ਗਤੀ ਹੋ ਜਾਵੇ ।

ਨਿਰੋਲ ਗੁਰਮਤਿ (ਗੁਰੂ ਨਾਨਕ ਦੀ ਸਿਖਿਆ ਅਤੇ ਭਾਵਨਾ ਅਨੁਸਾਰ) ਦੇ ਧਾਰਨੀ ਸਿੱਖ ਤਾਂ ਇਨ੍ਹਾਂ ਕੁਰੀਤੀਆਂ ਤੋਂ ਗੁਰੂ ਕਿਰਪਾ ਸਦਕਾ ਬਚੇ ਹੋਏ ਹਨ। ਪ੍ਰੰਤੂ ਬਹੁਤਾਤ ਬਾਹਮਣਵਾਦੀ ਸੰਸਕਾਰਾਂ ਨੂੰ ਸਿੱਖ ਹੁੰਦਿਆਂ ਭੀ ਮੰਨਣ ਵਾਲਿਆਂ ਦੀ ਹੈ। ਇਸੇ ਲਈ ਹੀ ਸਿਧਾਂਤਕ-ਪ੍ਰਚਾਰ ਕਰਨ ਵਾਲਿਆਂ ਪ੍ਰਚਾਰਕਾਂ ਨੂੰ ਵੀ ਉਤਸ਼ਾਹ ਦੇਣ ਦੀ ਬਜਾਇ ਉਨ੍ਹਾਂ ਦੀ ਨੁਕਤਾਚੀਨੀ ਦੇਖਣ ਸੁਣਨ ਵਿਚ ਆਉਂਦੀ ਹੈ। ਕਈ ਪ੍ਰਚਾਰਕ ਆਪਣਾ ਫਰਜ਼ ਅਖੋਂ ਪਰੋਖੇ ਕਰਕੇ ਕੇਵਲ ਉਦਰ ਪੂਰਤੀ ਲਈ ਜਾਂ ਮਾਇਆਵੀ-ਪ੍ਰਭਾਵ ਹੇਠ ਬ੍ਰਾਹਮਣੀ ਮਤ ਦੇ ਹੀ ਪ੍ਰਚਾਰਕ ਬਣੇ ਹੋਏ ਹਨ। ਦ੍ਰਿੜਤਾ ਦੀ ਘਾਟ, ਵਾਹਿਗੁਰੂ ਜੀ ਉੱਤੇ ਭਰੋਸੇ ਦੀ ਵੀ ਘਾਟ ਹੀ ਹੁੰਦੀ ਹੈ ਜੋ ਗੁਰਮਤਿ ਦੀ ਗੱਲ ਕਰਨ ਤੋਂ ਖਿਸਕ-ਮੰਤਰ ਪੜ ਜਾਂਦੇ ਹਨ। ਇਹ ਘਾਟ ਭਾਵੇਂ ਹੈ ਤਾਂ ਆਪਣੇ ਦੇਸ਼ ਵਿਚ ਵੀ। ਪ੍ਰੰਤੂ ਪ੍ਰਦੇਸਾਂ ਵਿਚ ਇਸ ਲਈ ਵੀ ਬਹੁਤੀ ਹੈ, ਕਿਉਂਕਿ ਰਾਗੀ ਢਾਡੀ ਅਤੇ ਪ੍ਰਚਾਰਕ ਦਾ ਪ੍ਰਚਾਰ ਘਟ ਅਤੇ ਮਾਇਆ ਦਾ ਮਨੋਰਥ ਪਹਿਲੇ ਨੰਬਰ ਉੱਤੇ ਹੁੰਦਾ ਹੈ। ਇਹੋ ਹਾਲ ਪ੍ਰਦੇਸਾਂ ਵਿਚ ਗ੍ਰੰਥੀ ਵੀਰਾਂ ਦਾ ਹੈ। ਮੇਰਾ ਇੰਗਲੈਂਡ ਵਿਚ ਦਸ ਸਾਲਾਂ ਦਾ ਅਨੁਭਵ ਹੈ ਜੋ ਮੈਂ ਤਨੋਂ ਮਨੋਂ ਹਕੀਕਤ ਆਖ ਰਿਹਾ ਹਾਂ। ਇਹ ਹਕੀਕਤ ਹੋ ਸਕਦਾ ਮੇਰੇ ਕਈ ਵੀਰਾਂ ਨੂੰ ਜਚੇ ਵੀ ਨਾ।

ਪੰਥ-ਪ੍ਰਵਾਨਿਤ ਸਿੱਖ ਰਹਿਤ-ਮਰਿਆਦਾ ਵਿਚ ਤਾਂ ਮਿਰਤਕ-ਸਸਕਾਰ ਪੰਨਾ 25 ਉੱਤੇ ਸਪੱਸ਼ਟ ਦਰਜ ਹੈ, ਮਰੇ ਪ੍ਰਾਣੀ ਦੀ ਉਮਰ ਛੋਟੀ ਹੋਵੇ ਜਾਂ ਵਡੇਰੀ ਸਸਕਾਰ ਕਰਨਾ ਚਾਹੀਏ। ਜਿੱਥੇ ਕਿਤੇ ਸਸਕਾਰ ਦਾ ਪ੍ਰਬੰਧ ਨਾ ਹੋ ਸਕੇ, ਉਥੇ ਜਲ-ਪਵਾਹ ਜਾਂ ਹੋਰ ਤਰੀਕਾ ਵਰਤਨ ਤੋਂ ਸ਼ੰਕਾ ਨਹੀਂ ਕਰਨਾ" ਸਸਕਾਰ ਲਈ ਰਾਤ ਜਾਂ ਦਿਨ ਦੀ ਵੀ ਭਰਮ ਨਹੀਂ ਕਰਨਾ।

ਮ੍ਰਿਤਕ ਪ੍ਰਾਣੀ ਦਾ ਅੰਗੀਠਾ ਠੰਢਾ ਹੋਣ ਤੇ ਸਾਰੀ ਦੇਹ ਦੀ ਭਸਮ ਅਸਥੀਆਂ ਸਮੇਤ ਉਠਾ ਕੇ ਜਲ ਵਿਚ ਪ੍ਰਵਾਹ ਕਰ ਦਿੱਤੀ ਜਾਵੇ ਜਾਂ ਉੱਤੇ ਹੀ ਦਬ ਕੇ ਜ਼ਮੀਨ ਬਰਾਬਰ ਕਰ ਦਿੱਤੀ ਜਾਵੇ। ਸਸਕਾਰ ਅਸਥਾਨ ਤੇ ਮ੍ਰਿਤਕ ਪ੍ਰਾਣੀ ਦੀ ਯਾਦਗਾਰ ਬਣਾਉਣੀ ਮਨ੍ਹਾ ਹੈ। ਖਰੜੇ ਵਿਚ ਇਹ ਵੀ ਦਰਜ ਹੈ ਕਿ ਅੰਗੀਠੇ ਵਿਚੋਂ ਫੁੱਲ ਚੁਕ ਕੇ ਗੰਗਾ, ਪਤਾਲਪੁਰੀ, ਕਰਤਾਰਪੁਰ ਆਦਿ ਥਾਵਾਂ ਆਦਿ ਜਾ ਕੇ ਪਾਉਣੇ ਮਨਮਤ ਹੈ।

ਦੁਖ ਦੀ ਗੱਲ ਹੈ ਕਿ ਭੇਡ ਚਾਲ ਕਰਕੇ ਜਾਂ ਆਪਣੇ ਵਡੇ ਹੋਣ ਦਾ ਦਿਖਾਵਾ ਕਰਨ ਵਾਲੇ ਜਲੂਸ ਦੀ ਸ਼ਕਲ ਵਿਚ ਅਸਥੀਆਂ ਪਤਾਲਪੁਰੀ (ਕੀਰਤਪੁਰ) ਪਾਉਣ ਜਾਂਦੇ ਦੇਖੇ ਗਏ ਹਨ। ਹਿੰਦੂ-ਸੰਸਕਾਰਾਂ ਦੀ ਲਪੇਟ 'ਚ ਆਏ ਸਿੱਖਾਂ ਦੀ ਮਨ ਦੀ ਤਸੱਲੀ ਲਈ ਕੀਰਤਪੁਰ ਵਿਖੇ ਐਸੇ ਵਡੇ ਵਡੇ ਰਜਿਸਟਰ ਵੀ ਗੁਰਦੁਆਰੇ ਦੇ ਪ੍ਰਬੰਧਕ ਅਧਿਕਾਰੀਆਂ ਨੇ ਰੱਖੇ ਹੋਏ ਸਨ। ਹੁਣ ਵੀ ਹੋਣ ਤਾਂ ਦਾਸ ਨੂੰ ਪਤਾ ਨਹੀਂ । ਉਨ੍ਹਾਂ ਵਿਚ ਹਰਦੁਆਰ ਦੇ ਪਾਂਡਿਆਂ ਦੀ ਨਕਲ ਵਾਂਗ ਹੀ ਵੇਰਵੇ ਦਰਜ ਕੀਤੇ ਜਾਂਦੇ ਸਨ। ਵੀਹ ਕੁ ਸਾਲ ਪਹਿਲਾਂ ਦਾਸ ਨੇ ਐਸੇ ਰਜਿਸਟਰਾਂ ਦੀ ਰੱਦੀ ਦੇਖ ਕੇ ਇਕ ਕਲਰਕ ਨੂੰ ਕਿਹਾ ਕਿ ਪਾਂਡੇ ਤਾਂ ਸਦੀਆਂ ਤੀਕ ਰੀਕਾਰਡ

ਰੱਖਦੇ ਸਨ, ਤੁਹਾਡੇ ਰਜਿਸਟਰਡ 8-9 ਸਾਲਾਂ ਦੇ ਹੀ ਰੱਦੀ 'ਚ ਕਿਉਂ? ਤਾਂ ਉਸ ਵੀਰ ਨੇ ਕਿਹਾ ਕਿ ਗਿਆਨੀ ਜੀ ਇਹ ਤਾਂ ਲੋਕਾਂ ਨੂੰ ਤਸੱਲੀ ਦੇਣ ਲਈ ਹੈ। ਕੀ ਕਰੀਏ ਲੋਕ ਹਟਦੇ ਨਹੀਂ।

ਖ਼ੈਰ ! ਹੁਣ ਪਿਛੇ ਜਿਹੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਮਤਾ ਕਰਕੇ ਲੀਡਰਾਂ ਦੇ ਜਾਂ ਹੋਰ ਲੋਕਾਂ ਦੀਆਂ ਅਸਥੀਆਂ ਪਾਤਾਲਪੁਰੀ ਨਾ ਪਾਉਣ ਲਈ ਕਿਹਾ ਗਿਆ ਹੈ। ਦੇਰ ਆਏ ਦਰੁਸਤ ਆਏ। ਫਿਰ ਭੀ ਸਿੱਖਾਂ ਵਿਚ ਇਹ ਭਰਮ ਕਾਇਮ ਹੈ ਕਿ ਜੇ "ਫੁਲ ਪਾਤਾਲਪੁਰੀ ਜਾਂ ਗੰਗਾ ਨਾ ਪਾਏ ਤਾਂ ਮਰੇ ਪ੍ਰਾਣੀ ਦੀ ਗਤੀ ਨਹੀਂ ਹੋਣੀ" ਔਖੇ ਸੌਖੇ ਹੋ ਕੇ ਵੀ ਮਰੇ ਪ੍ਰਾਣੀ ਦੀ ਗਤੀ ਲਈ ਜਤਨ ਜਾਰੀ ਹਨ। ਕੀ ਕੀਤਾ ਜਾਵੇ, ਧਾਰਮਿਕ ਪੱਖੋਂ ਵੀ ਸਾਡੀ ਦਸ਼ਾ ਏਨੀ ਹਾਸੋਹੀਣੀ ਹੈ ਕਿ ਗੱਲ ਕਰਕੇ ਸ਼ਰਮਸਾਰ ਹੋ ਜਾਈਦਾ ਹੈ। ਵਿਛੜੇ ਪ੍ਰਾਣੀ ਦੀਆਂ ਅਸਥੀਆਂ (ਫੁੱਲ) ਪਾਉਣ ਲਈ ਜੇ ਗੰਗਾ ਜਾਂ ਪਤਾਲਪੁਰੀ ਨਹੀਂ ਜਾਣਾ, ਥੋੜੀ ਤਰੱਕੀ ਕਰ ਲਈ ਸਿੱਖੀ ਨੇ, ਫਿਰ ਬਿਦੇਸ਼ਾਂ ਦੇ ਸਿੱਖਾਂ ਚੋਂ ਕਈਆਂ ਨੇ ਇਥੇ ਹੀ ਕਿਸੇ ਦਰਿਆ ਜਾਂ ਨਾਲੇ 'ਚ 'ਫੁੱਲ' ਪਾਉਣ ਲਈ ਭਾਈ ਜੀ (ਗ੍ਰੰਥੀ ਜੀ) ਨੂੰ ਨਾਲ ਲੈ ਜਾਣਾ ਹੀ ਠੀਕ ਜਾਣ ਲਿਆ। ਗ੍ਰੰਥੀ ਜੀ ਡਿਊਟੀ ਨਿਭਾਉਂਦਿਆਂ ਇੰਗਲੈਂਡ ਵਿਚ ਦਾਸ ਨੂੰ ਵੀ ਕਈ ਪ੍ਰੇਮੀਆਂ ਨੇ ਆਖਿਆ, ਪਰ ਦਾਸ ਨੇ ਗੁਰਮਤਿ ਵਿਚਾਰ ਦਸ ਕੇ ਨਾਲ ਨਾ ਜਾ ਸਕਣ ਦੀ ਮਜਬੂਰੀ ਦਸ ਕੇ ਖਿਮਾ ਹੀ ਮੰਗੀ। ਦਿਲੋਂ ਉਹ ਸਜਣ ਮੇਰੇ ਨਾਲ ਔਖੇ ਵੀ ਹੋਏ ਹੋਣਗੇ। ਪ੍ਰੰਤੂ ਕਿੰਨੇ ਕੁ ਗ੍ਰੰਥੀ ਐਸਾ ਕਰ ਸਕਦੇ ਹਨ। ਜਦ ਕਿ ਕੀ ਮੇਰੇ ਵੀਰ ਸਗੋਂ ਉਨ੍ਹਾਂ ਮਨਮਤੀਆਂ ਨੂੰ ਪ੍ਰੇਰਨਾ ਦੇ ਕੇ ਇਸ ਨੂੰ ਪੁੰਨ ਦਾ ਕੰਮ ਸਮਝ ਕੇ ਨਾਲ ਜਾਣਾ ਆਪਣਾ ਸੁਭਾਗ ਸਮਝਦੇ ਹਨ ਤੇ ਦੋਹਰਾ ਲਾਹਾ ਵੀ ਹੁੰਦਾ ਹੈ।

ਮੈਂ ਇਕ ਸਜਨ ਨੂੰ ਪੁਛਿਆ ਕਿ ਇਥੇ ਇੰਗਲੈਂਡ ਵਿਚ ਤਾਂ ਹੱਡੀਆਂ ਜਾਂ ਭਸਮ ਕਿਸੇ ਚਲਦੇ ਪਾਣੀ 'ਚ ਇਹ ਗੋਰੇ ਲੋਕ ਪਾਉਣ ਨਹੀਂ ਦਿੰਦੇ, ਕਿਥੇ ਪਾਉਗੇ? ਕਹਿਣ ਲਗੇ ਇਕ ਜਗਾਂ ਹੈ, ਜਿੱਥੇ ਕਿਸ਼ਤੀ 'ਚ ਜਾ ਕੇ ਪਾ ਸਕਦੇ ਹਾਂ। ਇੰਗਲੈਂਡ ਦੇ ਉਤਰ ਵਲ ਕਿਸੇ ਇਕ ਸ਼ਹਿਰ ਦੇ ਨੇੜੇ ਸਮੁੰਦਰ ਦੇ ਕੰਢੇ ਇਕ ਥਾਂ ਰੀਜ਼ਰਵ ਕਰਵਾ ਕੇ ਉਥੇ ਅਸਥੀਆਂ ਪਾਉਣ ਦਾ ਪ੍ਰਬੰਧ ਵੀ ਕਿਸੇ ਉਪਕਾਰੀ ਸਿੱਖ ਜਾਂ ਸੰਸਥਾ ਨੇ ਕੀਤਾ, ਬਾਰਾਂ ਸਾਲ ਕੁ ਪਹਿਲਾਂ ਐਸੀ ਖਬਰ ਪੰਜਾਬੀ ਦੇ ਸਪਤਾਹਿਕ ਪਰਚੇ ਵਿਚ ਪੜ੍ਹੀ ਸੀ, ਤਾਂ ਜੋ ਮਰੇ ਪ੍ਰਾਣੀ ਦੀ ਗਤੀ ਕਰਨ ਕਰਾਉਣ ਲਈ ਵਿਦੇਸ਼ੀ ਸਿੱਖਾਂ ਨੂੰ ਪਤਾਲਪੁਰੀ ਨਾ ਜਾਣਾ ਪਵੇ। ਇਥੇ ਹੀ ਗਤੀ ਹੋ ਜਾਵੇ। ਕੈਸੀ ਹਾਸੋ ਹੀਣੀ ਦਸ਼ਾ ਅਸੀਂ ਆਪਣੀ ਆਪੇ ਹੀ ਕਰ ਰਹੇ ਹਾਂ। ਕੋਈ ਆਗੂ ਬਣ ਕੇ ਗੁਰਮਤਿ ਬਾਰੇ ਪੰਥਕ-ਰਹੁਰੀਤੀ ਬਾਰੇ ਸਿੱਖ-ਸਮਾਜ ਨੂੰ ਜਾਣੂ ਕਰਾਉਣ ਦੀ ਵੀ ਲੋੜ ਨਹੀਂ ਸਮਝਦਾ।

ਹੈਰਾਨ ਹੋ ਜਾਈਦਾ ਹੈ, ਜਦੋਂ ਵਿਛੜੇ ਪ੍ਰਾਣੀ ਦੇ ਨਮਿੱਤ ਮੇਰੇ ਵੀਰ ਵਾਰ ਵਾਰ ਉਸ ਨੂੰ ਸਵਰਗ ਵਾਸੀ ਆਖ ਆਖ ਕੇ ਅਰਦਾਸਾਂ ਕਰਦੇ ਹਨ, ਸਚੇ ਪਾਤਸ਼ਾਹ ਆਪਣੇ ਸੇਵਕ ਨੂੰ ਚਰਨਾਂ ਵਿਚ ਨਿਵਾਸ ਬਖਸ਼ੋ ਜੀ। ਕੀ ਅਰਦਾਸੀਏ ਨੇ ਮਰੇ ਪ੍ਰਾਣੀ ਨੂੰ ਪਹਿਲਾਂ ਸਵਰਗ ਦਾ ਟਿਕਟ ਆਪ ਦਿੱਤਾ ਸੀ? ਜਾਂ ਸਵਰਗ ਵਿਚ ਜਾ ਕੇ ਦੇਖ ਆਇਆ ਸੀ? ਘਰ ਦੇ ਜੀਆਂ ਨੂੰ ਵਕਤੀ ਤੌਰ ਤੇ ਪ੍ਰਸੰਨ ਕਰਕੇ ਵਡਾ ਗੱਫਾ ਲੈਣ ਦੀ ਲਾਲਸਾ ਹਿਤ ਐਸਾ ਕਰਨਾ ਕਿਹੜੀ ਗੁਰਮਤਿ ਦਾ ਪ੍ਰਚਾਰ ਹੈ? ਸਾਡੀ ਤਾਂ ਦਸ਼ਾ ਹੀ ਵਿਗੜੀ ਜਾ ਰਹੀ ਹੈ। ਸਾਰੀ ਉਮਰ

ਪਦਾਰਥਾਂ ਦੇ ਲੋਭ ਵਿਚ ਗਵਾ ਕੇ ਬੁਰੀ ਹਾਲਤ 'ਚ ਮਰੇ ਪ੍ਰਾਣੀ ਲਈ ਵੀ ਕੀਰਤਨ 'ਚ ਇਹੋ ਸ਼ਬਦ ਗਾਈ ਜਾਣਾ ਕਿ :

"ਗੁਰਮੁਖਿ ਜਨਮ ਸਵਾਰਿ ਦਰਗਹਿ ਚਲਿਆ....।

ਮੈਂ ਗੱਲ ਕਰ ਰਿਹਾ ਸੀ ਕਿ ਜੇ ਇੰਗਲੈਂਡ ਵਿਚ ਵੀ ਮਰੇ ਪ੍ਰਾਣੀ ਦੀ ਗਤੀ ਲਈ ਫੁੱਲ ਅਸਥੀਆਂ ਪਾਉਣ ਲਈ ਕੋਈ "ਪਾਤਾਲਪੁਰੀ" (ਕੀਰਤਪੁਰ) ਕਾਇਮ ਹੋਇਆ ਹੈ ਜਾਂ ਇੰਗਲੈਂਡ ਦੇ ਚਾਰੇ ਪਾਸੇ ਸਮੁੰਦਰ ਹੋਣ ਕਰਕੇ ਚਹੁੰ ਥਾਈਂ ਵੀ ਪਾਤਾਲ ਪੁਰੀਆਂ ਬਣੀਆਂ ਜਾਂ ਬਣਾਈਆਂ ਹਨ। ਉਨ੍ਹਾਂ ਬਾਰੇ ਸਾਰੇ ਗੁਰੂ ਘਰਾਂ ਦੇ ਗ੍ਰੰਥੀਆਂ ਸਾਹਿਬਾਨਾਂ ਨੂੰ ਵੀ ਸੂਚਿਤ ਕੀਤਾ ਜਾਵੇ। ਕਿਉਂਕਿ ਦਾਸ ਨੂੰ ਤਾਂ ਅਜੇ ਤੱਕ ਪਤਾ ਨਹੀਂ ਹੈ ਜੋ ਕਿਸੇ ਪੁਛਣ ਵਾਲੇ ਪ੍ਰੇਮੀ-ਸਿੱਖ ਨੂੰ ਦੱਸ ਸਕੇ। ਸ਼ਾਇਦ ਦਾਸ ਕਿਸੇ ਨੂੰ ਦਸ ਵੀ ਨਹੀਂ ਸਕੇਗਾ। ਕਿਉਂਕਿ ਦਾਸ ਨੇ ਆਪਣੇ ਪੁੱਤਰਾਂ-ਪਤਨੀ ਅਤੇ ਪਰਿਵਾਰ ਨੂੰ ਪਹਿਲਾਂ ਹੀ ਦੱਸਿਆ ਹੋਇਆ ਹੈ ਕਿ ਫੁੱਲ ਜਾਂ ਅਸਥੀਆਂ ਕਿਸੇ ਗੰਗਾ ਜਾਂ ਪਤਾਲਪੁਰੀ ਵਿਚ ਨਹੀਂ ਪਾਉਣੇ। ਪੰਥ-ਪ੍ਰਵਾਨਿਤ ਰਹਿਤ ਮਰਿਯਾਦਾ ਵੀ ਇਹੋ ਆਖਦੀ ਹੈ। ਗੁਰਬਾਣੀ ਵੀ ਇਹੋ ਸੇਧ ਦਿੰਦੀ ਹੈ। ਮਰੇ ਪ੍ਰਾਣੀ ਦੀ ਦੇਹ ਦਬੀ ਸਾੜੀ ਜਾਂ ਜਲ ਪ੍ਰਵਾਹ ਕਰਨ ਜੀਵ ਦੀ ਗਤੀ ਜਾਂ ਨਰਕ ਸੁਰਗ ਨਾਲ ਕੋਈ ਸੰਬੰਧ ਨਹੀਂ ਹੈ। ਗੁਰਬਾਣੀ ਵਿਚ ਸਾਹਿਬ ਵੀ ਇਹੋ ਹੀ ਫੁਰਮਾਉਂਦੇ ਹਨ:-

ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ॥<br>
ਇਕਿ ਪਾਣੀ ਵਿਚਿ ਉਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ॥<br>
ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 648)

***


ੴ

ਸਤਿਗੁਰ ਪ੍ਰਸਾਦਿ ॥

ਧੰਨ ਗੁਰੂ ਨਾਨਕ ਸਾਹਿਬ ॥

**ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ ਵਲੋਂ ਸ਼ੁਰੂ ਕੀਤੀ ਸਿੱਖ ਸਿਆਸਤ ਸੁਧਾਰ ਲਹਿਰ ਦੀ ਚੜ੍ਹਦੀ ਕਲਾ ਲਈ ਵਾਹਿਗੁਰੂ ਅੱਗੇ ਜੋਦੜੀ**

ਵਲੋਂ

**ਇੰਦਰਬੀਰ ਸਿੰਘ**

**ਫੇਅਰ ਪਰਾਇਸ ਮੈਡੀਸਨ ਸ਼ਾਪ**

ਅੱਡਾ ਬਸਤੀ ਗੁਜ਼ਾਂ ਜਲੰਧਰ।

# ਜਬ ਲਗ ਖ਼ਾਲਸਾ ਰਹੇ ਨਿਆਰਾ

ਪ੍ਰੋ: ਬਲਵਿੰਦਰ ਪਾਲ ਸਿੰਘ

ਖ਼ਾਲਸਾ ਸੱਚੀਆਂ ਸੁੱਚੀਆਂ ਕਦਰਾਂ ਕੀਮਤਾਂ ਤੇ ਵਿਲੱਖਣ ਹੋਂਦ ਅਖਤਿਆਰ ਕਰਦਾ ਹੋਇਆ ਸਿੱਖ ਲਹਿਰ ਅਧੀਨ ਹੋਂਦ ਵਿਚ ਆਇਆ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਭਾਵੇਂ ਭਗਤੀ ਲਹਿਰ ਪਰੰਪਰਾ ਨਾਲ ਸੰਬੰਧਿਤ ਸਨ, ਪਰ ਉਨ੍ਹਾਂ ਨੇ ਨਵੀਂ ਲਹਿਰ ਦੀ ਸਥਾਪਨਾ ਕੀਤੀ। ਜਿਸ ਦਾ ਨਾਮ ਸੀ, ਸਿੱਖ ਲਹਿਰ। ਇਸ ਲਹਿਰ ਨੂੰ ਅਗਾਂਹ ਤੋਰਨ ਵਿਚ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਹੋਏ ਸਿੱਖ ਗੁਰੂਆਂ ਦਾ ਵਿਸ਼ੇਸ਼ ਯੋਗਦਾਨ ਹੈ, ਜਿਨ੍ਹਾਂ ਨੇ ਸਮਾਜ ਵਿਚੋ ਦੁਰਾਚਾਰੀ ਕੀਮਤਾਂ ਵਿਰੁਧ ਆਵਾਜ਼ ਉਠਾ ਕੇ ਸਮਾਜ ਨੂੰ ਨਰੋਈਆਂ ਕਦਰਾਂ ਕੀਮਤਾਂ ਦਿੱਤੀਆਂ। ਡੂਰੇਥੀ ਫੀਲਡ ਅਨੁਸਾਰ ਸਿੱਖ ਧਰਮ ਸੰਸਾਰ ਵਿਚ ਇਕ ਨਵਾਂ ਤੇ ਬਿਲਕੁਲ ਭਿੰਨ ਧਰਮ ਹੈ। ਅਸਲ ਵਿਚ ਇਹ ਇਕ ਕ੍ਰਿਆਤਮਕ ਧਰਮ ਹੈ, ਜਿਸ ਨੂੰ ਜੀਵਨ ਵਿਚ ਸਰਲਤਾ ਨਾਲ ਪ੍ਰਯੋਗ ਵਿਚ ਲਿਆਂਦਾ ਜਾ ਸਕਦਾ ਹੈ। ਇਸ ਧਰਮ ਨੂੰ ਮਨੁੱਖੀ ਜੀਵਨ ਦੇ ਅਧਿਆਤਮਕ ਲਾਭ ਦੇ ਦ੍ਰਿਸ਼ਟੀਕੋਣ ਤੋਂ ਵੇਖਿਆ ਜਾਵੇ ਤਾਂ ਇਹ ਸਾਰੇ ਸੰਸਾਰ ਵਿਚ ਲੱਗਭੱਗ ਇਕ ਨਿਵੇਕਲਾ ਧਰਮ ਹੈ।[1] ਇਸ ਲਹਿਰ ਨੇ ਕ੍ਰਾਂਤੀਕਾਰੀ ਰੂਪ ਉਦੋਂ ਧਾਰਨ ਕੀਤਾ ਜਦੋਂ ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਵਾ ਦਿੱਤਾ। ਗੁਰੂ ਅਰਜਨ ਦੇਵ ਜੀ ਦੇ ਅਧੂਰੇ ਮਿਸ਼ਨ ਨੂੰ ਸੰਪੂਰਨ ਕਰਨ ਲਈ ਗੁਰੂ ਹਰਗੋਬਿੰਦ ਸਾਹਿਬ ਨੇ ਇਸ ਲਹਿਰ ਦਾ ਵੱਖਰਾ ਅਸਤਿਤਵ ਬਨਾਉਣ ਲਈ ਮੀਰੀ ਮੀਰੀ ਦਾ ਸੰਕਲਪ ਉਜਾਗਰ ਕਰਕੇ ਅਥਵਾ ਧਰਮ ਅਤੇ ਸਿਆਸਤ ਦਾ ਸੁਮੇਲ ਪ੍ਰਦਾਨ ਕਰਕੇ ਹਥਿਆਰਬੰਦ ਸੰਘਰਸ਼ ਕਰਨ ਦਾ ਐਲਾਨ ਕਰ ਦਿੱਤਾ।

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਇਹ ਲਹਿਰ ਹਥਿਆਰਬੰਦ ਅਥਵਾ ਸੰਤ ਸਿਪਾਹੀ ਦੇ ਰੂਪ ਵਿਚ ਬਦਲ ਗਈ, ਜਿਸ ਦੇ ਸੰਚਾਲਕ ਗੁਰੂ ਗੋਬਿੰਦ ਸਿੰਘ ਜੀ ਸਨ। ਪ੍ਰੋ: ਕ੍ਰਿਸ਼ਨ ਸਿੰਘ ਅਨੁਸਾਰ ਸਮਾਜ ਵਿਚ ਇਨਕਲਾਬੀ ਲਹਿਰ ਦੇ ਪੈਦਾ ਹੋਣ ਦਾ ਮਤਲਬ ਇਹ ਹੁੰਦਾ ਹੈ ਕਿ ਜ਼ਿੰਦਗੀ ਦੇ ਨਵੇਂ ਰਾਹੀਂ ਪੈਣ ਵੱਲ ਆਪਣਾ ਕਦਮ ਚੁੱਕ ਲਿਆ ਹੈ, ਪੁਰਾਣੀ ਕੁੰਜ ਲਾਹੁਣ ਦੇ ਰਾਹ ਪੈ ਗਈ ਹੈ। ਇਨਕਲਾਬੀ ਲਹਿਰਾਂ ਦਾ ਕਾਇਦਾ ਹੁੰਦਾ ਹੈ ਕਿ ਉਹ ਜ਼ਿੰਦਗੀ ਦੇ ਹਰ ਪਹਿਲੂ ਵਿਚ ਉਸਾਰੀ ਦੇ ਵਾਰ ਦਿੰਦੀਆਂ ਹਨ।[2] ਸਪੱਸ਼ਟ ਹੈ ਕਿ ਖ਼ਾਲਸਾ ਲਹਿਰ ਦੇ ਪੈਦਾ ਹੋ ਜਾਣ ਦਾ ਮਤਲਬ ਦੁਰਾਚਾਰੀ ਰਾਜਨੀਤਕ ਤੇ ਸਾਮਾਜਿਕ ਪ੍ਰਬੰਧ ਵਿਰੁਧ ਇਨਕਲਾਬ ਲਿਆ ਕੇ ਲੋਕ ਹਿੱਤਾਂ ਲਈ ਕਾਰਜ ਕਰਨਾ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਖ਼ਾਲਸੇ ਦੀ ਸਿਰਜਨਾ ਕਰਨ ਦੇ ਕੁਝ ਕੁ ਕਾਰਣ ਸਨ। ਇਸ ਲਹਿਰ ਦੀ ਸਿਰਜਨਾ ਦਾ ਸਭ ਤੋਂ ਪ੍ਰਮੁੱਖ ਕਾਰਣ ਔਰੰਗਜ਼ੇਬ ਦੀ ਭੈਅ ਭੀਤ ਕਰਨ ਵਾਲੀ ਨੀਤੀ ਸੀ। ਉਹ ਰੋਜ਼ਾਨਾ ਹਿੰਦੂਆਂ ਦੇ ਜਨੇਊ ਲਾ ਕੇ ਜ਼ਬਰਦਸਤੀ ਮੁਸਲਮਾਨ ਬਣਾ ਰਿਹਾ ਸੀ ਤੇ ਉਨ੍ਹਾਂ ਤੇ ਜਜ਼ੀਆ ਟੈਕਸ ਲਗਾ ਕੇ ਉਨ੍ਹਾਂ ਦੇ ਤੀਰਥ ਅਸਥਾਨਾਂ ਨੂੰ ਨਸ਼ਟ ਕਰਕੇ ਮਸਜਿਦਾਂ ਦੀ ਉਸਾਰੀ ਕਰ ਰਿਹਾ ਸੀ। ਦੂਜਾ ਕਾਰਣ ਔਰੰਗਜ਼ੇਬ ਵਲੋਂ ਗੁਰੂ ਗੋਬਿੰਦ ਸਿੰਘ ਜੀ ਨੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਗਿਆ, ਜਿਸ ਨੇ ਉਨ੍ਹਾਂ ਨੂੰ ਅਹਿਸਾਸ ਕਰਾ ਦਿੱਤਾ ਕਿ ਔਰੰਗਜ਼ੇਬ ਆਪਣੀ ਸ਼ਾਹੀ ਤਾਕਤ ਦੇ ਨਸ਼ੇ ਵਿਚ ਚੂਰ ਹੋ ਕੇ ਸ਼ਾਂਤੀ ਦੀ ਭਾਸ਼ਾ ਨੂੰ ਨਹੀਂ ਸਮਝਦਾ, ਸਗੋਂ ਸ਼ਮਸ਼ੀਰ ਦੀ ਭਾਸ਼ਾ ਨੂੰ ਸਮਝਦਾ ਸੀ।

ਤੀਸਰਾ ਕਾਰਣ ਪਹਾੜੀ ਰਾਜੇ ਤੇ ਰਾਜਪੂਤ ਮੁਗਲ ਸਰਕਾਰ ਦੇ ਪਿੱਠੂ ਬਣ ਚੁੱਕੇ ਸਨ ਤੇ ਹਿੰਦੂਆਂ ਤੇ ਹੋ ਰਹੇ ਜ਼ੁਲਮ ਨੂੰ ਇਕ ਮੂਕ ਦਰਸ਼ਕ ਬਣ ਕੇ ਦੇਖ ਰਹੇ ਸਨ । ਇਸ ਤੋਂ ਇਲਾਵਾ ਮੁਗਲਾਂ ਵਿਰੁਧ ਵੱਡਾ ਜਹਾਦ ਖੜਾ ਕਰਨ ਵਾਲੇ ਲੜਾਕੂ ਮਰਾਠੇ ਔਰੰਗਜ਼ੇਬ ਦੀ ਈਨ ਮੰਨ ਚੁੱਕੇ ਸਨ । ਇਸ ਜ਼ੁਲਮ ਨੂੰ ਰੋਕਣ ਲਈ ਖ਼ਾਲਸਾ ਪੰਥ ਵਰਗੀ ਆਦਰਸ਼ਕ ਜਮਾਤ ਦਾ ਹੋਂਦ ਵਿਚ ਆਉਣਾ ਜ਼ਰੂਰੀ ਹੋ ਗਿਆ ਸੀ । ਚੌਥਾ ਕਾਰਣ ਸਮਾਜ ਵਿਚ ਬ੍ਰਾਹਮਣਵਾਦ ਇਨ੍ਹਾਂ ਹਾਵੀ ਹੋ ਗਿਆ ਸੀ ਕਿ ਇਨ੍ਹਾਂ ਨੇ ਜਿੱਥੇ ਦਲਿਤ ਜਾਤਾਂ ਵਾਲੇ ਲੋਕਾਂ ਉਪਰ ਪੜ੍ਹਨ, ਮੰਦਰ ਵਿਚ ਜਾਣ, ਧਾਰਮਿਕ ਗ੍ਰੰਥ ਪੜ੍ਹਨ ਤੇ ਪਾਬੰਦੀ ਲਗਾਈ ਹੋਈ ਸੀ, ਉਥੇ ਇਨ੍ਹਾਂ ਨਾਲ ਗੁਲਾਮਾਂ ਤੋਂ ਵੀ ਭੈੜਾ ਵਰਤਾਅ ਕੀਤਾ ਜਾਂਦਾ ਸੀ । ਇਸ ਬ੍ਰਾਹਮਣਵਾਦ ਤੋਂ ਬਹੁਜਨ ਸਮਾਜ ਨੂੰ ਮੁਕਤੀ ਦਿਵਾਉਣ ਲਈ ਖ਼ਾਲਸਾ ਪੰਥ ਵਾਜੂਦ ਵਿਚ ਆਇਆ। ਪੰਜਵਾਂ ਤੇ ਅੰਤਿਮ ਕਾਰਣ ਮਸੰਦ ਸਨ ਜੋ ਗੁਰੂ ਘਰ ਦੇ ਵਿਰੋਧੀ ਬਣ ਕੇ ਸਿੱਖੀ ਸਿਧਾਂਤਾਂ ਦਾ ਮਖੌਲ ਉਡਾ ਰਹੇ ਸਨ । ਇਸੇ ਲਈ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਸਜ਼ਾ ਦੇ ਕੇ ਉਨ੍ਹਾਂ ਦੀ ਥਾਂ ਸਧਾਰਣ ਸਿੱਖਾਂ ਨੂੰ ਦੇਣੀ ਜ਼ਰੂਰੀ ਸਮਝੀ ਜੋ ਸਿਰਫ ਉਨ੍ਹਾਂ ਨੂੰ ਨਿਆਰਾ ਰੂਪ ਪ੍ਰਦਾਨ ਕਰਕੇ ਅਰਥਾਤ ਖ਼ਾਲਸਈ ਰੂਪ ਬਖਸ਼ ਕੇ ਹੀ ਦਿੱਤੀ ਜਾ ਸਕਦੀ ਸੀ । ਗੁਰੂ ਗੋਬਿੰਦ ਸਿੰਘ ਜੀ ਆਪ ਆਖਦੇ ਹਨ :

1. ਇਨ ਹੀ ਕੀ ਕ੍ਰਿਪਾ ਸੇ ਸਜੇ ਹਮ ਹੈਂ ॥ ਨਹੀਂ ਮੋ ਸੋ ਗਰੀਬ ਕਰੋਰ ਪਰੇ ॥
2. ਮੈਂ ਖਾਲਸੇ ਕਾ ਖਾਲਸਾ ਮੇਰੋ ਓਤ ਪੋਤ ਸਾਗਰ ਬੂੰਦੇਰੇ ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਉਦੇਸ਼ਾਂ ਨੂੰ ਮੁੱਖ ਰੱਖ ਕੇ 30 ਮਾਰਚ, 1699 ਈਸਵੀ ਦੀ ਵਿਸਾਖੀ ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਵਿਚ ਸਿੱਖਾਂ ਦਾ ਸਮਾਗਮ ਖ਼ਾਲਸਾ ਪੰਥ ਦੀ ਸਾਜਨਾ ਕਰਨ ਲਈ ਸੱਦਿਆ ਤੇ ਪੰਜ ਸਿਰਾਂ ਦੀ ਮੰਗ ਕੀਤੀ । ਜਿਨ੍ਹਾਂ ਪੰਜਾਂ ਨੇ ਆਪਣੇ ਸਿਰ ਪੇਸ਼ ਕੀਤੇ, ਉਨ੍ਹਾਂ ਵਿਚੋਂ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ ਅਤੇ ਭਾਈ ਸਾਹਿਬ ਸਿੰਘ ਸਨ । ਗੁਰੂ ਸਾਹਿਬ ਨੇ ਉਨ੍ਹਾਂ ਨੂੰ ਪੰਜ ਪਿਆਰਿਆਂ ਦੀ ਪਦਵੀ ਦੇ ਕੇ ਅੰਮ੍ਰਿਤ ਛਕਾਇਆ, ਜੋ ਰਸਮ ਇਸ ਭਾਈਚਾਰੇ ਵਿਚ ਸ਼ਾਮਿਲ ਹੋਣ ਦੀ ਮੁੱਢਲੀ ਰਸਮ ਬਣ ਗਈ । ਉਨ੍ਹਾਂ ਨੇ ਸਾਰਿਆਂ ਨੂੰ ਇਕੋ ਜਿਹੇ ਫਰਜ਼ ਅਤੇ ਇਕੋ ਜਿਹੇ ਅਧਿਕਾਰ ਬਖਸ਼ੇ ਅਤੇ ਨਵੀਨ ਭਾਈਚਾਰਕ ਪਦਵੀ ਹਾਸਿਲ ਕਰਨ ਦੀ ਨਿਸ਼ਾਨੀ ਵਜੋਂ ਉਨ੍ਹਾਂ ਨੂੰ ਇਕੋ ਥਾਂ ਭੋਜਨ ਅਥਵਾ ਲੰਗਰ ਛਕਾਇਆ । ਡਾ: ਸੁਦਰਸ਼ਨ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੀ ਸਥਾਪਨਾ, ਬਰਾਬਰਤਾ, ਭਰਾਤਰੀ ਭਾਵ ਤੇ ਆਜ਼ਾਦੀ ਦੇ ਅਧਾਰ ਤੇ ਕੀਤੀ । ਇਹ ਸਿੱਖ ਇਤਿਹਾਸ ਵਿਚ ਮਹੱਤਵਪੂਰਨ ਅਤੇ ਵਿਲੱਖਣ ਅਰਥ ਰੱਖਦਾ ਸੀ, ਜਿਸ ਨੇ ਸਤਾਏ ਹੋਏ ਤੇ ਦਬੇ ਹੋਏ ਲੋਕਾਂ ਦੀ ਨਿਰਜੀਵ ਜ਼ਿੰਦਗੀ ਵਿਚ ਇਕ ਨਵੀਂ ਰੋਸ਼ਨੀ ਉਤਪੰਨ ਕਰ ਦਿੱਤੀ ।[3]

ਸਪੱਸ਼ਟ ਹੈ ਕਿ ਗੁਰੂ ਜੀ ਦੇ ਸਿਧਾਂਤ ਤੇ ਪ੍ਰਬੰਧ ਵਿਚ ਵਿਸ਼ੇਸ਼ ਅਧਿਕਾਰਾਂ ਵਾਲੇ ਮੁਖੀ ਜਾਂ ਆਗੂ ਲਈ ਕੋਈ ਥਾਂ ਨਹੀਂ ਸੀ । ਉਹ ਸਮਝਦੇ ਸਨ ਕਿ ਜਿੰਨਾਂ ਚਿਰ ਕੋਈ ਆਗੂ ਪੈਰੋਕਾਰਾਂ ਵਲੋਂ ਚੁਣਿਆ ਜਾਂ ਪ੍ਰਵਾਨ ਨਾ ਕੀਤਾ ਹੋਵੇ ਉਹ ਲਹਿਰ ਚਲਾਉਣ ਦੇ ਯੋਗ ਨਹੀਂ ਹੋ ਸਕਦਾ । ਗੁਰੂ ਸਾਹਿਬ ਵਲੋਂ ਖ਼ਾਲਸੇ ਦੀ ਸਿਰਜਣਾ ਇਕ ਨਵੇਂ ਇਨਕਲਾਬੀ ਸਮਾਜ ਦੀ ਸਥਾਪਨਾ ਵੱਲ ਇਕ ਅਹਿਮ ਤੇ ਆਦਰਯੋਗ ਪੁਲਾਂਘ ਸੀ, ਜੋ ਸਾਮਾਜਿਕ ਹੱਕ, ਸੱਚ ਨਿਆਂ ਤੇ ਸਮਾਨਤਾ ਦੀ ਲਖਾਇਕ ਸੀ । ਖ਼ਾਲਸੇ ਦੀ ਸਿਰਜਣਾ ਇਕ ਤਰ੍ਹਾਂ ਨਾਲ ਲੋਕ

ਰਾਜ ਦੀ ਕਾਇਮੀ ਸੀ, ਜਿਸ ਦੀ ਬੁਨਿਆਦ ਜਾਤ-ਪਾਤ ਤੇ ਊਚ-ਨੀਚ ਦਾ ਖਾਤਮਾ ਕਰਕੇ ਰੱਖੀ ਗਈ ਸੀ । ਖ਼ਾਲਸਾ ਅਰਬੀ ਭਾਸ਼ਾ ਦਾ ਸ਼ਬਦ ਹੈ ਤੇ ਇਸ ਦੇ ਅਰਥ ਹਨ, ਸ਼ੁੱਧ, ਖਰਾ, ਮਿਲਾਵਟ ਰਹਿਤ । ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਖ਼ਾਲਸਾ ਉਹ ਸੰਗਿਆ ਉਹ ਜ਼ਮੀਨ ਜਾਂ ਮੁਲਕ, ਜੋ ਬਾਦਸ਼ਾਹ ਦਾ ਹੈ, ਜਿਸ ਪਰ ਕਿਸੇ ਜਾਗੀਰਦਾਰ ਅਥਵਾ ਜ਼ਿਮੀਂਦਾਰ ਦਾ ਅਧਿਕਾਰ ਨਹੀਂ ।[4] ਸੋ ਭਾਈ ਕਾਨ੍ਹ ਸਿੰਘ ਨਾਭੇ ਨੇ ਖ਼ਾਲਸੇ ਦਾ ਸਿੱਧਾ ਸੰਬੰਧ ਦੁਨੀਆਂਦਾਰੀ ਦੇ ਅਧੀਨ ਨਾ ਰੱਖ ਕੇ ਪਰਮਾਤਮਾ ਨਾਲ ਜੋੜਿਆ ਹੈ । ਗੁਰੂ ਸਾਹਿਬ ਦਾ ਖ਼ਾਲਸਾ ਜਿੱਥੇ ਗੁਰੂ ਦਾ ਅੰਸ਼ ਹੈ, ਉਥੇ ਉਨ੍ਹਾਂ ਦਾ ਖਾਸ ਰੂਪ ਵੀ ਹੈ । ਖ਼ਾਲਸਾ ਵਾਹਿਗੁਰੂ ਦੀ ਮੌਜ ਸਦਕਾ ਹੋਂਦ ਵਿਚ ਆਇਆ ਹੈ, ਕਿਉਂਕਿ ਉਹ ਵਾਹਿਗੁਰੂ ਦਾ ਹੈ ਅਤੇ ਵਾਹਿਗੁਰੂ ਉਸ ਦਾ । ਇਹੀ ਕਾਰਣ ਹੈ ਕਿ ਗੁਰੂ ਸਾਹਿਬ ਨੇ ਇਸ ਨੂੰ ਖ਼ਾਲਸਾ ਮੇਰੋ ਰੂਪ ਹੈ ਖਾਸ । ਖ਼ਾਲਸਾ ਮੇਰੀ ਜਾਨ ਕੀ ਜਾਨ ਕਿਹਾ ਹੈ ।

ਖ਼ਾਲਸੇ ਦਾ ਰੂਪ ਬਾਕੀ ਧਰਮਾਂ ਨਾਲੋਂ ਵੱਖਰਾ ਕਰਨ ਲਈ ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਪੰਜ ਕਕਾਰ ਦਿੱਤੇ,ਜਿਵੇਂ ਕ੍ਰਿਪਾਨ, ਕੜਾ, ਕੇਸ, ਕੰਘਾ ਅਤੇ ਕਛਹਿਰਾ। ਗੁਰੂ ਸਾਹਿਬ ਨੇ ਜੋ ਖ਼ਾਲਸੇ ਨੂੰ ਪੰਜ ਕਕਾਰ ਬਖਸ਼ੇ ਸਨ, ਉਹ ਇਕ ਪ੍ਰਕਾਰ ਦੀ ਸਦੀਵੀ ਯੂਨੀਫਾਰਮ ਸੀ । ਖ਼ਾਲਸਾ ਇਕ ਤਰ੍ਹਾਂ ਜ਼ੁਲਮ ਦਾ ਨਾਸ਼ ਕਰਨ ਵਾਲੀ ਇਲਾਹੀ ਫ਼ੌਜ ਸੀ ਤੇ ਇਸ ਦੇ ਲਈ ਬਾਕੀ ਫ਼ੌਜਾਂ ਵਾਂਗ ਯੂਨੀਫਾਰਮ ਦਾ ਹੋਣਾ ਲਾਜ਼ਮੀ ਸੀ । ਇਹ ਪੰਜ ਕਕਾਰ ਯੂਨੀਫਾਰਮ ਦੀਆਂ ਸ਼ਰਤਾਂ ਨੂੰ ਪੂਰੀਆਂ ਕਰਦੇ ਹੋਏ ਖ਼ਾਲਸੇ ਨੂੰ ਸਦੀਵੀ ਤੌਰ ਤੇ ਤਿਆਰ ਬਰ ਤਿਆਰ ਰੱਖਦੇ ਹਨ । ਵਿਸ਼ਵ ਦੇ ਇਤਿਹਾਸ ਵਿਚ ਕਿਸੇ ਵੀ ਜਥੇਬੰਦੀ ਨੇ ਅਜਿਹੀ ਯੂਨੀਫਾਰਮ ਧਾਰਨ ਨਹੀਂ ਕੀਤੀ ਜੋ ਖ਼ਾਲਸੇ ਦੀ ਯੂਨੀਫਾਰਮ ਵਾਂਗ ਸਦੀਵੀ ਹੋਵੇ ਅਤੇ ਜਨਮ ਮਰਨ ਤੱਕ ਉਸ ਨਾਲ ਨਿਭੇ । ਇਸ ਪ੍ਰਕਾਰ ਖ਼ਾਲਸਾ ਗੁਰੂ ਗੋਬਿੰਦ ਸਿੰਘ ਜੀ ਵਲੋਂ ਤਿਆਰ ਕੀਤਾ ਸਰਵ ਲੌਕਿਕ ਪਰਮ ਮਨੁੱਖ ਹੈ ਜੋ ਇਕ ਅਕਾਲ ਪੁਰਖ ਤੇ ਵਿਸ਼ਵਾਸ ਰੱਖਦਾ ਹੋਇਆ ਸੱਚ, ਨੇਕ ਨੀਅਤ ਦੇ ਮਾਰਗ ਉੱਪਰ ਚੱਲਦਾ ਹੋਇਆ ਦੁਰਾਚਾਰੀ ਕੀਮਤਾਂ ਤੋਂ ਕਿਨਾਰਾ ਕਰਦਾ ਹੈ । ਜੇਕਰ ਅਸੀਂ ਇਹ ਆਖ ਲਈਏ ਕਿ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਤਿਆਰ ਕੀਤਾ ਖ਼ਾਲਸਾ ਗੁਰੂ ਨਾਨਕ ਦੇਵ ਜੀ ਦੁਆਰਾ ਉਤਪੰਨ ਹੋਏ ਗੁਰਮੁਖ ਦਾ ਕ੍ਰਾਂਤੀਕਾਰੀ ਰੂਪ ਹੈ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ। ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਪਾਨ ਲਈ ਫੌਲਾਦ ਗੁਰੂ ਨਾਨਕ ਦੇਵ ਜੀ ਨੇ ਤਿਆਰ ਕੀਤਾ ਸੀ । ਸ: ਕਪੂਰ ਸਿੰਘ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ਾਂ ਤੋਂ ਪੈਦਾ ਹੋਏ ਮਨੁੱਖ ਦੀ ਪੂਰਨਤਾ ਖ਼ਾਲਸੇ ਦੀ ਸਥਾਪਨਾ ਵਿਚ ਹੋਈ ।[5]

ਅਸੀਂ ਸ: ਕਪੂਰ ਸਿੰਘ ਦੇ ਇਸ ਵਿਚਾਰ ਨਾਲ ਸਹਿਮਤ ਹਾਂ, ਕਿਉਂਕਿ ਗੁਰੂ ਨਾਨਕ ਸਾਹਿਬ ਦਾ ਗੁਰਮੁਖ ਗੁਰੂ ਗੋਬਿੰਦ ਸਿੰਘ ਜੀ ਦੇ ਕਾਲ ਵਿਚ ਸਭਨਾਂ ਧਰਮਾਂ ਤੋਂ ਨਿਆਰਾ ਹੋ ਕੇ ਖ਼ਾਲਸ ਮਨੁੱਖ ਬਣ ਚੁੱਕਿਆ ਸੀ ।

ਦਸਮੇਸ਼ ਪਿਤਾ ਦੁਆਰਾ ਗੁਰਮੁਖ ਨੂੰ ਖ਼ਾਲਸਾ ਬਣਾਉਣ ਪਿੱਛੇ ਮਨੋਭਾਵਨਾ ਇਹ ਸੀ ਕਿ ਉਹ ਅਜਿਹੇ ਗੁਰਸਿੱਖ ਨੂੰ ਜੀਵਨ ਦੇ ਸਮੁੱਚੇ ਪਹਿਲੂਆਂ ਉੱਤੇ ਸਚਿਆਰ, ਆਦਰਸ਼ਕ, ਸਦਾਚਾਰੀ ਤੇ ਉਸਾਰੂ ਵੇਖਣਾ ਚਾਹੁੰਦੇ ਸਨ, ਕਿਉਂਕਿ ਉਨ੍ਹਾਂ ਦਾ ਦ੍ਰਿੜ ਵਿਸ਼ਵਾਸ ਸੀ ਕਿ ਜੋ ਖ਼ਾਲਸਾ ਆਦਰਸ਼ਕ, ਉਸਾਰੂ ਅਤੇ ਨੈਤਿਕ ਬਿਰਤੀਆਂ ਦਾ ਧਾਰਨੀ ਬਣ ਗਿਆ ਤਾਂ ਉਸ ਦੀ ਅੰਤਰਾਤਮਾ ਵਿਚੋਂ ਕੂੜ ਪੱਖੀ ਕੀਮਤਾਂ ਆਪਣੇ ਆਪ ਮਨਫ਼ੀ ਹੋ ਜਾਣਗੀਆਂ।

ਖ਼ਾਲਸਾ ਗੁਰੂ ਗ੍ਰੰਥ ਸਾਹਿਬ ਜੀ ਦੀ ਓਟ ਲੈ ਕੇ ਚਲਦਾ ਹੋਇਆ ਪਦਾਰਥਵਾਦੀ ਰੁਚੀਆਂ ਨਾਲੋਂ ਗੁਰਮਤਿ ਸਿਧਾਂਤਾਂ ਤੇ ਜ਼ਿਆਦਾ ਬਲ ਦਿੰਦਾ ਹੈ । ਮੈਂ ਇਥੇ ਇਕ ਗੱਲ ਸਪੱਸ਼ਟ ਕਰਨੀ ਜ਼ਰੂਰੀ ਸਮਝਦਾ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਰਥ ਜਿਸਮ ਨਹੀਂ, ਸਗੋਂ ਦਸਾਂ ਗੁਰੂਆਂ ਦੀ ਜੋਤ ਹੈ । ਜਿਸਮ ਤਾਂ ਮਿਟ ਸਕਦਾ ਹੈ, ਪਰ ਜੋਤ ਸਦੀਵੀ ਤੇ ਅਮਰ ਹੈ । ਇਸ ਲਈ ਗੁਰੂ ਗ੍ਰੰਥ ਸਾਹਿਬ ਜੁਗੋ ਜੁਗ ਅਟਲ ਹੈ, ਜਿਸ ਦੀ ਅਧੀਨਗੀ ਹਰੇਕ ਸੱਚਾ ਸਿੱਖ ਅਥਵਾ ਖ਼ਾਲਸਾ ਜੀਵਨ ਤੋਂ ਲੈ ਕੇ ਮਰਨ ਤੱਕ ਕਬੂਲਦਾ ਹੈ ਤੇ ਲੋੜ ਪੈਣ ਤੇ ਸਿਰ ਤਲੀ ਤੇ ਧਰ ਕੇ ਆਪਾ ਉਸ ਦੇ ਹਵਾਲੇ ਕਰ ਦਿੰਦਾ ਹੈ । ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਦੋਂ ਖ਼ਾਲਸੇ ਨੇ ਮੁਗਲ ਸਾਮਰਾਜ ਵਿਰੁਧ ਜਦੋ ਜਹਿਦ ਆਰੰਭ ਕੀਤੀ ਤਾਂ ਉਸ ਕੋਲ ਗੁਰੂ ਦੀ ਓਟ ਦੇ ਸਿਵਾਏ ਮਰਾਠਿਆਂ ਵਾਂਗ ਸੁਰੱਖਿਅਤ ਇਲਾਕੇ ਨਹੀਂ ਸਨ ਜਿੱਥੋਂ ਉਹ ਆਪਣੀ ਜੰਗ ਜਾਰੀ ਰੱਖ ਸਕਦੇ । ਪਰ ਖ਼ਾਲਸਾ ਪੰਥ ਦੇ ਸੂਰਬੀਰਾਂ ਨੇ ਇੰਨੀਆਂ ਮੁਸ਼ਕਲਾਂ ਦੇ ਬਾਵਜੂਦ ਹਿੰਮਤ ਨਾ ਹਾਰੀ । ਉਹ ਮੁਗਲਾਂ ਤੇ ਅਬਦਾਲੀ ਦੇ ਦੰਦ ਖੱਟੇ ਕਰਨ ਲਈ ਗੁਰੂ ਜੀ ਦੀ ਓਟ ਲੈ ਕੇ ਜੰਗ-ਏ-ਮੈਦਾਨ ਵਿਚ ਕੁੱਦ ਪਏ । ਇਸ ਘਟਨਾ ਤੋਂ ਸਪੱਸ਼ਟ ਹੁੰਦਾ ਹੈ ਕਿ ਖ਼ਾਲਸਾ ਹਮੇਸ਼ਾਂ ਆਪਣੇ ਗੁਰੂ ਨੂੰ ਅੰਗ ਸੰਗ ਸਮਝਦਾ ਹੈ, ਕਿਉਂਕਿ ਉਸ ਨੂੰ ਦ੍ਰਿੜ ਵਿਸ਼ਵਾਸ ਹੈ ਕਿ ਗੁਰੂ ਉਸ ਨੂੰ ਔਖੀ ਘੜੀ ਤੋਂ ਪਾਰ ਲੰਘਾ ਸਕਦਾ ਹੈ :

ਪ੍ਰਭ ਪ੍ਰੀਤਮ ਮੇਰੈ ਸੰਗਿ ਰਾਇ ॥
ਜਿਸਹਿ ਦੇਖਿ ਹਉ ਜੀਵਾ ਮਾਇ ॥
ਜਾ ਕੈ ਸਿਮਰਨਿ ਦੁਖੁ ਨ ਹੋਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1181)

ਵਿਸ਼ਵ ਭਰ ਦੇ ਇਤਿਹਾਸਕਾਰ ਇਸ ਗੱਲ ਨੂੰ ਮੰਨਦੇ ਹਨ ਕਿ ਖ਼ਾਲਸਾ ਅਜਿਹਾ ਸਿਪਾਹੀ ਹੁੰਦਾ ਹੈ ਜੋ ਕਿ ਵਿਸ਼ਵ ਭਰ ਦੇ ਸਿਪਾਹੀਆਂ ਨਾਲੋਂ ਦ੍ਰਿੜ ਇਰਾਦੇ ਵਾਲਾ ਹੁੰਦਾ ਹੈ, ਕਿਉਂਕਿ ਉਹ ਵੈਰੀ ਦੀ ਬਹੁਗਿਣਤੀ ਨੂੰ ਦੇਖ ਕੇ ਘਬਰਾਉਂਦਾ ਨਹੀਂ ਤੇ ਨਾ ਹੀ ਹਾਰ ਹੋਣ ਵੇਲੇ ਪਿੱਠ ਦਿਖਾਉਂਦਾ ਹੈ, ਸਗੋਂ ਚੜ੍ਹਦੀ ਕਲਾ ਵਿਚ ਰਹਿੰਦਾ ਹੋਇਆ ਵੈਰੀ ਦਾ ਅੰਤਮ ਦਮ ਤੱਕ ਮੁਕਾਬਲਾ ਕਰਦਾ ਹੈ । ਕਈ ਵਿਦਵਾਨ ਸੋਚਦੇ ਹਨ ਕਿ ਦਸ ਗੁਰੂ ਜੋਤੀ ਜੋਤ ਸਮਾ ਗਏ ਹਨ, ਹੁਣ ਸਿੱਖ ਕੌਮ ਦੇ ਕੋਲ ਅਜਿਹੀ ਸਖਸ਼ੀਅਤ ਨਹੀਂ ਜੋ ਉਨ੍ਹਾਂ ਨੂੰ ਚੜ੍ਹਦੀ ਕਲਾ ਵਿਚ ਰੱਖ ਸਕੇ । ਬਹੁਤ ਸਾਰੇ ਸਿੱਖ ਇਸ ਵਿਚਾਰਧਾਰਾ ਵਲ ਰੁਚਿਤ ਹੁੰਦੇ ਜਾ ਰਹੇ ਹਨ ਤੇ ਸਹਿਜੇ ਸਹਿਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲੋਂ ਮੁਖ ਮੋੜ ਕੇ ਦੇਹਧਾਰੀ ਗੁਰੂਆਂ ਦੇ ਲੜ ਲੱਗ ਰਹੇ ਹਨ । ਪਰ ਮੈਂ ਇਸ ਸੋਚ ਨਾਲ ਸਹਿਮਤ ਨਹੀਂ ਕਿ ਦਸਾਂ ਗੁਰੂਆਂ ਦੇ ਜੋਤੀ ਜੋਤ ਸਮਾਉਣ ਨਾਲ ਖ਼ਾਲਸਾ ਪੰਥ ਵਿਚੋਂ ਚੜ੍ਹਦੀ ਕਲਾ ਦਾ ਸੰਕਲਪ ਖਤਮ ਹੋ ਗਿਆ ਸੀ, ਕਿਉਂਕਿ ਬਾਬਾ ਜੱਸਾ ਸਿੰਘ ਆਹਲੂਵਾਲੀਆ, ਬਾਬਾ ਜੱਸਾ ਸਿੰਘ ਰਾਮਗੜ੍ਹੀਆ, ਬਾਬਾ ਦੀਪ ਸਿੰਘ, ਬਾਬਾ ਬੰਦਾ ਸਿੰਘ ਬਹਾਦਰ, ਬਾਬਾ ਬਘੇਲ ਸਿੰਘ, ਬਾਬਾ ਸਾਹਿਬ ਸਿੰਘ ਬੇਦੀ, ਬਾਬਾ ਬਿਕਰਮਾ ਸਿੰਘ ਬੇਦੀ, ਅਕਾਲੀ ਫੂਲਾ ਸਿੰਘ, ਬਾਬਾ ਮਹਾਰਾਜ ਸਿੰਘ, ਬਾਬਾ ਹਰੀ ਸਿੰਘ ਨਲੂਆ, ਬਾਬਾ ਸ਼ਾਮ ਸਿੰਘ ਅਟਾਰੀਵਾਲਾ ਤੇ ਬੱਬਰ ਅਕਾਲੀ ਸੂਰਬੀਰਾਂ ਦੇ ਸਮੇਂ ਕੋਈ ਗੁਰੂ ਸਰੀਰਕ ਤੌਰ ਤੇ ਨਹੀਂ ਸੀ, ਪਰ ਫਿਰ ਵੀ ਇਨ੍ਹਾਂ ਸੂਰਬੀਰਾਂ ਨੇ ਚੜ੍ਹਦੀ ਕਲਾ ਦਾ ਸੰਕਲਪ ਉਜਾਗਰ ਕਰਕੇ ਦੇਸ਼, ਕੌਮ ਤੇ ਧਰਮ ਵਿਰੋਧੀ ਤਾਕਤਾਂ ਨੂੰ ਕਰਾਰੀ ਭਾਂਜ ਦਿੱਤੀ । ਜੇਕਰ ਖ਼ਾਲਸਾ 18ਵੀਂ ਸਦੀ ਤੇ 19 ਵੀਂ ਸਦੀ ਵਿਚ ਚੜ੍ਹਦੀ ਕਲਾ ਵਿਚ ਨਾ ਹੁੰਦਾ ਤਾਂ ਪੰਜਾਬ ਕੀ ਸਾਰਾ

ਹਿੰਦੋਸਤਾਨ ਹੁਣ ਤੱਕ ਵਿਦੇਸ਼ੀਆਂ ਦੀ ਛਾਇਆ ਹੇਠ ਹੁੰਦਾ। ਡਾ: ਹਰੀ ਰਾਮ ਗੁਪਤਾ ਖ਼ਾਲਸੇ ਦੀ ਚੜ੍ਹਦੀ ਕਲਾ ਦਾ ਜ਼ਿਕਰ ਕਰਦਾ ਹੋਇਆ ਆਖਦਾ ਹੈ ਕਿ ਸਿੰਘਾਂ ਨੇ ਪੰਜਾਬ ਲਈ ਬੀਰ ਭੂਮੀ ਜਾਂ ਸੂਰਮਿਆਂ ਦਾ ਦੇਸ਼ ਆਖੇ ਜਾਣ ਦਾ ਮਾਣ ਜਿੱਤਿਆ। ਉਨ੍ਹਾਂ ਹਜ਼ਾਰਾਂ ਵਰ੍ਹਿਆਂ ਤੋਂ ਵਹਿੰਦੇ ਬਿਦੇਸ਼ੀ ਜਰਵਾਣਿਆਂ ਵਲੋਂ ਹਲਿਆਂ ਦੇ ਹੜ੍ਹ ਨੂੰ ਠੱਲ੍ਹ ਪਾਈ।[6]

ਇਹ ਅਜਿਹਾ ਇਸ ਲਈ ਹੋ ਸਕਿਆ ਕਿ ਇਨ੍ਹਾਂ ਸੂਰਬੀਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਓਟ ਲੈ ਕੇ ਆਪਣੇ ਆਪ ਨੂੰ ਚੜ੍ਹਦੀ ਕਲਾ ਵਿਚ ਰੱਖਿਆ ਸੀ।

ਹਰੇਕ ਜੁਝਾਰੂ ਜਥੇਬੰਦੀ ਅਥਵਾ ਫੌਜ ਕੋਲ ਨਾਹਰਾ ਹੋਣਾ ਲਾਜ਼ਮੀ ਹੈ, ਜੋ ਕਿ ਉਸ ਦੀ ਫਤਹਿ ਦਾ ਪ੍ਰਤੀਕ ਹੁੰਦਾ ਹੈ। ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਨੂੰ ਦੋ ਵੱਡੇ ਨਾਹਰੇ ਦਿੱਤੇ ਸਨ, ਜਿਵੇਂ "ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ ਤੇ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ।" ਜਥੇਬੰਦੀ ਦੀ ਫਤਹਿ ਦਾ ਸਿਹਰਾ ਉਸ ਨਾਅਰੇ ਦੇ ਬੱਝਦਾ ਹੈ, ਜੋ ਉਸ ਦੇ ਨਿਸ਼ਾਨੇ ਨੂੰ ਸਪੱਸ਼ਟਤਾ ਨਾਲ ਉਜਾਗਰ ਹੀ ਨਾ ਕਰੇ, ਸਗੋਂ ਇਕਦਮ ਜਥੇਬੰਦੀ ਦੀ ਹਿੱਕ ਤੇ ਜਾ ਵੱਜੇ, ਜਿਸ ਨਾਲ ਉਨ੍ਹਾਂ ਨੂੰ ਜੋਸ਼ ਆ ਜਾਵੇ। ਖ਼ਾਲਸਾ ਪੰਥ ਵਿਚ ਇਹ ਨਾਹਰੇ ਬੜੇ ਜੋਸ਼ ਨਾਲ ਗਜਾਏ ਜਾਂਦੇ ਹਨ ਜੋ ਕਿ ਜਥੇਬੰਦੀ ਦੇ ਇਰਾਦੇ ਨੂੰ ਹੋਰ ਦ੍ਰਿੜ ਕਰਦੇ ਹਨ। ਪਹਿਲੇ ਨਾਅਰੇ ਦਾ ਅਰਥ ਹੈ ਕਿ ਖ਼ਾਲਸਾ ਵਾਹਿਗੁਰੂ ਦਾ ਹੈ ਤੇ ਵਾਹਿਗੁਰੂ ਉਸ ਦਾ। ਇਸ ਤਰ੍ਹਾਂ ਖ਼ਾਲਸੇ ਦੀ ਫਤਹਿ ਤੇ ਵਾਹਿਗੁਰੂ ਜੀ ਫਤਹਿ ਵਿਚ ਕੋਈ ਅੰਤਰ ਨਹੀਂ। ਸਮੁੱਚੇ ਪੰਥ ਦਾ ਨਿਚੋੜ ਇਸ ਨਾਹਰੇ ਵਿਚ ਦ੍ਰਿਸ਼ਟਮਾਨ ਹੈ ਜੋ ਕਿ ਖ਼ਾਲਸਈ ਇਨਕਲਾਬ ਦੀ ਹਕੀਕਤ ਨੂੰ ਪੇਸ਼ ਕਰਦਾ ਹੈ। ਦੂਸਰੇ ਨਾਹਰੇ ਦਾ ਅਰਥ ਹੈ ਕਿ ਅਕਾਲ ਪੁਰਖ ਹਕੀਕਤ ਹੈ ਤੇ ਸਦੀਵੀ ਹੈ। ਜੋ ਅਕਾਲ ਪੁਰਖ ਨੂੰ ਧਿਆਉਂਦਾ ਹੈ ਨਿਹਾਲ ਹੋ ਜਾਂਦਾ ਹੈ। ਇਹ ਦੋਵੇਂ ਨਾਹਰੇ ਖ਼ਾਲਸਾ ਪੰਥ ਦੀ ਜਿੰਦ ਜਾਨ ਹਨ ਜੋ ਕਿ ਮੈਦਾਨੇ ਜੰਗ ਵਿਚ ਤਰਜ਼ਮਾਨੀ ਕਰਦੇ ਹਨ ਤੇ ਚੜ੍ਹਦੀ ਕਲਾ ਬਖਸ਼ਦੇ ਹਨ।

ਖ਼ਾਲਸਾ ਅਜਿਹੇ ਰਾਜ ਦੀ ਹਰਗਿਜ਼ ਕਾਮਨਾ ਨਹੀਂ ਕਰਦਾ ਜੋ ਮਨੁੱਖ ਦੀ ਹਵਸ ਨੂੰ ਵਧਾਉਂਦਾ ਹੋਵੇ। ਸਿੱਖ ਇਤਿਹਾਸ ਇਸ ਗੱਲ ਦਾ ਦਾਅਵਾ ਕਰਦਾ ਹੈ ਕਿ ਗੁਰੂ ਸਾਹਿਬਾਨ ਤੋਂ ਲੈ ਕੇ ਸਿੱਖ ਜਰਨੈਲ ਸ਼ਾਂਤਮਈ ਤਰੀਕੇ ਜਾਂ ਹਥਿਆਰਬੰਦ ਸੰਘਰਸ਼ ਰਾਹੀਂ ਅਜਿਹੇ ਰਾਜ ਵਿਰੁਧ ਆਪਣੀ ਆਵਾਜ਼ ਬੁਲੰਦ ਕਰਦੇ ਰਹੇ। ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਕਾਰਣ ਇਹ ਸੀ ਕਿ ਉਹ ਕ੍ਰਮਵਾਰ ਮੁਗਲ ਬਾਦਸ਼ਾਹ ਜਹਾਂਗੀਰ ਅਤੇ ਔਰੰਗਜ਼ੇਬ ਦੀਆਂ ਜ਼ਾਲਮਾਨਾ ਨੀਤੀਆਂ ਵਿਰੁਧ ਦ੍ਰਿੜਤਾ ਨਾਲ ਆਵਾਜ਼ ਉਠਾਉਂਦੇ ਰਹੇ। ਗੁਰੂ ਹਰਗੋਬਿੰਦ ਸਾਹਿਬ ਨੇ ਸਿੱਖ ਕੌਮ ਨੂੰ ਮੀਰੀ ਪੀਰੀ ਦਾ ਸੰਕਲਪ ਪੇਸ਼ ਕਰਕੇ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਬਾਟੇ ਵਿਚੋਂ ਖ਼ਾਲਸਾ ਪੰਥ ਦੀ ਸਾਜਨਾ ਕਰਕੇ ਹਥਿਆਰਬੰਦ ਸੰਘਰਸ਼ ਜ਼ਾਲਮ ਵਿਰੁਧ ਕੀਤਾ। ਸਿੱਖ ਕੌਮ ਦੇ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਨੇ ਵਜ਼ੀਰ ਖਾਨ ਦੇ ਜ਼ਾਲਮਾਨਾ ਰਾਜ ਦਾ ਅੰਤ ਕਰਕੇ ਉਸ ਦੀ ਥਾਂ ਖ਼ਾਲਸਾ ਰਾਜ ਸਥਾਪਿਤ ਕੀਤਾ ਜਿੱਥੇ ਕਿ ਹਰੇਕ ਧਰਮ ਦੇ ਲੋਕਾਂ ਨੂੰ ਸੁਤੰਤਰਤਾ ਤੇ ਬਰਾਬਰਤਾ ਹਾਸਿਲ ਹੋਵੇ। ਇਸੇ ਪ੍ਰਕਾਰ ਅਠਾਰਵੀਂ ਤੇ ਉਨੀਵੀਂ ਸਦੀ ਦੇ ਜਰਨੈਲ ਜੱਸਾ ਸਿੰਘ ਆਹਲੂਵਾਲੀਆ, ਨਵਾਬ ਕਪੂਰ ਸਿੰਘ, ਜਰਨੈਲ ਬਘੇਲ ਸਿੰਘ, ਬਾਬਾ ਸਾਹਿਬ ਸਿੰਘ ਬੇਦੀ ਆਦਿ ਨੇ ਦੁਰਾਚਾਰੀ ਰਾਜ ਪ੍ਰਬੰਧ ਵਿਰੁਧ ਦ੍ਰਿੜਤਾ ਨਾਲ ਸੰਘਰਸ਼ ਕਰਕੇ ਖ਼ਾਲਸਾ ਰਾਜ ਕਾਇਮ ਕਰਨ ਵਿਚ ਅਹਿਮ ਹਿੱਸਾ ਪਾਇਆ ਤਾਂ ਜੋ ਲੋਕਾਈ ਅਮਨ ਸ਼ਾਂਤੀ ਨਾਲ ਰਹਿ ਸਕੇ। ਪ੍ਰੋ: ਕ੍ਰਿਸ਼ਨ ਸਿੰਘ ਖ਼ਾਲਸਾ ਰਾ

ਦੇ ਸੰਕਲਪ ਦਾ ਜ਼ਿਕਰ ਕਰਦਾ ਹੋਇਆ ਆਖਦਾ ਹੈ ਕਿ ਖ਼ਾਲਸੇ ਰਾਜ ਦਾ ਮਤਲਬ ਲੋਕ ਹਿੱਤ ਇਨਸਾਨੀਅਤ ਦਾ, ਸੱਚ ਦਾ ਰਾਜ ਹੈ।[7]

ਸਪੱਸ਼ਟ ਹੈ ਕਿ ਖ਼ਾਲਸਾ ਅਜਿਹੇ ਰਾਜ ਦੀ ਕਾਮਨਾ ਕਰਦਾ ਹੈ, ਜਿਸ ਦੀ ਨੀਂਹ ਸਦਾਚਾਰ ਤੇ ਰੱਖੀ ਹੋਵੇ ਤੇ ਉਸ ਵਿਚ ਮਨੁੱਖੀ ਅਧਿਕਾਰ ਸੁਰੱਖਿਅਤ ਹੋਣ, ਉਥੇ ਹਰੇਕ ਮਹਜ਼ਬ ਆਜ਼ਾਦੀ ਦਾ ਨਿੱਘ ਮਾਣ ਸਕੇ ।

ਖ਼ਾਲਸੇ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਜ਼ਾਲਮ ਜਰਨੈਲ ਵਰਗਾ ਨਾ ਹੋ ਕੇ ਮਾਨਵਤਾ ਅਥਵਾ ਸਦਾਚਾਰ ਦਾ ਪ੍ਰਤੀਕ ਤੇ ਸ਼ਾਂਤੀ ਦਾ ਸੋਮਾ ਹੁੰਦਾ ਹੈ । ਪਰ ਇਸ ਦੇ ਨਾਲ ਇਹ ਗੱਲ ਸ਼ਾਮਿਲ ਕਰ ਲੈਣੀ ਜ਼ਰੂਰੀ ਹੈ ਕਿ ਖ਼ਾਲਸਾਂ ਅਜਿਹੀ ਸ਼ਾਂਤੀ ਦਾ ਹਾਮੀ ਨਹੀਂ ਜੋ ਕਿ ਉਸ ਦੀ ਹੋਂਦ ਨੂੰ ਖਤਰਾ ਪੈਦਾ ਕਰਦੀ ਹੋਵੇ । ਅਜਿਹੀ ਸਥਿਤੀ ਵਿਚ ਉਹ ਗੁਰੂ ਦੀ ਓਟ ਲੈ ਕੇ ਸ਼ਸ਼ਤਰ ਧਾਰਨ ਕਰਦਾ ਹੋਇਆ ਜ਼ਾਲਮ ਦਾ ਸਾਹਮਣਾ ਕਰਦਾ ਹੈ ਤਾਂ ਜੋ ਉਸ ਦੀ ਹੋਂਦ ਬਰਕਰਾਰ ਰਹਿ ਸਕੇ । ਪਰ ਖ਼ਾਲਸਾ ਅਜਿਹੀ ਸਥਿਤੀ ਵਿਚ ਸ਼ਸ਼ਤਰਾਂ ਦੀ ਵਰਤੋਂ ਕਰਨ ਵੇਲੇ ਭਾਵੁਕ ਨਹੀਂ ਹੁੰਦਾ, ਸਗੋਂ ਇਸ ਦੀ ਵਰਤੋਂ ਨੈਤਿਕਤਾ ਦੇ ਅਧਾਰ ਤੇ ਕਰਦਾ ਹੈ । ਸ਼ਸ਼ਤਰ ਸਿਰਫ ਖ਼ਾਲਸੇ ਦੇ ਜਨਮ ਨਾਲ ਨਹੀਂ ਜੁੜੇ ਹੋਏ, ਸਗੋਂ ਖ਼ਾਲਸਾ ਇਨ੍ਹਾਂ ਨਾਲ ਪਿਆਰ ਵੀ ਕਰਦਾ ਹੈ ਉਹ ਜ਼ੁਲਮ ਦੀ ਜੜ੍ਹ ਨੂੰ ਨਾਸ਼ ਕਰਨ ਲਈ ਉਠਾਏ ਸ਼ਸ਼ਤਰਾਂ ਨੂੰ ਹਿੰਸਾ ਨਹੀਂ ਸਮਝਦਾ । ਉਹ ਇਸ ਵਿਚਾਰ ਦਾ ਧਾਰਨੀ ਹੈ ਕਿ ਜ਼ੁਲਮ ਵਿਰੁਧ ਉਠਾਏ ਗਏ ਸ਼ਸ਼ਤਰ ਸਰਜਨ ਦੇ ਉਸ ਚਾਕੂ ਦੇ ਨਿਆਈਂ ਹਨ ਜੋ ਸਮਾਜ ਵਿਚ ਫੈਲ ਚੁੱਕੇ ਨਾਸੂਰ ਨੂੰ ਜੜੋਂ ਉਖੇੜਨ ਲਈ ਸਹਾਇਕ ਸਿੱਧ ਹੁੰਦੇ ਹਨ । ਗੁਰੂ ਗੋਬਿੰਦ ਸਿੰਘ ਜੀ ਖ਼ਾਲਸਾ ਪੰਥ ਦੇ ਅਸਤਿਤਵ ਨੂੰ ਕਾਇਮ ਕਰਨ ਲਈ ਤੇ ਮਾਨਵਤਾ ਦੀ ਜ਼ਾਲਮ ਰਾਜ ਪ੍ਰਬੰਧ ਤੋਂ ਰੱਖਿਆ ਕਰਨ ਲਈ ਕ੍ਰਿਪਾਨ ਤੇ ਹੋਰ ਹਥਿਆਰਾਂ ਨੂੰ ਖ਼ਾਲਸੇ ਲਈ ਅਤਿਅੰਤ ਆਵਸ਼ਕ ਸਮਝਦੇ ਹਨ ।

ਜੈ ਜੈ ਜਗ ਕਾਰਣ ਸ੍ਰਿਸਟ ਉਬਾਰਨ ਮਮ ਪ੍ਰਤਿਪਾਰਣ ਜੈ ਤੇਗੰ ॥ (ਦਸਮ ਗ੍ਰੰਥ)

ਸ: ਕਪੂਰ ਸਿੰਘ ਦੇ ਅਨੁਸਾਰ ਖ਼ਾਲਸਾ ਭਾਈਚਾਰੇ ਦਾ ਕੋਈ ਵੀ ਮੈਂਬਰ ਆਪਣੀ ਸ਼ਹਿਰੀ ਸੁਤੰਤਰਤਾ ਉੱਤੇ ਕੋਈ ਵੀ ਬੇਗਾਨੀ ਰੋਕ ਨਾ ਸਵੀਕਾਰ ਕਰਨ ਲਈ ਵਚਨਬੱਧ ਹੈ, ਇਸ ਲਈ ਉਸ ਨੂੰ ਵਾਰ ਕਰਨ ਤੇ ਰਾਖੀ ਲਈ ਹਥਿਆਰ ਪਹਿਨਣ ਤੇ ਰੱਖਣ ਦੇ ਆਪਣੇ ਬੇਰੋਕ ਹੱਕ ਲਈ ਜ਼ੋਰ ਦੇਣ ਅਤੇ ਸੰਘਰਸ਼ ਕਰਨ ਦਾ ਆਦੇਸ਼ ਹੈ ।[8] ਭਾਈ ਦੇਸਾ ਸਿੰਘ ਜੀ ਸ਼ਸ਼ਤਰਾਂ ਦੀ ਅਹਿਮੀਅਤ ਦਾ ਜ਼ਿਕਰ ਕਰਦੇ ਹੋਏ ਆਖਦੇ ਹਨ :

ਸ਼ਸ਼ਤ੍ਰਹੀਨ ਇਹ ਕਬਹੁੰ ਨ ਕੋਈ ॥
ਰਹਿਤਵੰਤ ਖਾਲਿਸ ਹੈ ਸੋਈ ॥

ਇਸ ਤਰ੍ਹਾਂ ਸ਼ੁਭ ਕਾਰਜਾਂ ਦੀ ਰੱਖਿਆ ਦੇ ਲਈ ਤੇ ਨਾਪਾਕ ਆਤਮਾਵਾਂ ਦੀ ਸੁਧਾਈ ਕਰਨ ਦੇ ਲਈ ਸਿਰਫ ਖ਼ਾਲਸਾ ਹੀ ਸੁੱਚਜੇ ਢੰਗ ਨਾਲ ਸ਼ਸ਼ਤਰਾਂ ਦੀ ਵਰਤੋਂ ਕਰ ਸਕਦਾ ਹੈ, ਕਿਉਂਕਿ ਉਸ ਦਾ ਦਿਲ ਸਦਾਚਾਰਕ ਅਤੇ ਅਧਿਆਤਮਕ ਤੌਰ ਤੇ ਮਜ਼ਬੂਤ ਹੁੰਦਾ ਹੈ।

ਖ਼ਾਲਸਾ ਕਿਸੇ ਵੀ ਰਾਜਨੀਤਕ ਸ਼ਕਤੀ ਦਾ ਗੁਲਾਮ ਨਾ ਹੋ ਕੇ ਇਲਾਹੀ ਸ਼ਕਤੀ ਦਾ ਦਾਸ ਹੁੰਦਾ ਹੈ । ਉਹ ਉਸ ਸਥਾਨ ਨੂੰ ਹੀ ਪਸੰਦ ਕਰਦਾ ਹੈ, ਜਿੱਥੇ ਕਿ ਸਰਬੱਤ ਲੋਕਾਂ ਦੇ ਅਧਿਕਾਰ ਸੁਰੱਖਿਅਤ ਹੋਣ । ਗੁਰੂ ਨਾਨਕ ਸਾਹਿਬ ਇਸ ਗੱਲ ਵਲ ਸਾਫ ਇਸ਼ਾਰਾ ਕਰਦੇ ਹੋਏ ਆਖਦੇ ਹਨ ਕਿ ਜਿੱਥੇ ਮਨੁੱਖ ਦੇ ਅਧਿਕਾਰ ਸੁਰੱਖਿਅਤ ਨਾ ਹੋਣ, ਉਥੇ ਮਨੁੱਖ ਦਾ ਜੀਵਨ ਬਿਤਾਉਣਾ ਹਰਾਮ ਹੈ;

ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥

(ਗੁਰੂ ਗ੍ਰੰਥ ਸਾਹਿਬ ਜੀ, ਪੰਨਾ 142)

ਖ਼ਾਲਸਾ ਅਜਿਹਾ ਪਰਮ ਮਨੁੱਖ ਹੈ ਜੋ ਨੇਕ ਕਾਰਜਾਂ ਲਈ ਆਪਣੀ ਜਾਨ ਕੁਰਬਾਨ ਕਰ ਦਿੰਦਾ ਹੈ । ਡਾ. ਜਸਬੀਰ ਸਿੰਘ ਆਹਲੂਵਾਲੀਆ ਅਨੁਸਾਰ ਸ਼ਹੀਦੀ ਦੀ ਨਿਰਭਉ-ਨਿਰਵੈਰ ਮਨੋਬਿਰਤੀ ਵਿਚ ਕਾਲ ਦੇ ਪੋਹ ਸਕਣ ਦਾ ਵਹਿਮ ਭਾਸਦਾ ਹੈ, ਨਾ ਹਾਰ ਦਾ ਸਹਿਮ । ਇਹ ਸਦਾ ਵਿਗਾਸ ਦੀ ਅਵਸਥਾ ਹੁੰਦੀ ਹੈ, ਜਿਸ ਵਿਚ ਸਤਿ, ਸੰਤੋਖ ਅਤੇ ਗਿਆਨ ਮਨ ਨੂੰ ਇਕਾਗਰਤਾ ਪ੍ਰਦਾਨ ਕਰਦੇ ਹਨ ।[9] ਇਹੀ ਕਾਰਣ ਹੈ ਕਿ ਖ਼ਾਲਸਾ ਭਰਮ ਅਥਵਾ ਡਰ ਤੋਂ ਮੁਕਤ ਹੋ ਕੇ ਜੀਵਨ-ਜੰਗ ਵਿਚ ਵਿਚਰਦਾ ਹੈ । ਭਾਈ ਗੁਰਦਾਸ ਜੀ ਸ਼ਹੀਦ ਦੇ ਗੁਣਾਂ ਉਪਰ ਰੌਸ਼ਨੀ ਪਾਉਂਦੇ ਹੋਏ ਆਖਦੇ ਹਨ:

ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ ।
ਸਬਰ ਸਿਦਕ ਸ਼ਹੀਦ ਭਰਮ ਭਉ ਖੋਵਣਾ ।

ਖ਼ਾਲਸਾ ਪੰਥ ਵਿਸ਼ਵ ਦੇ ਲੋਕਾਂ ਨਾਲ ਸੰਬੰਧਿਤ ਪੰਥ ਹੈ, ਕਿਉਂਕਿ ਇਸ ਵਿਚ ਹਰ ਇਕ ਮਹਜ਼ਬ ਦਾ ਵਿਅਕਤੀ ਅੰਮ੍ਰਿਤ ਛੱਕ ਕੇ ਖ਼ਾਲਸਈ ਕਦਰਾਂ ਕੀਮਤਾਂ ਨੂੰ ਗ੍ਰਹਿਣ ਕਰਕੇ ਪ੍ਰਵੇਸ਼ ਕਰ ਸਕਦਾ ਹੈ । ਭਾਰਤ ਨੂੰ ਮਾਣ ਹੈ ਕਿ ਉਸ ਨੇ ਇਸ ਪੰਥ ਦੀਆਂ ਮੋਢੀ ਸਖਸ਼ੀਅਤਾਂ ਨੂੰ ਜਨਮ ਦਿੱਤਾ ਹੈ । ਇਹ ਪੰਥ ਜਿਥੇ ਸਮੁੱਚੇ ਸੰਸਾਰ ਨੂੰ ਪਿਆਰ, ਮਨੁੱਖੀ ਵੇਦਨਾ ਨੂੰ ਸ਼ਾਂਤਮਈ ਰਹੱਸ ਵੱਲ ਪ੍ਰੇਰਦਾ ਹੈ, ਉਥੇ ਇਹ 'ਨਾ ਕੋਈ ਵੈਰੀ ਨਾ ਕੋਈ ਬਿਗਾਨਾ' ਦਾ ਸੰਕਲਪ ਪੇਸ਼ ਕਰਦਾ ਹੈ । ਗੁਰੂ ਗੋਬਿੰਦ ਸਿੰਘ ਜੀ ਖਾਲਸਾ ਪੰਥ ਦਾ ਆਦਰਸ਼ ਪੇਸ਼ ਕਰਦੇ ਹੋਏ ਆਖਦੇ ਹਨ :

ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵਿ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ॥ ਦੁਸ਼ਟ ਦੋਖੀਯਨਿ ਪਕਰਿ ਪਛਾਰੋ॥
ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਿਨ॥

(ਬਚਿੱਤ੍ਰ ਨਾਟਕ)

ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਨਾ ਹੀ ਆਪਣੇ ਆਪ ਨੂੰ ਪਰਮਾਤਮਾ ਅਖਵਾਇਆ ਤੇ ਨਾ ਹੀ ਦੇਹਧਾਰੀ ਜੀਵ ਨੂੰ ਪਰਮਾਤਮਾ ਸਵੀਕਾਰਿਆ । ਉਨ੍ਹਾਂ ਦੇ ਸਾਹਮਣੇ ਹਰ ਇਕ ਮੁਸ਼ਕਿਲ, ਰੁਕਾਵਟ ਸੀ, ਪਰ ਸਾਮਾਜਿਕ ਉਸਾਰੀ ਦਾ ਨਿਸ਼ਚਾ, ਲੋਕ ਅਤੇ ਰੱਬ ਉਨ੍ਹਾਂ ਦੇ ਅੰਗ ਸੰਗ ਸੀ ਜੋ ਕਿ ਖ਼ਾਲਸਈ ਇਨਕਲਾਬ ਲਿਆਉਣ ਦਾ ਕਾਰਣ ਬਣੇ । ਪ੍ਰੋ. ਕ੍ਰਿਸ਼ਨ ਸਿੰਘ ਅਨੁਸਾਰ ਇਤਿਹਾਸਕਾਰਾਂ ਦਾ ਇਹ ਕਹਿਣਾ ਕਿ ਉਹ ਹਿੰਦੁਸਤਾਨ ਦੀ ਤਾਰੀਖ ਵਿਚ ਪਹਿਲੇ ਜਮਹੂਰੀ ਲੀਡਰ ਸਨ, ਜਿਨ੍ਹਾਂ ਨੇ ਸਮਾਜ ਦੀ ਰਹਿੰਦ-ਖੂੰਹਦ ਵਿਚੋਂ ਫੀਊਡਲ ਸਮਾਜ ਦੇ ਕੂੜਾ ਕਰਕਟ ਵਿਚੋਂ ਆਪਣੀ ਫ਼ੌਜ ਬਣਾਈ- ਸਾਡੀ ਕਹੀ ਗੱਲ ਦੀ ਹਾਮੀ ਭਰਨ ਦੇ ਤੁਲ ਹੈ ਕਿ ਹਿੰਦੋਸਤਾਨ ਦੀ ਲੰਮੀ ਤਾਰੀਖ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਹਿਲੇ ਇਨਕਲਾਬੀ ਲੀਡਰ ਸਨ ਅਤੇ ਸਿੱਖ ਲਹਿਰ ਪਹਿਲੀ ਇਨਕਲਾਬੀ ਲਹਿਰ। ਇਤਿਹਾਸਕਾਰਾਂ ਦਾ ਇਨ੍ਹਾਂ ਦੋਹਾਂ ਗੱਲਾਂ ਬਾਬਤ ਗੁਰੂ ਸਾਹਿਬ ਨੂੰ ਕਿਸੇ ਉਚੇਚੀ ਕਰਨੀ ਵਾਸਤੇ ਵਡਿਆਉਣਾ, ਉਨ੍ਹਾਂ ਦੀ ਕੀਤੀ ਬਾਬਤ ਆਪਣੀ ਬੇਸਮਝੀ ਜ਼ਾਹਿਰ ਕਰਨਾ ਹੈ । ਉਨ੍ਹਾਂ ਹਿੰਦੋਸਤਾਨ ਦੀ ਪਰੰਪਰਾ ਤੋਂ ਬਾਹਰੀ ਗੱਲ ਕੀਤੀ । ਬਾਹਰੀ ਗੱਲ ਇਸ ਤਬਕੇ ਵਿਚੋਂ ਫ਼ੌਜ

ਥਟਾਉਣ ਦੀ ਨਹੀਂ ਸੀ. ਉਹ ਸੀ ਉਨ੍ਹਾਂ ਦਾ ਲੋਕ ਹਿੱਤੀ ਜਮਾਤੀ ਪੈਂਤੜਾ । ਜੇ ਉਹ ਇਨਕਲਾਬੀ ਸਨ. ਲੋਕ ਹਿੱਤ ਵਾਸਤੇ ਲੜਦੇ ਸਨ ਤਾਂ ਉਨ੍ਹਾਂ ਦੀ ਫ਼ੌਜ ਵਿਚ ਕੁਦਰਤੀ ਉਹੋ ਲੋਕ ਹੀ ਹੋਣੇ ਸਨ. ਜਿਨ੍ਹਾਂ ਦੇ ਹਿੱਤ ਵਾਸਤੇ ਉਹ ਲੜਦੇ ਸਨ ।[10]

ਪ੍ਰੋ. ਸਾਹਿਬ ਦਾ ਇਹ ਮੱਤ ਤਾਂ ਠੀਕ ਹੈ ਕਿ ਗੁਰੂ ਸਾਹਿਬ ਨੇ ਲੋਕ ਹਿੱਤੀ ਪੈਂਤੜੇ ਨੂੰ ਅਪਣਾ ਕੇ ਇਨਕਲਾਬ ਲਿਆਉਂਦਾ । ਪਰ ਉਹ ਇਸ ਨੂੰ ਕੌਤਕ ਮੰਨਣ ਤੋਂ ਇਨਕਾਰੀ ਹਨ ਕਿ ਗੁਰੂ ਸਾਹਿਬ ਨੇ ਆਮ ਲੋਕਾਂ ਵਿਚ ਜਾਗ੍ਰਿਤੀ ਲਿਆ ਕੇ ਉਨ੍ਹਾਂ ਨੂੰ ਦੁਰਾਚਾਰੀ ਰਾਜਨੀਤਕ ਪ੍ਰਬੰਧ ਨਾਲ ਟਕਰਾ ਕੇ ਇਤਿਹਾਸ ਵਿਚ ਪਹਿਲੀ ਉਦਾਹਰਣ ਪੇਸ਼ ਕੀਤੀ । ਪਰ ਮੈਂ ਪ੍ਰੋ. ਸਾਹਿਬ ਨਾਲ ਸਹਿਮਤ ਨਹੀਂ ਹਾਂ, ਕਿਉਂਕਿ ਨਕਸਲਾਈਟ ਲਹਿਰ, ਨਿਤਸ਼ੇ ਦਾ ਇਨਕਲਾਬ, ਹਿਟਲਰ ਦਾ ਇਨਕਲਾਬ ਭਾਵੇਂ ਲੋਕ ਹਿੱਤਾ ਲਈ ਉਤਪੰਨ ਹੋਏ ਸਨ, ਪਰ ਇਹ ਆਪਣੀ ਅਹੰ ਦੇ ਕਾਰਣ ਲੋਕਾਂ ਨੂੰ ਆਪਣੇ ਨਾਲ ਨਹੀਂ ਜੋੜ ਸਕੇ । ਜਦ ਕਿ ਇਸ ਦੇ ਉਲਟ ਦਸਮੇਸ਼ ਪਿਤਾ ਵਲੋਂ ਲਿਆਂਦਾ ਇਨਕਲਾਬ ਸਰਬਤ ਦੇ ਭਲੇ ਲਈ ਵਰਦਾਨ ਸੀ, ਜਿਸ ਨੇ ਆਮ ਲੋਕਾਂ ਵਿਚ ਕ੍ਰਾਂਤੀ ਦੀ ਰੂਹ ਫੂਕ ਕੇ ਸਮੇਂ ਸਮੇਂ ਜ਼ਾਲਮ ਸਰਕਾਰਾਂ ਦੇ ਦੰਦ ਖੱਟੇ ਕੀਤੇ । ਇਸ ਪ੍ਰਕਾਰ ਇਸ ਲਹਿਰ ਨੂੰ ਕੌਤਕ ਨਾ ਮੰਨਣਾ ਇਤਿਹਾਸ ਦੇ ਯਥਾਰਥ ਤੋਂ ਮੁਨਕਰ ਹੋਣਾ ਹੈ ।

ਖ਼ਾਲਸੇ ਦਾ ਆਪਣਾ ਵੱਖਰਾ ਅਸਤਿਤਵ ਹੈ, ਜੋ ਕਿ ਹਰ ਧਰਮ ਤੋਂ ਨਿਆਰਤਾ ਦਾ ਧਾਰਨੀ ਹੈ । ਕਈ ਵਿਦਵਾਨ ਇਸ ਗੱਲ ਦੇ ਧਾਰਨੀ ਹਨ ਕਿ ਖ਼ਾਲਸੇ ਦੀ ਉਪਜ ਹਿੰਦੂ ਧਰਮ ਤੋਂ ਹੋਈ ਜਾਂ ਹਿੰਦੂ ਧਰਮ ਦੀ ਰੱਖਿਆ ਕਾਰਣ ਹੋਈ । ਪਰ ਇਹ ਦੋਵੇਂ ਧਾਰਣਾਵਾਂ ਤੱਥਾਂ ਤੇ ਆਧਾਰਿਤ ਨਹੀਂ ਹਨ । ਕਿਉਂਕਿ ਖ਼ਾਲਸੇ ਦੀ ਸਿਰਜਣਾ ਜ਼ੁਲਮ ਨੂੰ ਮਿਟਾਉਣ ਅਤੇ ਗਰੀਬ ਦੀ ਰੱਖਿਆ ਕਾਰਣ ਹੋਈ ਹੈ । ਹਿੰਦੂ ਧਰਮ ਤਾਂ ਇਲਾਹੀ ਸ਼ਕਤੀ ਨੂੰ ਵਿਸਾਰ ਕੇ ਪਰਤੱਖ ਦਿਸਦੀਆਂ ਸ਼ਕਤੀਆਂ ਦੀ ਪੂਜਾ ਕਰਦਾ ਹੋਇਆ, ਉਨ੍ਹਾਂ ਨੂੰ ਰੱਬ ਮੰਨਦਾ ਹੈ, ਜਿਵੇਂ ਦਰੱਖਤ, ਗਰੁੜ, ਖੋਤਾ, ਮੱਛੀ, ਸੂਰਜ, ਦੇਵੀ-ਦੇਵਤੇ ਆਦਿ । ਪਰ ਖ਼ਾਲਸਾ ਇਨ੍ਹਾਂ ਸ਼ਕਤੀਆਂ ਦੇ ਵਜੂਦ ਨੂੰ ਨਹੀਂ ਮੰਨਦਾ, ਕਿਉਂਕਿ ਉਨ੍ਹਾਂ ਦੇ ਨੈਤਿਕ ਅਤੇ ਧਾਰਮਿਕ ਗ੍ਰੰਥ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜਾਂ ਤਾਂ ਇਨ੍ਹਾਂ ਦੀ ਹੋਂਦ ਨਹੀਂ ਮੰਨੀ ਜਾਂ ਪਰਮਾਤਮਾ ਦੇ ਅਧੀਨ ਮੰਨਿਆ ਹੈ। ਜਿਵੇਂ :

ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ ।
ਮਾਨੈ ਹੁਕਮੁ ਸੋਹੈ ਦਰਿ ਸਾਚੈ ਆਕੀ ਮਰਹਿ ਅਫਾਰੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 992)

ਖ਼ਾਲਸਾ ਹਿੰਦੂ ਧਰਮ ਵਾਂਗ ਮੂਰਤੀ ਅਤੇ ਬੁੱਤ ਪੂਜਕ ਨਹੀਂ ਹੈ, ਕਿਉਕਿ ਉਹ ਸ਼ਬਦ ਗੁਰੂ ਦਾ ਉਪਾਸ਼ਕ ਹੈ। ਉਹ ਸਮਝਦਾ ਹੈ ਕਿ ਜੋ ਮੂਰਤੀ ਆਪ ਪਾਣੀ ਵਿਚ ਡੁੱਬ ਸਕਦੀ ਹੈ ਉਹ ਆਪਣੇ ਭਗਤ ਦਾ ਕਿਵੇਂ ਪਾਰ ਉਤਾਰਾ ਕਰ ਸਕਦੀ ਹੈ। ਗੁਰੂ ਨਾਨਕ ਸਾਹਿਬ ਫਰਮਾਉਂਦੇ ਹਨ;

ਪਾਥਰੁ ਲੇ ਪੂਜਹਿ ਮੁਗਧ ਗਵਾਰ । ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ।

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 556)

ਹਿੰਦੂ ਮੱਤ ਨੇ ਇਨਸਾਨ ਦੀ ਨਸਲੀ ਤੌਰ ਤੇ ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ, ਚਾਰ ਕਿਸਮ ਵਿਚ ਵੰਡ ਕੀਤੀ ਹੈ। ਬ੍ਰਾਹਮਣ ਨੂੰ ਬ੍ਰਹਮਾ ਦੇ ਮੂੰਹ ਵਿਚੋਂ ਪੈਦਾ ਹੋਣ ਕਰਕੇ ਉਸ

ਨੂੰ ਸਭ ਜਾਤੀਆਂ ਤੋਂ ਵਧੀਆ ਮੰਨਿਆ ਹੈ। ਜਨਮ, ਮਰਨ, ਵਿਆਹ ਆਦਿ ਰਸਮਾਂ ਦੇ ਕਾਰਜ ਉਸ ਦੀ ਹੋਂਦ ਤੋਂ ਬਿਨਾਂ ਸੰਪੂਰਨ ਨਹੀਂ ਸਮਝੇ ਜਾਂਦੇ। ਹਿੰਦੂ ਧਰਮ ਵਿਚ ਬ੍ਰਾਹਮਣ ਚਰਿਤਰਹੀਣ ਜਾਂ ਬੁਧੀਹੀਣ ਹੋਵੇ ਪੂਜਣ ਯੋਗ ਹੈ, ਪਰ ਸੂਦਰ ਸੰਤ ਗੁਰੂ ਰਵਿਦਾਸ ਵਰਗਾ ਨੈਤਿਕ ਇਨਸਾਨ ਹੋਵੇ ਤਾਂ ਵੀ ਉਹ ਸਮਾਜ ਵਿਚ ਪ੍ਰਸੰਸਾ ਦਾ ਅਧਿਕਾਰੀ ਨਹੀਂ। ਇਸ ਬਾਹਮਣਵਾਦੀ ਫਿਲਾਸਫੀ ਦੇ ਉਲਟ ਖ਼ਾਲਸਾ ਪੰਥ ਜਾਤਪਾਤ ਦੇ ਭੇਦਭਾਵ ਵਿਚ ਵਿਸ਼ਵਾਸ ਨਹੀਂ ਰੱਖਦਾ ਅਤੇ ਉਤਮ ਗੁਣਾਂ ਵਾਲੇ ਮਨੁੱਖ ਨੂੰ ਹੀ ਉਤਮ ਮਨੁੱਖ ਮੰਨਦਾ ਹੈ। ਗੁਰੂ ਨਾਨਕ ਸਾਹਿਬ ਦਾ ਇਸ਼ਾਰਾ ਵੀ ਇਸ ਗੱਲ ਵਲ ਹੈ ਕਿ ਪਰਮਾਤਮਾ ਦੇ ਦਰਬਾਰ ਵਿਚ ਜਾਤਪਾਤ ਦਾ ਕੋਈ ਮਹੱਤਵ ਨਹੀਂ :

ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ ।

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 349)

ਹਿੰਦੂ ਲੋਕ ਪੂਰਬ ਦਿਸ਼ਾ ਨੂੰ ਨਮਸਕਾਰ ਕਰਦੇ ਹਨ, ਜਦੋਂ ਕਿ ਇਸ ਦੇ ਉਲਟ ਗੁਰਸਿੱਖ ਅਥਵਾ ਖ਼ਾਲਸਾ ਚਾਰੇ ਦਿਸ਼ਾਵਾਂ ਵਿਚ ਸਤਿਗੁਰੂ ਨੂੰ ਹਾਜ਼ਰ ਨਾਜ਼ਰ ਸਮਝਦਾ ਹੈ। ਹਿੰਦੂ ਧਰਮ ਵਿਚ ਸੂਰਜ ਚੜ੍ਹਨ ਤੇ ਇਸ਼ਨਾਨ ਕਰਨ ਨੂੰ ਅਹਿਮੀਅਤ ਦਿੱਤੀ ਗਈ ਹੈ। ਜਦ ਕਿ ਖ਼ਾਲਸਾ ਪਹਿਰ ਰਾਤ ਰਹਿਣੀ, ਅੰਮ੍ਰਿਤ ਵੇਲੇ ਦੇ ਇਸ਼ਨਾਨ ਨੂੰ ਉਤਮ ਵੇਲਾ ਸਮਝਦਾ ਹੈ। ਹਿੰਦੂਆਂ ਦਾ ਧਰਮ ਗ੍ਰੰਥ ਵੇਦ ਅਤੇ ਰਮਾਇਣ ਹਨ। ਜਦ ਕਿ ਗੁਰਸਿੱਖਾਂ ਅਥਵਾ ਖ਼ਾਲਸੇ ਦਾ ਧਰਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੈ। ਹਿੰਦੂਆਂ ਦੇ ਸੰਸਕਾਰ ਜਨੇਊ, ਮੁੰਡਣ ਆਦਿ ਹਨ। ਜਦ ਕਿ ਇਸ ਦੇ ਉਲਟ ਗੁਰਸਿੱਖ ਅੰਮ੍ਰਿਤ ਛੱਕਣ ਵਿਚ ਵਿਸ਼ਵਾਸ਼ ਰੱਖਦਾ ਹੈ। ਹਿੰਦੂ ਬ੍ਰਾਹਮਣ ਅਤੇ ਸੰਨਿਆਸੀ ਨੂੰ ਦਾਨ ਦੇਣ ਵਿਚ ਵਿਸ਼ਵਾਸ ਦਾ ਧਾਰਨੀ ਹੈ। ਜਦ ਕਿ ਖ਼ਾਲਸਾ ਗਰੀਬ ਦੇ ਮੂੰਹ ਨੂੰ ਗੁਰੂ ਦੀ ਗੋਲਕ ਮੰਨਦਾ ਹੈ। ਹਿੰਦੂਆਂ ਦੇ ਚਿੰਨ ਤਿਲਕ, ਮਾਲਾ, ਜਨੇਊ, ਧੋਤੀ ਆਦਿ ਹਨ। ਜਦ ਕਿ ਸਿੱਖ ਪੰਜ ਕਕਾਰ ਕੇਸ, ਕੰਘਾ, ਕ੍ਰਿਪਾਨ, ਕਛਹਿਰਾ ਤੇ ਕੜਾ ਨੂੰ ਧਾਰਨ ਕਰਦਾ ਹੈ।

ਉਪਰੋਕਤ ਚਰਚਾ ਤੋਂ ਸਪੱਸ਼ਟ ਹੈ ਕਿ ਖ਼ਾਲਸੇ ਦੀ ਉਪਜ ਹਿੰਦੂ ਧਰਮ ਵਿਚੋਂ ਨਹੀਂ ਹੋਈ ਹੈ, ਕਿਉਂਕਿ ਇਸ ਦੀ ਵੱਖਰੀ ਹੋਂਦ ਅਤੇ ਵੱਖਰੇ ਨੈਤਿਕ ਸਿਧਾਂਤ ਹਨ ਜੋ ਉਸ ਨੂੰ ਹਿੰਦੂ ਧਰਮ ਤੋ ਵਖਰਿਆਉਂਦੇ ਹਨ।

ਦੂਜੀ ਗੱਲ ਖ਼ਾਲਸਾ ਹਿੰਦੂ ਧਰਮ ਦੀ ਰੱਖਿਆ ਕਰਨ ਲਈ ਹੋਂਦ ਵਿਚ ਨਹੀਂ ਆਇਆ, ਸਗੋਂ ਉਸ ਦੀ ਸਥਾਪਨਾ ਬੇਗੁਨਾਹਾਂ ਦੀ ਰੱਖਿਆ ਕਾਰਣ ਹੋਈ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸ਼ਹੀਦੀ ਕੇਵਲ ਹਿੰਦੂ ਧਰਮ ਦੀ ਰਾਖੀ ਕਰਨ ਲਈ ਨਹੀਂ ਸੀ ਦਿੱਤੀ, ਬਲਕਿ ਬੇਗੁਨਾਹਾਂ ਤੇ ਅੱਤਿਆਚਾਰ ਨੂੰ ਖਤਮ ਕਰਨ ਤੇ ਮਾਨਵੀ ਅਧਿਕਾਰਾਂ ਦੀ ਸੁਰੱਖਿਆ ਕਾਰਣ ਦਿੱਤੀ ਸੀ । ਇਸੇ ਪ੍ਰਕਾਰ ਜੱਸਾ ਸਿੰਘ ਰਾਮਗੜ੍ਹੀਆ ਤੇ ਜੱਸਾ ਸਿੰਘ ਆਹਲੂਵਾਲੀਏ ਨੇ ਹਿੰਦੂਆਂ ਦੀਆਂ ਇਸਤਰੀਆਂ ਨੂੰ ਇਸ ਲਈ ਅਬਦਾਲੀ ਦੇ ਚੁੰਗਲ ਵਿਚੋਂ ਨਹੀਂ ਸੀ ਛੁਡਵਾਇਆ ਕਿ ਉਹ ਹਿੰਦੂ ਧਰਮ ਨਾਲ ਸੰਬੰਧਿਤ ਸਨ । ਉਨ੍ਹਾਂ ਨੂੰ ਇਸ ਲਈ ਛੁਡਵਾਇਆ ਸੀ ਕਿ ਖ਼ਾਲਸੇ ਦਾ ਨੈਤਿਕ ਸਿਧਾਂਤ ਅਬਲਾ ਇਸਤਰੀ ਦੀ ਰੱਖਿਆ ਕਰਨਾ ਵੀ ਹੁੰਦਾ ਹੈ । ਜੇਕਰ ਖ਼ਾਲਸਾ ਪੰਥ ਦੀ ਸਥਾਪਨਾ ਹਿੰਦੂ ਧਰਮ ਦੀ ਰੱਖਿਆ ਕਾਰਣ ਹੋਈ ਹੁੰਦੀ ਤਾਂ ਗੁਰੂ ਗੋਬਿੰਦ ਸਿੰਘ ਜੀ ਹਿੰਦੂ ਪਹਾੜੀ ਰਾਜਿਆਂ ਨਾਲ ਯੁੱਧ ਕਿਉਂ ਕਰਦੇ ? ਇਸ ਤੋਂ ਸਾਫ ਜ਼ਾਹਿਰ ਹੁੰਦਾ ਹੈ ਕਿ ਖ਼ਾਲਸੇ ਦੀ ਸਥਾਪਨਾ ਹਿੰਦੂਆਂ ਦੀ ਰੱਖਿਆ ਕਾਰਣ ਨਹੀਂ ਹੋਈ, ਬਲਕਿ ਬੇਗੁਨਾਹਾਂ

ਦੀ ਰੱਖਿਆ ਕਾਰਣ ਹੋਈ ਹੈ ।

ਖ਼ਾਲਸਾ ਆਪਣੇ ਆਪ ਵਿਚ ਇਕ ਜਮਹੂਰੀ ਪ੍ਰਬੰਧ ਹੈ, ਜਿਸ ਦੀ ਸਥਾਪਨਾ ਮਸੰਦ ਪ੍ਰਣਾਲੀ ਖਤਮ ਕਰਕੇ ਹੋਈ ਸੀ । ਉਹ ਦਸ਼ਮੇਸ਼ ਪਿਤਾ ਦੇ ਸਿਧਾਂਤਾਂ ਉਪਰ ਚਲ ਕੇ ਹਉਮੈਂ ਨੂੰ ਤਿਆਗਦਾ ਹੋਇਆ ਆਤਮਿਕ ਤੌਰ ਤੇ ਜਿਉਂਦਾ ਰਹਿੰਦਾ ਹੈ । ਜਦੋਂ ਖ਼ਾਲਸਾ ਆਪਣੇ ਮਨ ਵਿਚਲੀ ਹਉਮੈਂ ਦਾ ਵਿਨਾਸ਼ ਕਰ ਦਿੰਦਾ ਹੈ ਤਾਂ ਉਸ ਨੂੰ ਨਾ ਤਲਵਾਰ ਕਤਲ ਕਰ ਸਕਦੀ ਹੈ ਤੇ ਨਾ ਹੀ ਬੰਦੂਕ ਉਸ ਦਾ ਖਾਤਮਾ ਕਰ ਸਕਦੀ ਹੈ, ਕਿਉਂਕਿ ਉਹ ਅਮਰ ਹੋ ਕੇ ਗੁਰ ਸ਼ਬਦ ਵਿਚ ਸਮਾ ਜਾਂਦਾ ਹੈ । ਖ਼ਾਲਸੇ ਦਾ ਇਨਕਲਾਬ ਮਾਓ ਦੇ ਇਨਕਲਾਬੀ ਸਿਧਾਂਤ ਨਾਲ ਮੇਲ ਨਹੀਂ ਖਾਂਦਾ, ਕਿਉਂਕਿ ਮਾਓ ਦਾ ਸਿਧਾਂਤ ਬੰਦੂਕ ਤੇ ਪਿਸਤੌਲ ਦੇ ਜ਼ਿਕਰ ਤੋਂ ਅੱਗੇ ਨਹੀਂ ਵੱਧਦਾ । ਨਕਸਲਾਈਟ ਪੋਲਿਟਕਿਸ ਇਨ ਇੰਡੀਆ ਦੇ ਸੰਪਾਦਕ ਜੇ.ਸੀ. ਜੌਹਰੀ ਨੇ ਲਿਖਿਆ ਹੈ ਕਿ ਮਾਓ ਭਾਰਤੀ ਨਕਸਲਵਾਦੀ ਆਗੂਆਂ ਦਾ ਬੌਧਿਕ ਪਿਤਾਮਾ ਹੈ, ਜਿਸ ਨੇ ਏਸ਼ੀਆ ਦੇ ਵਾਤਾਵਰਣ ਅਨੁਕੂਲ ਇਨਕਲਾਬੀ ਨੀਤੀਆਂ ਤੇ ਪ੍ਰੋਗਰਾਮ ਦਿੱਤੇ ਤੇ ਮਾਰਕਸਵਾਦ ਦੇ ਬੁੱਧੀਜੀਵੀ ਅਕਾਰ ਦੀ ਖੋਜ ਕੀਤੀ ।[1] ਮਾਓ ਦੇ ਕਾਫਿਰ ਹੋਣ ਦੇ ਕਾਰਣ ਨਕਸਲਵਾਦੀ ਲਹਿਰ ਪਰਮਾਤਮਾ ਦੀ ਹੋਂਦ ਤੋਂ ਇਨਕਾਰੀ ਹੈ ਤੇ ਹਥਿਆਰਾਂ ਨੂੰ ਹੀ ਆਪਣਾ ਸਭ ਕੁਝ ਮੰਨਦੀ ਹੈ । ਇਸ ਦੇ ਉਲਟ ਖ਼ਾਲਸਾ ਮਾਓ ਜੀ ਤੁੰਗ ਵਾਲੇ ਸਿਧਾਂਤ ਇਨਕਲਾਬ ਬੰਦੂਕ ਦੀ ਨਾਲੀ ਵਿਚੋਂ ਨਿਕਲਦਾ ਹੈ, ਨੂੰ ਪ੍ਰਵਾਨਗੀ ਨਹੀਂ ਦਿੰਦਾ, ਕਿਉਂਕਿ ਉਸ ਨੂੰ ਗਿਆਨ ਹੈ ਕਿ ਜਿਹੜਾ ਇਨਕਲਾਬ ਇਲਾਹੀ ਭਗਤੀ ਨੂੰ ਤਿਆਗ ਕੇ ਬਾਹਰਮੁੱਖੀ ਹੋ ਕੇ ਹਥਿਆਰਾਂ ਤੇ ਦੁਨਿਆਵੀ ਤਾਕਤ ਤੇ ਕੇਂਦਰਿਤ ਰਹਿੰਦਾ ਹੈ, ਉਹ ਚੰਗੇਜ ਖਾਨ, ਹਲਾਕੂ, ਤੈਮੂਰ, ਹਿਟਲਰ, ਬਾਬਰ, ਔਰੰਗਜ਼ੇਬ, ਨਾਦਰਸ਼ਾਹ ਤੇ ਅਬਦਾਲੀ ਦੇ ਸੁਭਾਅ ਵਰਗਾ ਬਣ ਜਾਂਦਾ ਹੈ । ਇਹੀ ਕਾਰਣ ਹੈ ਕਿ ਉਹ ਇਲਾਹੀ ਭਗਤੀ ਵਿਚੋਂ ਉਤਪੰਨ ਹੋਈ ਹਥਿਆਰਬੰਦ ਸ਼ਕਤੀ ਵਿਚ ਯਕੀਨ ਰੱਖਦਾ ਹੈ, ਕਿਉਂਕਿ ਇਹ ਸ਼ਕਤੀ ਨਿਆਂਸ਼ੀਲ ਸਮਾਜ ਦੀ ਉਸਾਰੀ ਕਰਦੀ ਹੈ ।

ਖ਼ਾਲਸਾ ਸੱਚੇ ਸੁੱਚੇ ਆਚਾਰ ਵਿਹਾਰ ਦਾ ਹੁੰਦਾ ਹੈ ਤੇ ਉਹ ਪਰਾਈ ਇਸਤਰੀ ਨੂੰ ਮਾੜੀ ਦ੍ਰਿਸ਼ਟੀ ਨਾਲ ਨਾ ਵੇਖ ਕੇ ਉਸ ਪ੍ਰਤੀ ਭੈਣ ਜਾਂ ਮਾਂ ਵਾਲਾ ਵਤੀਰਾ ਅਪਨਾਉਂਦਾ ਹੈ । ਗੁਰਮਤਿ ਇਸ ਗੱਲ ਦੀ ਧਾਰਨੀ ਹੈ ਕਿ ਪਰਾਈ ਇਸਤਰੀ ਤੇ ਮਾੜੀ ਦ੍ਰਿਸ਼ਟੀ ਰੱਖਣ ਵਾਲਾ ਮਨੁੱਖ ਪਾਪਾਂ ਦਾ ਫਲ ਭੋਗਦਾ ਹੈ :

ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥
ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 315)

ਖ਼ਾਲਸੇ ਦਾ ਉਚਤਮ ਆਚਾਰ ਵਿਹਾਰ ਦੀ ਸਾਖੀ ਅਬਦਾਲੀ ਦੇ ਦਰਬਾਰ ਦਾ ਮਹਾਨ ਕਵੀ ਕਾਜ਼ੀ ਨੂਰ ਮੁਹੰਮਦ ਭਰਦਾ ਹੋਇਆ ਆਖਦਾ ਹੈ "ਇਨ੍ਹਾਂ ਕੁੱਤਿਆਂ ਨੂੰ ਕੁੱਤੇ ਨਾ ਆਖੋ, ਸੱਚ ਪੁਛੋ ਤਾਂ ਇਹ ਸ਼ੇਰ ਹਨ । ਜਦ ਰਣ ਵਿਚ ਖੰਡਾ ਚਲਦਾ ਹੈ ਤਾਂ ਇਹ ਸ਼ੇਰਾਂ ਜਿਹੀ ਦਲੇਰੀ ਨਾਲ ਲੋਹਾ ਖੜਕਾਉਂਦੇ ਹਨ । ਇਹ ਕਿਸੇ ਨਾਮਰਦ ਉੱਤੇ ਵਾਰ ਨਹੀਂ ਕਰਦੇ ਤੇ ਨਾ ਹੀ ਰਣ ਵਿਚੋਂ ਭਜੇ ਜਾਂਦੇ ਦਾ ਰਾਹ ਰੋਕਦੇ ਹਨ ਭਾਵ ਭੱਜੇ ਜਾਂਦੇ ਉੱਤੇ ਵਾਰ ਨਹੀਂ ਕਰਦੇ । ਔਰਤ ਭਾਵੇਂ ਕਿਤਨੀ ਸੁੰਦਰ, ਰਾਣੀ ਅਥਵਾ ਦਾਸੀ ਹੋਵੇ, ਉਸ ਨੂੰ ਅਤੇ ਉਸ ਦੇ ਗਹਿਣੇ ਗੱਟੇ ਆਦਿ ਨੂੰ ਛੋਂਹਦੇ ਤੱਕ ਨਹੀਂ । ਇਨ੍ਹਾਂ ਕੁੱਤਿਆਂ ਵਿਚ ਨਾ ਕੋਈ ਜਨਾਹੀ

(ਵਿਸ਼ੇ ਵਿਕਾਰ ਗ੍ਰਸਿਤ) ਹੁੰਦਾ ਹੈ ਤੇ ਨਾ ਹੀ ਚੋਰ । ਔਰਤ ਜਵਾਨ ਹੋਵੇ, ਭਾਵੇਂ ਬੁੱਢੀ, ਇਹ ਉਸ ਨੂੰ ਬੁੱਢੜੀ ਹੀ ਆਖਦੇ ਹਨ । ਹਿੰਦੀ ਜ਼ੁਬਾਨ ਵਿਚ ਬੁੜੀਆਂ ਵਡੇਰੀ ਉਮਰ ਦੀ ਔਰਤ ਨੂੰ ਆਖਿਆ ਜਾਂਦਾ ਹੈ । ਇਨ੍ਹਾਂ ਕੁੱਤਿਆਂ ਵਿਚ ਕੋਈ ਚੋਰੀ ਨਹੀਂ ਕਰਦਾ, ਕਿਉਂਕਿ ਵਿਸ਼ੱਈ ਤੇ ਚੋਰਾਂ ਨੂੰ ਇਹ ਆਪਣੇ ਮਿੱਤਰ ਨਹੀਂ ਬਣਾਉਂਦੇ ।[12]

ਖ਼ਾਲਸਾ ਦਇਆ, ਕ੍ਰਿਤਾਗਤ, ਵਫਾਦਾਰੀ, ਹਿੰਮਤ, ਧੀਰਜ, ਪ੍ਰੇਮ, ਸਰਬਤ ਦੇ ਭਲੇ ਗਿਆਨ ਤੇ ਪ੍ਰਬੁਧਤਾ ਖੁਸ਼ਨੀਅਤ ਆਦਿ ਗੁਣਾਂ ਦਾ ਧਾਰਨੀ ਹੁੰਦਾ ਹੋਇਆ ਨਸ਼ਿਆਂ ਤੋਂ ਨਿਰਲੇਪ ਰਹਿ ਕੇ ਵਾਹਿਗੁਰੂ ਨਾਲ ਆਪਣੀ ਸੁਰਤ ਜੋੜੀ ਰੱਖਦਾ ਹੈ । ਉਹ ਨਾਮ ਜਪਣ, ਕਿਰਤ ਕਰਨ ਤੇ ਵੰਡ ਛਕਣ ਵਿਚ ਵਿਸ਼ਵਾਸ ਰੱਖਦਾ ਹੈ । ਉਸ ਦੀ ਵਿਅਕਤੀਗਤ ਹੋਂਦ ਨਹੀਂ ਹੁੰਦੀ ਉਹ ਸਦਾ ਕੌਮੀ ਹਿੱਤਾਂ ਵਾਸਤੇ ਤਤਪਰ ਰਹਿੰਦਾ ਹੋਇਆ ਤਨ,ਮਨ ਤੇ ਧਨ ਗੁਰੂ ਨੂੰ ਸਮਰਪਿਤ ਕਰ ਦਿੰਦਾ ਹੈ । ਖ਼ਾਲਸੇ ਲਈ ਨਿਆਰਾ ਹੋਣ ਲਈ ਜ਼ਰੂਰੀ ਹੈ ਕਿ ਉਹ ਬਿਪਰਨ ਦੀ ਰੀਤ ਤੇ ਕੂੜਿਆਰ ਜੀਵਨ ਨੂੰ ਤਿਆਗ ਕੇ ਗੁਰੂ ਗ੍ਰੰਥ ਸਾਹਿਬ ਦੇ ਗਿਆਨ ਜੋਤਿ ਤੇ ਸੂਰਜ ਦੀ ਪ੍ਰਤੀਤ ਕਰੇ । ਗੁਰੂ ਗੋਬਿੰਦ ਸਿੰਘ ਜੀ ਸਪੱਸ਼ਟ ਰੂਪ ਵਿਚ ਖ਼ਾਲਸੇ ਨੂੰ ਹਦਾਇਤ ਦਿੱਤੀ ਹੈ :

ਜਬ ਲਗ ਖਾਲਸਾ ਰਹੇ ਨਿਆਰਾ। ਤਬ ਲਗ ਤੇਜ ਦੀਓ ਮੈਂ ਸਾਰਾ।<br>
ਜਬ ਇਹ ਗਹੇ ਬਿਪਰਨ ਕੀ ਰੀਤ । ਮੈਂ ਨਾ ਕਰੋ ਇਨ ਕੀ ਪਰਤੀਤ ।

## ਹਵਾਲੇ ਤੇ ਟਿਪਣੀਆਂ


1. Dorothy Field, The Religion of the Sikhs, Ess Ess Publication Delhi, 1976, P-34-35.

2. ਕਿਸ਼ਨ ਸਿੰਘ, (ਪ੍ਰੋ:), "ਸਿੱਖ ਲਹਿਰ ਦਾ ਸਿੱਖਰ ਤੇ ਲੋਕ ਨਾਇਕ ਗੁਰੂ ਗੋਬਿੰਦ ਸਿੰਘ ਜੀ ਕਿ ਮਹਾਰਾਜਾ ਰਣਜੀਤ ਸਿੰਘ" ਆਲੋਚਨਾ, (ਗੁਰੂ ਗੋਬਿੰਦ ਸਿੰਘ ਅੰਕ), ਪੰਨਾ 220.

3. Guru Gobind Singh created the Khalsa on the principal of equality, fraternity and liberty. It was a revolutionary step of unique significance in Sikh history which brought about a complete change in the out look of the lifeless, oppressed and downtrodden people.

Sudarshan Singh, (Dr.), Sikh Religion Democratic ideals Institutions, oriental Publishers, New Delhi, 1979, P. 129.

4. ਕਾਨ੍ਹ ਸਿੰਘ, ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ ਪਟਿਆਲਾ 1917, ਪੰਨਾ 74.

5. Kapur Singh, Prasharprasna, Hind Publishers Ltd., Jalandhar, 1959, P.12.

6. We now close the narrative of the Sikhs, who won for the punjab the envied title of "The soldier's land" and who alone can boast of having erected a bulwark of defence against foreign aggression the tide which had run its proserous course for the precending 800 years and to whom all other peoples of northern India in general and of the Panjab in Particular owe deep debt of gratitude.

Hari Ram Gupta, (Dr.), History of the Sikhs, Vol. 1, The Minerva Book Shop, Lahore, 1944, P.272.

7. ਕਿਸ਼ਨ ਸਿੰਘ (ਪ੍ਰੋ:). ਸਿੱਖ ਲਹਿਰ. ਆਰਸੀ ਪਬਲਿਸ਼ਰਜ਼. ਚਾਂਦਨੀ ਚੌਂਕ. ਦਿੱਲੀ 1978. ਪੰਨਾ 291.

8. Since a Member of the Khalsa Brother Hood is Pledged not to accept any alien, Restrictions on his civic Freedom, he is enjoyed to insist on, and struggle for, his unrestricted right to wear and possess arms of offence and defence.
Kapur Singh, Prasharprasna, Hind Publishers Ltd., Jalandhar, 1959, P. 140.

9. ਜਸਬੀਰ ਸਿੰਘ ਆਹਲੂਵਾਲੀਆ. (ਡਾ:). ਸਿੱਖ ਫ਼ਲਸਫ਼ੇ ਦੀ ਭੂਮਿਕਾ. ਰਘਬੀਰ ਰਚਨਾ ਪ੍ਰਕਾਸ਼ਨ. ਅੰਮ੍ਰਿਤਸਰ. 1976. ਪੰਨਾ 80.

10. ਕਿਸ਼ਨ ਸਿੰਘ. (ਪ੍ਰੋ:). ਸਿੱਖ ਲਹਿਰ. ਪੰਨਾ 119-20.

11. J.C.Johari, Naxalite Politics in India, Research Publication Delhi, 1972, P.52 .

12. ਹਰਭਜਨ ਸਿੰਘ. (ਪ੍ਰਿੰ:). ਵਿਸ਼ੇਸ਼ ਗੁਰਮਤਿ ਲੇਖ. ਸਤਿਨਾਮ ਪ੍ਰਕਾਸ਼ਨ. ਚੰਡੀਗੜ੍ਹ. 1977. ਪੰਨਾ 155.

-0-


# ਅਪੀਲ

* ਜੇਕਰ ਤੁਸੀਂ ਪੰਥ ਦੀ ਚੜ੍ਹਦੀ ਕਲਾ ਦੇਖਣਾ ਚਾਹੁੰਦੇ ਹੋ।

* ਚੰਗੇ ਮੈਗਜ਼ੀਨ ਦੇ ਮਹੱਤਵ ਨੂੰ ਸਮਝਦੇ ਹੋ।

* ਅਜੂਨੀ ਅਦਾਰੇ ਦੀ ਨੀਤੀ ਨਾਲ ਸਹਿਮਤ ਹੋ।

* ਸ਼ਬਦ ਗੁਰੂ ਦੇ ਸਿਧਾਂਤ ਨੂੰ ਵਿਸ਼ਵ ਵਿਚ ਫੈਲਾਉਣਾ ਚਾਹੁੰਦੇ ਹੋ।

ਤਾਂ

**ਤੁਸੀਂ ਆਪ ਅਜੂਨੀ ਪੜ੍ਹੋ ਤੇ ਦੂਸਰਿਆਂ ਨੂੰ ਪੜ੍ਹਾਓ**
**ਤੇ ਇਸ ਦੇ ਸਾਲਾਨਾ ਮੈਂਬਰ ਬਣੋ ।**

ਗੁਰੂ ਪੰਥ ਦਾ ਦਾਸ :

**ਬਾਬਾ ਸਰਬਜੋਤ ਸਿੰਘ ਬੇਦੀ**

ਊਨਾ ਸ਼ਾਹਿਬ।

# ਰਾਧਾ ਸਵਾਮੀ ਤੇ ਸਿੱਖ ਧਰਮ

**-ਖੁਸ਼ਵੰਤ ਸਿੰਘ-**

ਰਾਧਾ ਸਵਾਮੀ ਮਤਿ ਦਾ ਬਾਨੀ ਆਗਰੇ ਦਾ ਇਕ ਹਿੰਦੂ ਸ਼ਾਹੂਕਾਰ, ਸ਼ਿਵ ਦਿਆਲ (1818-1878ਈ:) ਸੀ । ਸ਼ਿਵ ਦਿਆਲ ਉਪਰ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਦਾ ਬਹੁਤ ਪ੍ਰਭਾਵ ਪਿਆ । ਉਸ ਨੇ ਅਜਿਹਾ ਸਿਧਾਂਤ ਅਪਨਾਇਆ, ਜਿਸ ਵਿਚ ਹਿੰਦੂ ਧਰਮ ਤੇ ਸਿੱਖ ਮਤਿ ਦੇ ਅੰਸ਼ ਆ ਜਾਂਦੇ ਸਨ । ਉਨ੍ਹਾਂ ਇਹ ਪ੍ਰਚਾਰ ਕੀਤਾ ਕਿ ਪਰਿਪੂਰਨ ਪਰਮਾਤਮਾ ਰਾਧਾ (ਜੀਵ-ਆਤਮਾ) ਅਤੇ ਸਵਾਮੀ (ਗੁਰੂ) ਦਾ ਮਿਲਾਪ ਹੈ । ਇਸ ਲਈ ਆਪ ਦੇ ਬਹੁਤ ਸਾਰੇ ਹਿੰਦੂ ਤੇ ਸਿੱਖ ਸਤਿਸੰਗੀ ਬਣ ਗਏ ਤੇ ਉਹ ਇਸ ਮਤਿ ਦੇ ਪਹਿਲੇ ਗੁਰੂ ਬਣ ਗਏ । ਸ਼ਿਵ ਦਿਆਲ ਦੇ ਵਿਸ਼ਵਾਸ ਉਨ੍ਹਾਂ ਦੀ ਪੋਥੀ ਸਾਰ ਬਚਨ ਵਿਚ ਦਿੱਤੇ ਹੋਏ ਹਨ, ਜਿਨ੍ਹਾਂ ਦਾ ਸੰਖੇਪ ਰੂਪ ਇਸ ਪ੍ਰਕਾਰ ਦਿੱਤਾ ਜਾ ਸਕਦਾ ਹੈ :

ਇਨਸਾਨ ਪਰਮਾਤ੍ਰਮਾ ਦੀ ਸਰਬ ਉਚ ਰਚਨਾ ਹਨ, ਪਰ ਇਹ ਅਗਿਆਨਤਾ ਵਿਚ ਫਸੇ ਹੋਏ ਹਨ ਆਪਣੇ ਆਪ ਨੂੰ ਦੁਖ ਪ੍ਰਤੀਤ ਕਰਦੇ ਹਨ, ਕਿਉਂਕਿ ਇਹ ਉਸ ਅਵਸਥਾ ਨੂੰ ਨਹੀਂ ਪੁੱਜ ਸਕੇ, ਜਿਸ ਦੀ ਇਨ੍ਹਾਂ ਵਿਚ ਸਮਰੱਥਾ ਹੈ । ਅਜਿਹੀ ਉਚੀ ਅਵਸਥਾ ਗੁਰੂ ਤੋਂ ਬਿਨਾਂ ਪ੍ਰਾਪਤ ਨਹੀਂ ਹੋ ਸਕਦੀ । ਜਿਹੜਾ ਆਪਣੀ ਮਿਹਰ ਦੁਆਰਾ ਦੀਖਿਆ (ਨਾਮ) ਗੁਪਤ ਰੂਪ ਦੇਵੇਗਾ, ਜਿਸ ਵਿਚ ਸਰੀਰ ਤੇ ਮਾਨਸਿਕ ਬੰਧੇਜ ਹੋਣਗੇ, ਜਿਨ੍ਹਾਂ ਸਦਕਾ ਸਮਾਧੀ (ਸਿਮਰਨ) ਪ੍ਰਾਪਤ ਕੀਤੀ ਜਾ ਸਕਦੀ ਹੈ । ਪਰਮਾਤਮਾ ਦੇ ਦਰਸ਼ਨ ਉਦੋਂ ਹੁੰਦੇ ਹਨ ਜਦੋਂ ਗੁਰੂ ਦੀ ਮੂਰਤ ਦਾ ਖਿਆਨ ਸ਼ਿਵ ਨਤਰ ਭਾਵ ਦੋਵਾਂ ਭਰਵੱਟਿਆਂ ਦੇ ਵਿਚਕਾਰ ਕੀਤਾ ਜਾਂਦਾ ਹੈ । ਇਥੇ ਨਾਮ ਸਿਮਰਨ ਜਾਂ ਸ਼ਬਦ ਦੀ ਕਮਾਈ ਦੁਆਰਾ 'ਸੁਰਤ-ਸ਼ਬਦ ਯੋਗ' ਦਾ ਅਭਿਆਸ ਕੀਤਾ ਜਾਂਦਾ ਹੈ । ਸਤਿਸੰਗੀਆਂ ਦਾ ਮਿਲਾਪ ਜ਼ਰੂਰੀ ਹੈ । ਇਸ ਸੰਗਠਨ ਨੂੰ ਰਾਧਾ ਸਵਾਮੀ ਸਤਿਸੰਗ ਆਖਿਆ ਜਾਂਦਾ ਹੈ ।

ਸ਼ਿਵ ਦਿਆਲ ਦੇ ਅਕਾਲ ਚਲਾਣਾ ਕਰਨ ਉਪਰੰਤ ਰਾਧਾ ਸਵਾਮੀਆਂ ਦੇ ਦੋ ਕੇਂਦਰ (ਡੇਰੇ) ਕਾਇਮ ਹੋ ਗਏ । ਇਕ ਆਗਰੇ ਤੇ ਦੂਜਾ ਬਿਆਸ ।

1878 ਈ. ਵਿਚ ਜਦੋਂ ਸ਼ਿਵ ਦਿਆਲ ਜੀ ਦਾ ਦਿਹਾਂਤ ਹੋ ਗਿਆ ਤਾਂ ਉਨ੍ਹਾਂ ਦੀ ਆਗਰੇ ਦੀ ਗੱਦੀ ਤੇ ਰਾਏ ਸਾਹਿਬ ਸਾਲਿਗਰਾਮ ਸਾਹਿਬ ਬਹਾਦਰ (1829-98ਈ:) ਬੈਠੇ ਰਾਏ ਸਾਲਿਗਰਾਮ ਨੇ ਪੋਥੀਆਂ ਰਚੀਆਂ । ਜਿਨ੍ਹਾਂ ਵਿਚੋਂ ਦੋ "ਪ੍ਰੇਮ ਬਾਣੀ" ਤੇ "ਪ੍ਰੇਮ ਪੱਤਰ" ਹਰਮਨ ਪਿਆਰੀਆਂ ਹੋਈਆਂ । ਉਨਾਂ ਇਕ ਪੁਸਤਕ ਅੰਗਰੇਜ਼ੀ ਵਿਚ ਵੀ ਰਚੀ ਐਨ ਐਕਸਪੋਜੀਸ਼ਨ ਆਫ ਦੀ ਰਾਧਾ ਸਵਾਮੀ ਡਾਕਟਰਿਨ । ਤੀਜੇ ਗੁਰੂ ਇਕ ਬੰਗਾਲੀ ਬ੍ਰਾਹਮਣ ਬ੍ਰਹਮ ਸ਼ੰਕਰ ਮਿਸ਼ਰਾ (1861-1907 ਈ:) ਸਨ । ਮਿਸਰਾ ਦੀ ਮੌਤ ਉਪਰੰਤ ਆਗਰੇ ਦਾ ਰਾਧਾ ਸਵਾਮੀ ਅਨੇਕਾਂ ਗੁੱਟਾਂ ਵਿਚ ਵੰਡੇ ਗਏ । ਅੱਜ ਕੱਲ੍ਹ ਆਗਰੇ ਦਾ ਡੇਰਾ ਦਿਆਲਬਾਗ ਕਰਕੇ ਪ੍ਰਸਿੱਧ ਹੈ । ਇਹ ਇਕ ਪ੍ਰਕਾਰ ਨਾਲ ਸਨਅਤੀ ਅਦਾਰਾ ਹੋ ਗਿਆ ਹੈ ਤੇ ਇਸ ਦੀ ਮਹੱਤਤਾ ਆਰਥਿਕ ਤੌਰ ਤੇ ਵੱਧ ਤੇ ਰੂਹਾਨੀ ਤੌਰ ਤੇ ਘੱਟ ਹੈ ।

ਸ਼ਿਵ ਦਿਆਲ ਦੇ ਅਕਾਲ ਚਲਾਣੇ ਉਪਰੰਤ ਇਕ ਸ਼ਾਖਾ, ਸਿੱਖ ਸ਼ਰਧਾਲੂ ਬਾਬਾ ਜੈਮਲ ਸਿੰਘ ਨੇ ਬਿਆਸ ਦੇ ਕੰਢੇ ਆਰੰਭ ਕੀਤੀ । ਇਹ ਸਥਾਨ ਅੰਮ੍ਰਿਤਸਰ ਤੋਂ ਬਹੁਤ ਦੂਰ ਨਹੀਂ । ਬਾਬਾ ਜੈਮਲ ਸਿੰਘ ਘੁਮਾਣਾਂ ਦੇ ਜੱਟ ਸਿੱਖ ਸਨ । ਉਹ ਈਸਟ ਇੰਡੀਆ ਕੰਪਨੀ ਵਿਚ ਫ਼ੌਜੀ ਸਨ ਤੇ ਉਨ੍ਹਾਂ ਦਾ ਮੇਲ ਸ਼ਿਵ ਦਿਆਲ ਨਾਲ ਉਸ ਸਮੇਂ ਹੋਇਆ ਜਦੋਂ ਉਹ ਆਗਰਾ ਵਿਖੇ ਨਿਯੁਕਤ ਸਨ । ਜਦੋਂ ਫ਼ੌਜ ਵਿਚੋਂ ਸੇਵਾ ਮੁਕਤ (ਰੀਟਾਇਰ) ਹੋਏ ਤਾਂ ਉਹ

ਪੰਜਾਬ ਪਰਤ ਆਏ । ਇਥੇ ਆ ਕੇ ਉਨ੍ਹਾਂ ਦਰਿਆ ਬਿਆਸ ਦੇ ਖੱਬੇ ਕੰਢੇ ਰਾਧਾ ਸਵਾਮੀ ਸਤਿਸੰਗ ਕਾਇਮ ਕੀਤਾ । ਇਹ ਸਥਾਨ ਡੇਰਾ ਬਾਬਾ ਜੈਮਲ ਸਿੰਘ ਦੇ ਨਾਮ ਨਾਲ ਪ੍ਰਸਿੱਧ ਹੈ ।

ਬਿਆਸ ਦੇ ਰਾਧਾ ਸਵਾਮੀ ਛੇਤੀ ਹੀ ਆਗਰੇ ਦੇ ਡੇਰੇ ਨਾਲੋਂ ਸੁਤੰਤਰ ਹੋ ਗਏ । ਜਦੋਂ ਬਾਬਾ ਜੈਮਲ ਸਿੰਘ ਪਰਲੋਕ ਗਮਨ ਕਰ ਗਏ ਤਾਂ ਉਨ੍ਹਾਂ ਦੇ ਇਕ ਸਤਿਸੰਗੀ ਸਾਵਣ ਸਿੰਘ ਗਰੇਵਾਲ ਗੱਦੀ ਨਸ਼ੀਨ ਹੋਏ । ਉਹ ਇਕ ਇੰਜੀਨੀਅਰ ਸਨ ਤੇ ਉਹ ਪੰਜਾਬ ਦੇ ਰਾਧਾ ਸਵਾਮੀਆਂ ਦੇ ਮੁੱਖੀ ਬਣ ਗਏ । ਸਾਵਣ ਸਿੰਘ ਨੇ ਇਹ ਡੇਰੇ ਨੂੰ ਉੱਨਤ ਕੀਤਾ ਤੇ ਇਸ ਦਾ ਨਾਮ ਡੇਰਾ ਬਾਬਾ ਜੈਮਲ ਸਿੰਘ ਰਖਿਆ । ਬਾਬਾ ਸਾਵਣ ਸਿੰਘ ਦੇ ਵੇਲੇ ਬਿਆਸ ਦੇ ਡੇਰੇ ਤੋਂ ਨਾਮ ਪ੍ਰਾਪਤ ਕਰਨ ਵਾਲਿਆਂ ਦੀ ਗਿਣਤੀ ਬਹੁਤ ਵਧੀ । ਕੁਝ ਕੁ ਭੇਖੀ ਅਤੇ ਚੇਤਨਹੀਣ ਸਿੱਖਾਂ ਤੋਂ ਇਲਾਵਾ, ਹਿੰਦੂ, ਮੁਸਲਮਾਨ, ਪਾਰਸੀ ਅਤੇ ਈਸਾਈ ਲੋਕ ਵੀ ਸਤਿਸੰਗੀ ਬਣਦੇ ਗਏ ।

1948 ਵਿਚ ਬਾਬਾ ਸਾਵਣ ਸਿੰਘ ਦਾ ਦਿਹਾਂਤ ਹੋ ਗਿਆ ਤਾਂ ਬਾਬੂ ਜਗਤ ਸਿੰਘ ਗੱਦੀ ਤੇ ਬਿਰਾਜਮਾਨ ਹੋਏ । ਉਹ ਖੇਤੀਬਾੜੀ ਦੇ ਪ੍ਰੋਫੈਸਰ ਵਜੋਂ ਸੇਵਾ ਮੁਕਤ ਹੋਏ ਸਨ। ਉਨ੍ਹਾਂ ਦਾ ਅੰਤ ਵੀ 1951 ਈ. ਵਿਚ ਹੋ ਗਿਆ । ਉਨ੍ਹਾਂ ਪਹਿਲਾਂ ਹੀ ਬਾਬਾ ਸਾਵਣ ਸਿੰਘ ਦੇ ਪੋਤਰੇ ਚਰਨ ਸਿੰਘ ਗਰੇਵਾਲ ਨੂੰ ਬਿਆਸ ਦੀ ਗੱਦੀ ਲਈ ਮਨੋਨੀਤ ਕਰ ਦਿੱਤਾ ਸੀ। ਉਹ ਉੱਚੀ ਵਿਦਿਆ ਅਤੇ ਵਿਦਵਤਾ ਨਾਲ ਨਿਪੁੰਨ ਸਨ । ਬਾਬਾ ਚਰਨ ਸਿੰਘ ਦੀ ਅਗਵਾਈ ਹੇਠ ਬਿਆਸ ਦੇ ਰਾਧਾ ਸਵਾਮੀ ਇਕ ਵਿਸ਼ਾਲ ਬਰਾਦਰੀ ਬਣ ਗਏ।

ਰਾਧਾ-ਸਵਾਮੀਆਂ ਅਤੇ ਗੁਰ-ਮਰਿਯਾਦਾ ਦੇ ਧਾਰਨੀ ਸਿੱਖਾਂ ਅੰਦਰ ਬੁਨਿਆਦੀ ਵਿਤਕਰੇ ਹਨ । ਮੇਰਾ ਵਿਚਾਰ ਹੈ ਕਿ ਸਿੱਖ ਧਰਮ ਅਸਲੀ ਤੇ ਸਮੁੱਚੇ ਸੰਸਾਰ ਨੂੰ ਸੇਧ ਦੇਣ ਵਾਲਾ ਇਲਾਹੀ ਮਾਰਗ ਹੈ, ਜਦ ਕਿ ਰਾਧਾ ਸਵਾਮੀ ਮੱਤ ਇਸ ਦੀ ਨਕਲ ਹੈ। ਨਕਲ ਨਾਲੋਂ ਅਸਲ ਦੀ ਜਿਆਦਾ ਮਹਾਨਤਾ ਹੁੰਦੀ ਹੈ। ਪਰ ਸਿੱਖ ਆਪਣੇ ਧਰਮ ਦੀ ਮਹਾਨਤਾ ਨੂੰ ਸਮਝ ਨਹੀਂ ਰਹੇ ਤੇ ਨਾ ਹੀ ਗੁਰੂ ਦੀ ਸਿੱਖਿਆ ਅਨੁਸਾਰ ਇਨ੍ਹਾਂ ਦੀ ਸੰਸਥਾਵਾਂ ਕਾਰਜ ਕਰ ਰਹੀਆਂ ਹਨ, ਜਿਸ ਕਾਰਜ ਕਰਕੇ ਅਜਿਹੇ ਮਤ ਵਧ ਰਹੇ ਹਨ, ਤਰੱਕੀ ਕਰ ਰਹੇ ਹਨ। ਰਾਧਾ ਸਵਾਮੀ ਦੇਹਧਾਰੀ ਗੁਰੂ (ਵਕਤ ਦੇ ਸਤਿਗੁਰੂ) ਨੂੰ ਮੰਨਦੇ ਹਨ, ਜਿਨ੍ਹਾਂ ਦੀ ਬਖਸ਼ਿਸ਼ ਸਦਕਾ ਨਾਮ ਦੀ ਪ੍ਰਾਪਤੀ ਹੁੰਦੀ ਹੈ ਅਤੇ ਉਹ ਗੁਰਭਾਈ ਜਾਂ ਗੁਰ ਭੈਣਾਂ ਬਣਦੇ ਹਨ । ਉਹ ਇਕ ਦੂਜੇ ਦਾ ਸਤਿਕਾਰ 'ਰਾਧਾ ਸਵਾਮੀ' ਕਹਿ ਕੇ ਕਰਦੇ ਹਨ । ਰਾਧਾ ਸਵਾਮੀ ਸਤਿਸੰਗ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਹੀਂ ਹੁੰਦਾ । ਇਕ ਉੱਚਾ ਚਬੂਤਰਾ ਹੁੰਦਾ ਹੈ, ਜਿਸ ਤੇ ਬਿਰਾਜਮਾਨ ਹੋ ਕੇ ਰਾਧਾ ਸਵਾਮੀ ਗੁਰੂ ਸਤਿਸੰਗ ਸਰਵਣ ਕਰਾਉਂਦਾ ਹੈ । ਇਸ ਦੇ ਉਲਟ ਸਿੱਖ ਗੁਰੂ ਗੋਬਿੰਦ ਸਿੰਘ ਜੀ ਦੀ ਹਦਾਇਤ ਅਨੁਸਾਰ ਸਰੀਰ ਗੁਰੂ ਵਿਚ ਵਿਸ਼ਵਾਸ ਨਾ ਰੱਖ ਕੇ ਸ਼ਬਦ ਗੁਰੂ ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ਵਾਸ ਰੱਖਦੇ ਹਨ । ਰਾਧਾ ਸਵਾਮੀਆਂ ਵਿਚ ਕੀਰਤਨ ਦੀ ਵੀ ਪ੍ਰਥਾ ਨਹੀਂ, ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਹੈ ਕਿ ਸੰਗੀਤ ਨਾਲ ਸੁਰਤਿ ਖਿੰਡ ਜਾਂਦੀ ਹੈ ਅਤੇ ਸ਼ਬਦਾਂ ਦੇ ਅਰਥਾਂ ਤੇ ਭਾਵਾਂ ਨੂੰ ਸਮਝਣ ਦੀ ਥਾਂ ਸਤਿਸੰਗੀ ਸੁਰ ਤਾਲ ਦਾ ਸੁਆਦ ਮਾਨਣ ਲੱਗ ਜਾਂਦੇ ਹਨ । ਜਦ ਕਿ ਸਿੱਖ ਧਰਮ ਦੇ ਲੋਕ ਕੀਰਤਨ ਤੇ ਕਥਾ ਦੋਹਾਂ ਵਿਚ ਵਿਸ਼ਵਾਸ ਰੱਖਦੇ ਹਨ । ਉਨ੍ਹਾਂ ਅਨੁਸਾਰ ਦੋਹਾਂ ਨਾਲ ਪ੍ਰਭੂ ਵਲ ਧਿਆਨ ਲਗਾਇਆ ਜਾ ਸਕਦਾ ਹੈ । ਭਾਵੇਂ ਬਿਆਸ ਦੇ ਰਾਧਾ ਸਵਾਮੀ ਗੁਰੂ ਅਤੇ ਉਨ੍ਹਾਂ ਦੇ ਸਤਿਸੰਗੀ ਕੇਸਾਧਾਰੀ ਰਹਿੰਦੇ ਹਨ, ਪਰ ਉਹ ਪਾਹੁਲ ਜਾਂ ਅੰਮ੍ਰਿਤ ਛਕਣ ਵਿਚ ਵਿਸ਼ਵਾਸ ਨਹੀਂ ਰੱਖਦੇ। ਉਹ ਖ਼ਾਲਸੇ ਦੇ ਬੀਰ ਰੂਪ ਦੇ ਵੀ ਧਾਰਨੀ ਨਹੀਂ ।

# ਸਿੱਖ ਕੌਮ ਨੂੰ ਢਾਹ ਕਿਉਂ ਲੱਗ ਰਹੀ ਹੈ ?

## ਡਾ. ਜਸਵੰਤ ਸਿੰਘ ਨੇਕੀ

ਸਿੱਖ ਕੌਮ ਨੂੰ ਢਾਹ ਲੱਗ ਰਹੀ ਹੈ, ਪਰ ਇਸ ਦੇ ਬਾਵਜੂਦ ਅਸੀਂ ਅਜੇ ਵੀ ਕੌਮੀ ਹਿੱਤਾਂ ਲਈ ਸਮਰਪਿਤ ਨਹੀਂ ਹੋਏ । ਮੈਂ ਆਪਣੀ ਕੌਮ ਨੂੰ ਸੱਚ ਦੀਆਂ ਅੱਖਾਂ ਵਿਚ ਪਾ ਕੇ ਵੇਖਣ ਲਈ ਨਿਮੰਤ੍ਰਿਤ ਕਰਨਾ ਚਾਹੁੰਦਾ ਹਾਂ । ਜਦ ਤੱਕ ਸੱਚ ਦੇ ਸਨਮੁਖ ਨਾ ਹੋਈਏ, ਸਦਾਚਾਰਕ ਅੰਕੜਾਂ ਦਾ ਹੱਲ ਨਹੀਂ ਲੱਭਦਾ। ਅੱਜ ਨਿਰਸੰਦੇਹ ਸੱਚ ਦੇ ਸਨਮੁਖ ਹੋਣ ਦਾ ਸਮਾਂ ਹੈ। ਸਮਾਂ ਹੈ ਮੁੜ ਆਪਣੀ ਆਚਰਣਕ ਜ਼ਿੰਮੇਵਾਰੀ ਨੂੰ ਸੰਭਾਲਣ ਦਾ, ਆਪਣੇ ਸਿਦਕ ਨੂੰ ਝੰਜੋੜਨ ਦਾ, ਆਪਣੇ ਸਿਰੜ ਨੂੰ ਤਕੜਿਆਂ ਕਰਨ ਦਾ, ਆਪਣੇ ਕਿਰਦਾਰ ਵਿਚ ਵਾਹਿਗੁਰੂ ਜੀ ਦੀ ਕਲਾ ਨੂੰ ਵਰਤਣ ਲਈ ਸੱਦਾ ਦੇਣ ਦਾ ਤਾਂ ਜੋ ਪੰਥ ਸਦਾ ਵਾਂਗ ਸਦੀਵ ਕਾਲ ਚੜ੍ਹਦੀ ਕਲਾ ਵਿਚ ਰਹੇ ।

ਖਾਲਸਾ ਪੰਥ ਅੱਜ ਇਕ ਵੱਡੀ ਅਧੋਗਤੀ ਦੀ ਦਸ਼ਾ ਵਿਚੋਂ ਲੰਘ ਰਿਹਾ ਹੈ । ਉਹ ਪੰਥ ਜੋ ਹਰ ਕਿਸੇ ਨੂੰ ਜ਼ੁਲਮ ਨੂੰ ਬਚਾਉਣ ਲਈ ਸਾਜਿਆ ਗਿਆ ਸੀ, ਅੱਜ ਆਪ ਸੰਕਟ ਦਾ ਸ਼ਿਕਾਰ ਹੈ । ਬੜੇ ਘੱਟ ਲੋਕ ਜਾਣਦੇ ਹਨ ਕਿ ਸਿੱਖ ਗੁਰੂਆਂ ਨੇ ਸਭ ਤੋਂ ਪਹਿਲਾਂ ਇਸ ਦੇਸ਼ ਨੂੰ ਇਕ ਦੇਸ਼ ਹੋਣ ਦਾ ਤੇ ਇਕ ਸਾਂਝੀ ਕੌਮੀਅਤ ਹੋਣ ਦਾ ਸੰਕਲਪ ਦਿੱਤਾ । ਡਾ: ਗੋਕਲ ਚੰਦ ਨਾਰੰਗ ਆਪਣੀ ਪੁਸਤਕ ਟਰਾਸਫਰਮੇਸ਼ਨ ਆਫ ਸਿਖਇਜ਼ਮ, ਪੰਨਾ 135 ਵਿਚ ਲਿਖਦਾ ਹੈ ਕਿ " Guru Gobind Singh creates a Nation...When I say the creation of the Nation, I mean the words to taken literally, for when Guru Gobind Singh began his work, there was no such thing as a Hindu Nation.

ਹੋਰ ਵੀ ਘੱਟ ਲੋਕ ਜਾਣਦੇ ਹਨ ਕਿ ਸ਼ਬਦ "ਹਿੰਦੋਸਤਾਨ" ਸਾਹਿਤ ਵਿਚ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਵਰਤਿਆ । ਬਾਬਰ ਦੇ ਹਮਲੇ ਵੇਲੇ ਉਨ੍ਹਾਂ ਹੀ ਤਾਂ ਕਿਹਾ ਸੀ :

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥

(ਗੁਰੂ ਗ੍ਰੰਥ ਸਾਹਿਬ ਜੀ, ਪੰਨਾ 360)

ਮਤ ਸਮਝੋ ਸਾਨੂੰ ਬਾਹਰੋਂ ਕੋਈ ਖ਼ਤਰਾ ਹੈ । ਖ਼ਤਰਾ ਤਾਂ ਸਾਨੂੰ ਸਾਡੇ ਆਪਣੇ ਅੰਦਰੋਂ ਹੈ । ਕੌਮਾਂ ਦੇ ਵਕਾਰ, ਕੌਮਾਂ ਦੇ ਆਚਰਣ ਨਾਲ ਕਾਇਮ ਰਹਿੰਦੇ ਹਨ । ਅੱਜ ਅਸੀਂ ਕਾਂਗਰਸ ਪਾਰਟੀ ਉੱਤੇ ਭ੍ਰਿਸ਼ਟਾਚਾਰ ਦਾ ਆਰੋਪ ਲਗਾਉਂਦੇ ਹਾਂ । ਲਾਉਣਾ ਵੀ ਚਾਹੀਦਾ ਹੈ । ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕੀ ਅਕਾਲੀ ਸਰਕਾਰਾਂ ਅਜਿਹੇ ਆਰੋਪ ਤੋਂ ਬਰੀ ਸਨ ?

ਅਫਸੋਸ ਇਹ ਹੈ ਕਿ ਅਸੀਂ ਫਰਜੀ 'ਬਿਰਦ ਕੀ ਪੈਜ' ਮੰਗਦੇ ਹਾਂ । ਇਹ ਜਾਣਦੇ ਤੱਕ ਨਹੀਂ ਕਿ ਜੋ ਕੁਝ ਮੰਗ ਰਹੇ ਹਾਂ, ਉਸ ਦਾ ਅਰਥ ਕੀ ਹੈ ? ਇਸ ਨਾਲ ਸਾਡੇ ਉਪਰ ਕੀ ਜ਼ਿੰਮੇਵਾਰੀ ਆਇਦ ਹੁੰਦੀ ਹੈ । ਅੱਜ ਸਮਾਂ ਹੈ ਆਪਣੇ ਅੰਦਰ ਝਾਤ ਮਾਰਨ ਦਾ । ਆਓ ਇਕਬਾਲ ਕਰੀਏ ਕਿ ਅਸੀਂ ਸਤਿਗੁਰਾਂ ਦੀ ਪ੍ਰਤੀਤ ਗੁਆ ਬੈਠੇ ਹਾਂ, ਸੋ ਸਤਿਗੁਰਾਂ ਦਾ ਪਾਵਨ ਤੇਜ਼ ਸਾਨੂੰ ਪ੍ਰਾਪਤ ਨਹੀਂ। ਇਹੋ ਕਾਰਣ ਸਾਡੇ ਵਕਾਰ ਦੀ ਅਧੋਗਤੀ ਦਾ ਹੈ । ਸਤਿਗੁਰਾਂ ਦਾ ਸਾਡੇ ਨਾਲ ਬਚਨ ਸੀ:

ਜਬ ਲਗ ਖ਼ਾਲਸਾ ਰਹੇ ਨਿਆਰਾ । ਤਬ ਲਗ ਤੇਜ ਦੀਓ ਮੈਂ ਸਾਰਾ ।

ਜਬ ਇਹ ਗਹੇ ਬਿਪਰਨ ਕੀ ਰੀਤ । ਮੈਂ ਨ ਕਰੋਂ ਇਨ ਕੀ ਪਰਤੀਤਿ ।

ਆਮ ਲੋਕ ਇਸ ਦਾ ਅਰਥ ਲੈਂਦੇ ਹਨ ਕਿ ਜੇਕਰ ਅਸੀਂ ਹਿੰਦੂਆਂ ਤੋਂ ਨਿਆਰੇ ਹੋ ਕੇ ਰਹਾਂਗੇ ਤਾਂ ਗੁਰੂ ਦੀ ਮਦਦ ਸਾਨੂੰ ਮਿਲਦੀ ਰਹੇਗੀ । ਇਸ ਤੋਂ ਵੱਧ ਭੁੱਲੜ ਅਰਥ ਇਸ ਦੇ ਨਹੀਂ ਹੋ ਸਕਦੇ । ਇਸ ਦੇ ਸਹੀ ਅਰਥ ਇਹ ਹਨ ਕਿ 'ਜਦੋਂ ਤੱਕ ਖ਼ਾਲਸਾ ਆਪਣੀ ਆਚਰਣਕ ਮੌਲਿਕਤਾ ਨੂੰ ਬਰਕਰਾਰ ਰੱਖੇਗਾ, ਗੁਰੂ ਬਰਕਤ ਉਸ ਉਪਰ ਵਰਤਦੀ ਰਹੇਗੀ। ਪਰ ਜੇ ਇਸ ਮੌਲਿਕਤਾ ਤੋਂ ਡਿਗ ਕੇ ਉਹ ਮੁੜ ਬ੍ਰਾਹਮਣੀ ਰੀਤਾਂ ਨੂੰ ਗ੍ਰਹਿਣ ਕਰੇਗਾ ਤਾਂ ਸਤਿਗੁਰੂ ਦਾ ਇਤਬਾਰ ਉਸ ਤੋਂ ਉਠ ਜਾਏਗਾ ।

ਆਓ ਵਿਚਾਰੀਏ ਕਿ "ਬਿਪਰਨ ਕੀ ਰੀਤ" ਦੀ ਕੀ ਵਿਆਖਿਆ ਹੈ ? ਤੇ ਸੋਚੀਏ ਕਿਤੇ ਅਸੀਂ ਬ੍ਰਾਹਮਣੀ ਰੀਤੀ ਵਿਚ ਫਸ ਤਾਂ ਨਹੀਂ ਗਏ ।

ਪਹਿਲੀ ਬ੍ਰਾਹਮਣ ਰੀਤੀ ਜਿਸ ਤੋਂ ਸਤਿਗੁਰਾਂ ਸਾਨੂੰ ਵਰਜਿਆ ਸੀ, ਉਹ ਜਾਤ-ਪਾਤ ਦੀ (ਵਰਣ-ਆਸ਼ਰਮ) ਦੀ ਰੀਤੀ ਸੀ । ਕੀ ਅਸੀਂ ਇਸ ਤੋਂ ਮੁਕਤ ਹਾਂ ? ਕੁਝ ਚਿਰ ਹੋਏ ਦਾਰਸਸਲਾਮ (ਤਨਜ਼ਾਨੀਆਂ) ਵਿਚ ਮੈਂ ਨਾਮਧਾਰੀ ਆਗੂ ਸ੍ਰੀ ਜਗਜੀਤ ਸਿੰਘ ਜੀ ਨੂੰ ਮਿਲਣ ਗਿਆ, ਜੋ ਉਥੇ ਤਸ਼ਰੀਫ ਲਿਆਏ ਹੋਏ ਸਨ । ਮੈਂ ਉਨ੍ਹਾਂ ਨੂੰ ਬੇਨਤੀ ਕੀਤੀ, "ਪੰਥਕ ਏਕਤਾ ਵਾਸਤੇ ਕੁਝ ਕਰਨਾ ਚਾਹੀਦਾ ਹੈ ।" ਉਨ੍ਹਾਂ ਤੁਰੰਤ ਜਵਾਬ ਦਿੱਤਾ, "ਵੇਖੋ ਡਾਕਟਰ ਸਾਹਿਬ, ਸਾਡਾ ਅਕਾਲੀਆਂ ਨਾਲ ਕੋਈ ਸਮਝੌਤਾ ਨਹੀਂ ਹੋ ਸਕਦਾ । ਉਹ ਮਜ਼੍ਹਬੀ ਸਿੱਖਾਂ ਨਾਲ ਵਰਤਦੇ ਹਨ, ਅਸੀਂ ਉਨ੍ਹਾਂ ਨਾਲ ਨਹੀਂ ਵਰਤ ਸਕਦੇ ।" ਮੈਨੂੰ ਨਾਮਧਾਰੀਆਂ ਦੀ ਇਸ ਗੱਲ ਦਾ ਪਤਾ ਨਹੀਂ ਸੀ, ਸੋ ਮੈਂ ਸੁਣ ਕੇ ਹੱਕਾ ਬੱਕਾ ਹੋ ਗਿਆ । ਫਿਰ ਵੀ ਮੈਂ ਹੱਥ ਬੰਨ੍ਹ ਕੇ ਬੇਨਤੀ ਕੀਤੀ, "ਜਿਸ ਗੱਦੀ ਤੇ ਤੁਸੀਂ ਬਿਰਾਜਮਾਨ ਹੋਏ ਮੰਨੇ ਜਾਂਦੇ ਹੋ, ਉਸ ਗੱਦੀ ਦਾ ਤਾਂ ਬਿਰਦ ਸੀ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 15)

ਪਰ ਉਹ ਕਹਿਣ ਲੱਗੇ, "ਨਹੀਂ ਡਾਕਟਰ ਸਾਹਿਬ ਮਜ਼੍ਹਬੀ ਸਿੱਖਾਂ ਨਾਲ ਅਸੀਂ ਤਾਂ ਨਹੀਂ ਵਰਤ ਸਕਦੇ ।" ਮੈਂ ਚੁੱਪ ਕਰ ਰਿਹਾ, ਪਰ ਮੈਨੂੰ ਸਮਝ ਆ ਗਈ ਬ੍ਰਾਹਮਣਵਾਦੀ ਕਿਤਨੀ ਸ਼ਿੱਦਤ ਨਾਲ ਵਰਤ ਰਿਹਾ ਹੈ । ਇਹ ਗੱਲ ਕੇਵਲ ਨਾਮਧਾਰੀਆਂ ਤੇ ਹੀ ਲਾਗੂ ਨਹੀਂ । ਪੰਜਾਬ ਦੇ ਪਿੰਡਾਂ ਵਿਚ ਹੋਰ ਸਿੱਖ ਵੀ ਮਜ਼੍ਹਬੀ ਸਿੱਖਾਂ ਨੂੰ ਨਫਰਤ ਦੀ ਨਜ਼ਰ ਨਾਲ ਵੇਖਦਾ ਹੈ । ਮੇਰਾ ਤਾਂ ਮਜ਼੍ਹਬੀ ਸਿੱਖਾਂ ਦੇ ਚਰਨ ਧੋਣ ਨੂੰ ਜੀ ਕੀਤਾ ਹੈ, ਕਿਉਂਕਿ ਉਹ ਹਮੇਸ਼ਾਂ ਸਿੱਖ ਕੌਮ ਲਈ ਕੁਰਬਾਨੀਆਂ ਕਰਦੇ ਰਹੇ ਹਨ। ਦਰ ਅਸਲ ਅੱਜ ਅਸੀਂ ਜਾਤਿ ਅਭਿਮਾਨ ਵਿਚ ਗ੍ਰਸੇ ਪਏ ਹਾਂ । ਸਤਿਗੁਰਾਂ ਦਾ ਆਦੇਸ਼ ਤਾਂ ਸੀ:

'ਜਾਤਿ ਕਾ ਗਰਬੁ ਨ ਕਰੀਅਹੁ ਕੋਈ ।

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1127)

ਪਰ ਅਸੀਂ ਸਭ ਜਾਤਿ-ਅਭਿਮਾਨੀ ਹੋਏ ਪਏ ਹਾਂ । ਜੱਟ ਨੂੰ ਜੱਟਪੁਣੇ ਦਾ ਅਭਿਮਾਨ ਹੈ, ਖਤਰੀਆਂ ਨੂੰ ਖਤਰੀਪੁਣੇ ਦਾ । ਅਰੋੜੇ ਆਪਣੇ ਆਪ ਨੂੰ ਵਧੀਆ ਸਮਝਦੇ ਹਨ, ਆਹਲੂਵਾਲੀਏ ਆਪਣੇ ਆਪ ਨੂੰ ਤੇ ਰਾਮਗੜ੍ਹੀਏ ਆਪਣੇ ਆਪ ਨੂੰ ਕਿਸੇ ਤੋਂ ਘੱਟ ਨਹੀਂ

ਸਮਝਦੇ । ਮੇਰੇ ਲਈ ਤਾਂ ਸਾਰੇ ਸਤਿਕਾਰਯੋਗ ਹਨ, ਪਰ ਸਿੱਖ ਹੋਣ ਦੇ ਨਾਤੇ । ਸਿੰਘ ਸਭਾ ਲਹਿਰ ਤੇ ਅਕਾਲੀ ਲਹਿਰ ਦੇ ਪ੍ਰਭਾਵਾਂ ਸਦਕਾ ਸਾਡੇ ਨਾਵਾਂ ਨਾਲੋਂ ਗੋਤਾਂ ਲੱਥ ਗਈਆਂ ਸਨ । ਸ਼ਨਾਖਤ ਲਈ ਅਸੀਂ ਇਲਾਕੇ ਦੇ ਨਾਮ ਨਾਵਾਂ ਨਾਮ ਜੋੜ ਲਏ ਸਨ, ਜਿਵੇਂ ਕਿ ਨਾਗੋਕੇ, ਕੈਰੋਂ, ਮਝੈਲ, ਅੰਬਾਲਵੀ ਆਦਿ । ਪਰ ਅੱਜ ਮੁੜ ਅਸਾਂ ਨਾਵਾਂ ਨਾਲ ਗੋਤ ਜੋੜਨੇ ਸ਼ੁਰੂ ਕਰ ਦਿੱਤੇ ਹਨ । ਇਹ ਬਿਮਾਰੀ ਦੁਬਾਰਾ ਆਣ ਚੰਬੜੀ ਹੈ ਤੇ ਧੂਹ ਕੇ ਸਾਨੂੰ ਬ੍ਰਾਹਮਣਵਾਦ ਵਿਚ ਲੈ ਗਈ ਹੈ ।

ਇਸੇ ਸੰਦਰਭ ਵਿਚ ਅਸਾਂ ਇਕ ਸਿਆਸੀ ਭੁੱਲ ਵੀ ਕੀਤੀ । ਉਹ ਇਹ ਕਿ ਸਿੱਖਾਂ ਵਿਚ ਅਨਸੂਚਿਤ ਜਾਤੀਆਂ (ਸ਼ਿਡਊਲਡ ਕਾਸਟਸ) ਨੂੰ ਕਾਨੂੰਨ ਅੰਦਰ ਪ੍ਰਵਾਨ ਕਰਵਾਇਆ। ਸਿੱਖਾਂ ਵਿਚ ਤਾਂ ਕੋਈ ਜਾਤ ਹੈ ਨਹੀਂ, ਫਿਰ ਅਸੀਂ ਕਿਉਂ ਇੰਜ ਕੀਤਾ ? ਇਸ ਲਈ ਕਿ ਸਾਨੂੰ ਖ਼ਤਰਾ ਸੀ ਕਿ ਜੇਕਰ ਮਜ਼ਬੀ ਸਿੱਖਾਂ ਆਦਿ ਲਈ ਨੌਕਰੀਆਂ ਤੇ ਅਸੰਬਲੀ ਦੀਆਂ ਸੀਟਾਂ ਰਾਖਵੀਆਂ ਨਹੀਂ ਹੋਣਗੀਆਂ, ਤਾਂ ਉਹ ਹਿੰਦੂ ਹੋ ਜਾਣਗੇ । ਸਾਨੂੰ ਉਨ੍ਹਾਂ ਦਾ ਹਿੰਦੂ ਹੋਣਾ ਤਾਂ ਗਵਾਰਾ ਨਹੀਂ ਸੀ ਪਰ ਅਸੀਂ ਉਨ੍ਹਾਂ ਨਾਲ ਬਰਾਬਰੀ ਦਾ ਸਲੂਕ ਕਰਨ ਨੂੰ ਤਿਆਰ ਨਹੀਂ ਸਾਂ । ਜੇਕਰ ਉਨ੍ਹਾਂ ਨੂੰ ਸਿੱਖ ਪੰਥ ਵਿਚ ਬਰਾਬਰ ਦਾ ਸਤਿਕਾਰ ਪ੍ਰਾਪਤ ਹੁੰਦਾ, ਜਿਹੜਾ ਹੋਣਾ ਚਾਹੀਦਾ ਸੀ, ਤਾਂ ਉਨ੍ਹਾਂ ਦੇ ਹਿੰਦੂ ਹੋਣ ਦਾ ਸਵਾਲ ਕਿਵੇਂ ਪੈਂਦਾ ਹੁੰਦਾ ? ਸਾਨੂੰ ਉਨ੍ਹਾਂ ਦੀ ਗਿਣਤੀ ਤਾਂ ਸਵੀਕਾਰ ਸੀ, ਉਨ੍ਹਾਂ ਦਾ ਸਤਿਕਾਰ ਪ੍ਰਵਾਨ ਨਹੀਂ ਸੀ । ਇਸ ਲਈ ਅਸੀਂ ਆਪਣੇ ਧਾਰਮਿਕ ਆਦੇਸ਼ਾਂ ਦੇ ਬਰਖਿਲਾਫ਼ ਜਾ ਕੇ ਜਾਤ-ਪਾਤ ਨੂੰ ਆਪਣੇ ਅੰਦਰ ਤਸਲੀਮ ਕਰਵਾ ਲਿਆ । ਮੈਨੂੰ ਤਾਂ ਇਉਂ ਲਗਦਾ ਹੈ ਕਿ ਜਾਤ-ਪਾਤ ਦੀ ਜਿਸ ਜਿਲ੍ਹਣ ਵਿਚੋਂ ਸਤਿਗੁਰਾਂ ਸਾਨੂੰ ਕਢਿਆ ਸੀ, ਅਸੀਂ ਮੁੜ ਉਸੇ ਜਿਲ੍ਹਣ ਵਿਚ ਗ਼ਰਕ ਹੋ ਗਏ ਹਾਂ । ਇਉਂ ਅਸਾਂ ਬ੍ਰਾਹਮਣਵਾਦ ਦੀ ਮੁਢਲੀ ਰੀਤ ਨੂੰ ਬੜੀ ਹਦ ਤੱਕ ਗ੍ਰਹਿਣ ਕਰ ਲਿਆ ਹੈ ।

ਬ੍ਰਾਹਮਣਵਾਦ ਦੀ ਦੂਜੀ ਵੱਡੀ ਰੀਤ ਕਰਮ ਕਾਂਡ ਦੀ ਰੀਤ ਹੈ । ਕਰਮ ਕਾਂਡ ਦੇ ਸਿਧਾਂਤ ਅਨੁਸਾਰ ਕੋਈ ਵੀ ਕਰਮ ਆਪਣਾ ਫੱਲ ਤਾਂ ਹੀ ਦੇ ਸਕਦਾ ਹੈ, ਜੇਕਰ ਉਹ ਪੂਰਨ ਵਿਧੀ ਨਾਲ ਕੀਤਾ ਜਾਵੇ । ਪੂਰਨ ਵਿਧੀ ਨਾਲ ਕਰਨ ਲਈ ਇਕ ਉਚੇਚੀ ਪੁਰੋਹਿਤ ਸ਼੍ਰੇਣੀ ਜ਼ਰੂਰੀ ਹੈ ਜੋ ਸਭ ਕੁਝ ਵਿਧੀਵਤ ਕਰਵਾਏ । ਪਰ ਸਤਿਗੁਰਾਂ ਸਾਨੂੰ ਪੁਰੋਹਿਤ ਸ਼੍ਰੇਣੀ ਤੋਂ ਆਜ਼ਾਦ ਕਰਵਾਇਆ । ਉਨ੍ਹਾਂ ਨੇ ਸਿਮਰਨ, ਸੇਵਾ, ਪਾਠ, ਕੀਰਤਨ, ਅਰਦਾਸ ਵਰਗੇ ਐਸੇ ਸਿੱਧੇ ਅਧਿਆਤਮ ਕਰਮ ਦ੍ਰਿੜ੍ਹ ਕਰਵਾਏ, ਜਿਨ੍ਹਾਂ ਲਈ ਕਿਸੇ ਪੁਰੋਹਿਤ ਦੀ ਲੋੜ ਨਹੀਂ ਸੀ, ਜੋ ਹਰ ਕੋਈ ਆਪ ਕਰ ਸਕਦਾ ਸੀ ।

ਪਰ ਕੀ ਅਸਾਂ ਮੁੜ ਕਰਮ ਕਾਂਡ ਸਥਾਪਿਤ ਨਹੀਂ ਕਰ ਲਏ ? ਖ਼ੁਸ਼ੀ ਦੇ ਮੌਕੇ 'ਤੇ ਅਖੰਡ ਪਾਠ ਹੋਣਾ ਚਾਹੀਦਾ ਹੈ । ਗ਼ਮੀ ਦੇ ਮੌਕੇ 'ਤੇ ਸਪਤਾਹਿਕ ਪਾਠ । ਖ਼ੁਸ਼ੀ ਦੇ ਪਾਠ ਦਾ ਭੋਗ ਸਵੇਰੇ ਪੈਣਾ ਚਾਹੀਦਾ ਹੈ । ਗ਼ਮੀ ਦੇ ਪਾਠ ਦਾ ਦੁਪਹਿਰੋਂ ਬਾਅਦ । ਇਕ ਦਿਨ ਮੈਨੂੰ ਪੁਛਿਆ ਗਿਆ, "ਅਖੰਡ ਪਾਠ ਦਾ ਭੋਗ 48 ਘੰਟਿਆਂ ਵਿਚ ਪੈਣਾ ਚਾਹੀਦਾ ਹੈ ਕਿ 47 ਵਿਚ?" ਮੈਂ ਕਿਹਾ ਐਸਾ ਕੋਈ ਪੱਕਾ ਵਿਧਾਨ ਨਹੀਂ । ਪੁੱਛਣ ਵਾਲੇ ਦੀ ਤਸੱਲੀ ਨਾ ਹੋਈ । ਉਨ੍ਹਾਂ ਬੰਗਲਾ ਸਾਹਿਬ ਦੇ ਗ੍ਰੰਥੀ ਸਾਹਿਬ ਨੂੰ ਜਾ ਪੁੱਛਿਆ । ਉਨ੍ਹਾਂ ਕਿਹਾ, "47 ਘੰਟੇ ।" ਮੈਨੂੰ ਲਗਿਆ, ਨਾ ਕੇਵਲ ਅਸਾਂ ਪੁਰੋਹਿਤ ਸ਼੍ਰੇਣੀ ਮੁੜ ਕਾਇਮ ਕਰ ਲਈ ਹੈ, ਇਸ ਪੁਰੋਹਿਤ ਸ਼੍ਰੇਣੀ ਨੇ ਬ੍ਰਾਹਮਣਾਂ ਵਾਂਗ ਸਾਨੂੰ ਕਰਮ ਕਾਂਡ ਵਿਚ ਵੀ ਫਸਾ ਲਿਆ ਹੈ ਤੇ

ਅਸੀਂ ਸਭ ਫਸੀ ਤੁਰੀ ਜਾ ਰਹੇ ਹਾਂ ।

ਮੈਂ ਪੁੱਛਦਾ ਹਾਂ, 'ਕੀ ਤੁਹਾਨੂੰ ਪਤਾ ਹੈ ਕਿ ਗੁਰੂ ਸਾਹਿਬਾਂ ਵੇਲੇ ਆਖੰਡ ਪਾਠਾਂ ਦਾ ਕੋਈ ਰਿਵਾਜ ਨਹੀਂ ਸੀ ਹੁੰਦਾ ?' ਅਖੰਡ ਪਾਠ ਤਾਂ ਉਦੋਂ ਹੋਣੇ ਸ਼ੁਰੂ ਹੋਏ ਜਦ ਸਿੰਘਾਂ ਦੇ ਜਥੇ ਜੰਗਲਾਂ ਬਨਾਂ ਵਿਚ ਭਟਕਦੇ ਫਿਰਦੇ ਸਨ, ਮਹਾਰਾਜ ਦੀ ਬੀੜ ਨਾਲ ਚੁੱਕੀ ਫਿਰਦੇ ਸਨ ਤੇ ਤੇ ਜਿਥੇ ਕਿਤੇ ਦੋ ਦਿਨ ਟਿਕਣ ਨੂੰ ਮਿਲ ਜਾਂਦੇ, ਸਾਰੇ ਵਾਰੀ-ਵਾਰੀ ਲੱਗ ਕੇ ਸੰਪੂਰਨ ਪਾਠ ਕਰ ਲੈਂਦੇ । ਉਨ੍ਹਾਂ ਕਦੇ ਵੀ ਇਹ ਨਹੀਂ ਸੀ ਸੋਚਿਆ 48 ਘੰਟੇ ਲਗਣਗੇ ਕਿ 47 ਕਿ 50 । ਉਹ ਤਾਂ ਜੇਕਰ ਸੰਪੂਰਨ ਪਾਠ ਸਮਾਪਤ ਹੋ ਜਾਂਦਾ ਸੀ ਤਾਂ ਸਤਿਗੁਰਾਂ ਦਾ ਧੰਨਵਾਦ ਕਰਦੇ ਸਨ । ਮੈਂ ਪੁਛਦਾ ਹਾਂ, ਇਹ '47 ਘੰਟੇ' ਦੀ ਗੱਲ ਕਿਥੋਂ ਆਈ ?

ਅੱਜ ਤਾਂ ਇਕ ਹੋਰ ਨਵੀਂ ਰੀਤ ਚੱਲ ਪਈ ਹੈ । ਲੋਕ ਉਚੇਚਾ ਦਰਬਾਰ ਸਾਹਿਬ ਅੰਮ੍ਰਿਤਸਰ ਅਖੰਡ ਪਾਠ ਰਖਾਉਂਦੇ ਹਨ, ਜਿਵੇਂ ਇਸ ਦਾ ਕੋਈ ਵੱਧ ਮਹਾਤਮ ਹੁੰਦਾ ਹੈ। ਕਮੇਟੀ ਵਾਲਿਆਂ ਨੂੰ ਪੈਸੇ ਘੱਲ ਦਿੰਦੇ ਹਨ, ਉਥੇ ਸ਼ਾਇਦ ਪਾਠ ਰੱਖ ਦਿੱਤਾ ਜਾਂਦਾ ਹੈ, ਸ਼ਾਇਦ ਨਹੀਂ । ਪਾਠ ਦੀ ਸਮਾਪਤੀ ਦੀ ਸੂਚਨਾ ਪਾਠ ਰਖਾਉਣ ਵਾਲੇ ਨੂੰ ਪਾਠ ਉਪਰੰਤ ਆਇਆ ਹੁਕਮਨਾਮਾ ਭੇਜ ਕੇ ਦਿੱਤੀ ਜਾਂਦੀ ਹੈ । ਮੈਂ ਕਿਹਾ ਸੀ, "ਸ਼ਾਇਦ ਪਾਠ ਨਹੀਂ ਵੀ ਰਖਿਆ ਜਾਂਦਾ ।" ਸ਼ਾਇਦ ਮੈਂ ਗਲਤ ਹੀ ਹੋਵਾਂ, ਮੈਂ ਚਾਹੁੰਦਾ ਹਾਂ, ਮੈਂ ਗਲਤ ਹੀ ਹੋਵਾਂ। ਪਰ ਦੋ ਕਾਰਨਾਂ ਕਰਕੇ ਮੈਂ ਇੰਜ ਸੋਚਣ ਤੇ ਮਜ਼ਬੂਰ ਹੋਇਆ ਹਾਂ । ਪਹਿਲਾ ਇਹ ਕਿ ਉਥੇ ਇਤਨੇ ਪਾਠਾਂ ਦੀ ਬੁਕਿੰਗ ਹੁੰਦੀ ਹੈ ਕਿ ਇਤਨੇ ਪਾਠ ਇਕੱਠੇ ਸ਼ਾਇਦ ਹੋ ਹੀ ਨਹੀਂ ਸਕਦੇ । ਦੂਜੇ, ਮੇਰੇ ਕੁਝ ਵਾਕਫ ਸਜਣਾਂ ਨੂੰ ਇਕ ਪਾਠ ਰਖਾਏ ਦੇ ਦੋ ਦੋ ਹੁਕਮਨਾਮੇ ਭੇਜੇ ਗਏ ।

ਸੱਚ ਜਾਣੋ, ਪਾਠ ਦਾ ਮਹਾਤਮ ਕੇਵਲ ਉਸ ਨੂੰ ਪ੍ਰਾਪਤ ਹੁੰਦਾ ਹੈ ਜੋ ਚਿੱਤ ਜੋੜ ਕੇ ਪਾਠ ਕਰੇ ਜਾਂ ਸੁਣੇ । ਭਾੜੇ ਦੇ ਪਾਠ ਦਾ ਮਹਾਤਮ ਨਾ ਕਰਨ ਵਾਲੇ ਨੂੰ ਹੈ, ਨਾ ਰਖਾਉਣ ਵਾਲੇ ਨੂੰ । ਇਹ ਤਾਂ ਨਿਰਾ ਬ੍ਰਾਹਮਣਵਾਦ ਹੈ । ਪਰ ਅਸੀਂ ਇਸ ਵਿਚ ਫਸੇ ਬੈਠੇ ਹਾਂ ।

ਬ੍ਰਾਹਮਣਵਾਦ ਦੀ ਤੀਜੀ ਰੀਤ ਬੁੱਤ-ਪ੍ਰਸਤੀ ਦੀ ਹੈ । ਸਿੱਖੀ ਵਿਚ ਇਸ ਦੀ ਕੋਈ ਥਾਂ ਨਹੀਂ, ਪਰ ਇਹ ਵੀ ਅਗਿਆਤ ਰੂਪ ਵਿਚ ਸਾਡੇ ਅੰਦਰ ਆ ਵੜੀ ਹੈ । ਸਿੱਖੀ ਵਿਚ ਤਾਂ ਕੇਵਲ ਅਕਾਲ ਪੁਰਖ ਦੀ ਜਾਗਤ ਜੋਤ ਦੀ ਉਪਾਸਨਾ ਦਾ ਵਿਧਾਨ ਹੈ :

ਜਾਗਤ ਜੋਤ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ ॥

੩੩ ਸਵੈਯੇ

ਅਸੀਂ ਬਾਣੀ ਨਾਲ ਜੁੜਨ ਦੀ ਬਜਾਏ, ਗੁਰੂ ਗ੍ਰੰਥ ਸਾਹਿਬ ਜੀ ਦੇ ਆਕਾਰ ਨਾਲ ਜੁੜਨ ਲੱਗ ਪਏ ਹਾਂ । ਸਾਡੇ ਵਿਚੋਂ ਬਹੁਤੇ ਪਾਠ ਨਹੀਂ ਕਰ ਸਕਦੇ । ਪਰ ਕਈ ਲੋਕ, ਰੁਮਾਲਾ ਚੁੱਕ ਕੇ ਦਰਸ਼ਨ ਕਰਦੇ ਫਿਰਦੇ ਹਨ । ਸੱਚ ਮੰਨੋ, ਗੁਰੂ ਗ੍ਰੰਥ ਸਾਹਿਬ ਦਾ ਦੀਦਾਰ ਕੇਵਲ ਪਾਠ-ਦੀਦਾਰ ਹੈ । ਅਰਦਾਸ ਵਿਚ ਵੀ ਇਸੇ ਪਾਠ ਦੀਦਾਰ ਦਾ ਧਿਆਨ ਧਰਨ ਦਾ ਆਦੇਸ਼ ਹੈ । ਪਰ ਅਸੀਂ ਮਨਮਤੀਆਂ ਨੇ ਅਰਦਾਸ ਵਿਚ ਵੀ ਪਾਠ-ਦੀਦਾਰ ਦੀ ਥਾਂ ਦਰਸ਼ਨ-ਦੀਦਾਰ ਹੀ ਪੜ੍ਹਨਾ ਸ਼ੁਰੂ ਕਰ ਦਿੱਤਾ ਹੈ ।

ਜੇਕਰ ਅਸੀਂ ਪਾਠ ਨਹੀਂ ਕਰਦੇ, ਪਰ ਰੁਮਾਲੇ ਚੁੱਕ-ਚੁੱਕ ਕੇ ਦੀਦਾਰ ਕਰਦੇ ਫਿਰਦੇ ਹਾਂ ਜਾਂ ਗੁਰੂ ਗ੍ਰੰਥ ਸਾਹਿਬ ਦੀ ਪੀੜ੍ਹੀ ਦੇ ਪਾਵਿਆਂ ਦੀਆਂ ਮੁੱਠੀਆਂ ਚਾਪੀਆਂ ਕਰਦੇ ਹਾਂ ਤਾਂ ਅਸੀਂ ਆਪਣੇ ਪਿਤਾ ਦਸਮ ਪਾਤਸ਼ਾਹ ਨਾਲ ਧ੍ਰੋਹ ਕਮਾ ਰਹੇ ਹਾਂ, ਕਿਉਂਕਿ ਉਹ ਸਰੀਰ

ਦੀ ਥਾਂ ਸਾਨੂੰ ਸ਼ਬਦ ਨਾਲ ਜੋੜ ਕੇ ਗਏ ਸਨ । ਮੇਰੇ ਕਹਿਣ ਦਾ ਭਾਵ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਕਰਨ ਕੇ ਨਾਲ ਨਾਲ ਉਸ ਦੀ ਸਿਖਿਆ ਨੂੰ ਵੀ ਆਪਣੀ ਤਰਜ਼ੇ ਜ਼ਿੰਦਗੀ ਦਾ ਆਧਾਰ ਬਣਾਉਣਾ ਚਾਹੀਦਾ ਹੈ।

ਇਸ ਵਿਚਾਰ ਤੋਂ ਸਪੱਸ਼ਟ ਹੈ ਕਿ ਬ੍ਰਾਹਮਣਵਾਦ ਦੀਆਂ ਤਿੰਨ ਮੂਲ ਪ੍ਰਵਿਰਤੀਆਂ ਸਾਡੇ ਅੰਦਰ ਆ ਵੜੀਆਂ ਹਨ । ਉਹ ਆਚਰਣਕ ਮੌਲਿਕਤਾ ਜਿਸ ਦਾ ਪ੍ਰਕਾਸ਼ ਸਤਿਗੁਰਾਂ ਸਾਡੇ ਅੰਦਰ ਕੀਤਾ ਸੀ, ਜਾਪਦਾ ਹੈ ਅਲੋਪ ਹੁੰਦੀ ਜਾਂਦੀ ਹੈ । ਇਸ ਅਵਸਥਾ ਵਿਚ ਸਤਿਗੁਰੂ ਸਾਡਾ ਕੀ ਇਤਬਾਰ ਕਰਨ ? ਤੇ ਜੋ ਪ੍ਰਤੀਤ ਕੋਈ ਨਹੀਂ ਤਾਂ ਅਸੀਂ ਉਨ੍ਹਾਂ ਦੇ ਤੇਜ ਤੇ ਉਨ੍ਹਾਂ ਦੀ ਬਰਕਤ ਦੇ ਅਧਿਕਾਰੀ ਕਿਵੇਂ ਹਾਂ ? ਸਤਿਗੁਰਾਂ ਦੇ ਤੇਜ ਬਾਝੋਂ ਅਸੀਂ ਥੋਥੇ ਹਾਂ। ਇਹੋ ਸਾਡੀ ਅਧੋਗਤੀ ਦਾ ਕਾਰਣ ਹੈ । ਇਸੇ ਕਾਰਣ ਸਾਡੇ ਵਕਾਰ ਨੂੰ ਸੱਟ ਵੱਜੀ ਹੈ ।

ਆਓ ਹੁਣ ਸੋਚੀਏ ਏਨੀ ਜਲਦੀ ਏਨਾ ਪਤਨ ਹੋ ਕਿਵੇਂ ਗਿਆ ? ਅਜੇ ਕੁਝ ਦਹਾਕੇ ਪਹਿਲਾਂ ਹੀ ਸਿੰਘ ਸਭਾ ਲਹਿਰ ਤੇ ਅਕਾਲੀ ਲਹਿਰ ਸਦਕਾ ਪੰਥ ਚੜ੍ਹਦੀ ਕਲਾ ਵਿਚ ਸੀ। ਵਕਾਰ ਵੀ ਕਾਇਮ ਸੀ ਰਸੂਖ ਵੀ ਪੂਰਾ ਸੀ । ਇਤਨੀ ਜਲਦੀ ਕੀ ਹੋਇਆ ਕਿ ਇਸ ਅਧੋਗਤੀ ਤੇ ਪਹੁੰਚ ਗਏ ਹਾਂ ?

ਗੁਰਦੁਆਰਾ ਸੁਧਾਰ ਦੀ ਲਹਿਰ ਮਗਰੋਂ ਅਸਾਂ ਸੋਚਿਆ ਸੀ ਕਿ ਮਹੰਤਾਂ ਕੋਲੋਂ ਗੁਰਦੁਆਰੇ ਅਸਾਂ ਛੁਡਾ ਲਏ ਹਨ ਤਾਂ ਮੋਰਚਾ ਫ਼ਤਹਿ ਹੋ ਗਿਆ ਹੈ । ਇਸ ਵਿਚੋਂ ਜੋ ਪਰਿਣਾਮ ਨਿਕਲੇ ਉਨ੍ਹਾਂ ਦਾ ਪੰਥ ਦੇ ਭਵਿੱਖ ਤੇ ਕੀ ਅਸਰ ਹੋਵੇਗਾ, ਕਿਸੇ ਨੇ ਇਸ ਬਾਰੇ ਪੂਰੀ ਦੂਰ ਅੰਦੇਸ਼ੀ ਨਾਲ ਨਹੀਂ ਵੇਖਿਆ । ਪਹਿਲਾ ਸਿੱਟਾ ਤਾਂ ਇਹ ਨਿਕਲਿਆ ਸੀ ਕਿ ਗੁਰਦੁਆਰਿਆਂ ਦੇ ਪ੍ਰਬੰਧ ਲਈ ਇਕ ਕਮੇਟੀ ਦੀ ਸਥਾਪਨਾ ਮੰਨ ਲਈ ਗਈ ਜੋ ਚੋਣਾਂ ਨਾਲ ਸਥਾਪਿਤ ਹੋਵੇਗੀ। ਦੂਜੀ ਗੱਲ ਇਹ ਹੋਈ ਕਿ ਚੋਣਾਂ ਸਰਕਾਰ ਕਰਵਾਏਗੀ ਤੇ ਤੀਜੀ ਇਹ ਕਿ ਸ਼੍ਰੋਮਣੀ ਅਕਾਲੀ ਦਲ, ਜਿਸ ਨੇ ਗੁਰਦੁਆਰੇ ਆਜ਼ਾਦ ਕਰਵਾਏ ਸਨ, ਉਹੀ ਇਨ੍ਹਾਂ ਗੁਰਦੁਆਰਿਆਂ ਦੇ ਪ੍ਰਬੰਧ ਸੰਭਾਲਣ ਦਾ ਅਧਿਕਾਰੀ ਹੋਏਗਾ ।

ਆਓ, ਇਨ੍ਹਾਂ ਤਿੰਨਾਂ ਪਰਿਣਾਮਾਂ ਦਾ ਵਿਸ਼ਲੇਸ਼ਣ ਕਰੀਏ । ਪਹਿਲੀ ਗੱਲ ਲਓ ਚੋਣਾਂ ਦੀ । ਚੋਣਾਂ ਵਿਚ ਉਹੋ ਲੋਕ ਜਿੱਤ ਕੇ ਆਉਂਦੇ ਹਨ, ਜਿਨ੍ਹਾਂ ਦੀ ਬਹੁਗਿਣਤੀ ਹੋਵੇ । ਕਿਸੇ ਵੀ ਧਰਮ ਵਿਚ ਧਰਮੀਆਂ ਨਾਲੋਂ ਅਧਰਮੀਆਂ ਦੀ ਗਿਣਤੀ ਹੀ ਵੱਧ ਹੁੰਦੀ ਹੈ । ਇਸ ਲਈ ਚੋਣਾਂ ਵਿਚ ਬਹੁਤੇ ਅਧਰਮੀ ਹੀ ਜਿੱਤ ਕੇ ਆਉਂਦੇ ਹਨ । ਧਰਮ ਵਿਚ ਇਸ ਲਈ ਚੋਣਾਂ ਦਾ ਵਿਧਾਨ ਨਾਮੁਨਾਸਬ ਹੈ । ਉਥੇ ਤਾਂ ਕੇਵਲ ਅਧਿਆਤਮਕ ਤੌਰ 'ਤੇ ਚੁਣਵੇਂ ਗਿਣਵੇ ਭਜਨੀਕਾਂ (the spiritual elite) ਦਾ ਸਰੋਕਾਰ ਹੋਣਾ ਚਾਹੀਦਾ ਹੈ । ਦੁਨੀਆਂ ਦੇ ਕਿਹੜੇ ਹੋਰ ਧਰਮ ਦੇ ਆਗੂ ਜਾਂ ਪ੍ਰਬੰਧਕ ਚੋਣਾਂ ਨਾਲ ਚੁਣੇ ਜਾਂਦੇ ਹਨ ? ਸਾਡੇ ਆਪਣੇ ਇਤਿਹਾਸ ਵਿਚ ਵੀ ਚੋਣਾਂ ਕਦੇ ਹੋਈਆਂ ਸਨ ? ਕੀ ਸਾਡੇ ਗੁਰੂ ਸਾਹਿਬਾਨ ਚੋਣਾਂ ਨਾਲ ਚੁਣੇ ਗਏ ਸਨ ?

ਪੰਜ ਪਿਆਰੇ ਕੀ ਚੋਣਾਂ ਨਾਲ ਚੁਣੇ ਗਏ ਸਨ ? ਅੱਜ ਅਸੀਂ ਤਲਵਾਰ ਦੀ ਧਾਰ ਤੇ ਪਰਖੇ ਜਾਣ ਦਾ ਦਮ ਨਹੀਂ ਰੱਖਦੇ । ਚੋਣਾਂ ਕਰਵਾ ਲੈਂਦੇ ਹਾਂ ਤੇ ਸੰਤੁਸ਼ਟ ਹਾਂ ਕਿ ਅਸੀਂ ਪੰਥ ਦੇ ਨੁਮਾਇੰਦੇ ਹਾਂ । ਜਾਣਦੇ ਵੀ ਹਾਂ ਕਿ ਪੰਥ ਦਾ ਮਤਲਬ ਕੀ ਹੈ ? ਪੰਥ ਦੀ ਪਰਿਭਾਸ਼ਾ ਅਰਦਾਸ ਵਿਚ ਕੀਤੀ ਗਈ ਹੈ । ਅਰਦਾਸ ਦੇ ਵਸਤੂ-ਨਿਰਦੇਸ਼ ਮੰਗਲ ਵਿਚ ਪਹਿਲਾਂ ਵਾਹਿਗੁਰੂ ਜੀ ਨੂੰ ਧਿਆਇਆ ਗਿਆ ਹੈ, ਫਿਰ ਅਸ਼ੀਰਵਾਦਕ ਮੰਗਲ ਵਿਚ ਉਨ੍ਹਾਂ ਦੀ

ਅਪਾਰ ਸ਼ਕਤੀ 'ਸ੍ਰੀ ਭਗਉਤੀ' ਨੂੰ ਦਸ ਗੁਰੂ ਸਾਹਿਬਾਂ ਨੂੰ, ਉਪਰੰਤ ਗੁਰੂ ਗ੍ਰੰਥ ਸਾਹਿਬ ਜੀ ਨੂੰ ਤੇ ਗੁਰੂ ਪੰਥ ਨੂੰ । ਇਸ ਗੁਰੂ ਪੰਥ ਦੇ ਮੈਂਬਰ ਕੌਣ ਹਨ ? ਅਰਦਾਸ ਵਿਚ ਤਫ਼ਸੀਲ ਦਰਜ ਹੈ । ਰੋਜ਼ ਪੜ੍ਹਦੇ ਹਾਂ, ਪਰ ਵਿਚਾਰਦੇ ਨਹੀਂ । ਲਓ ਸੁਣੋ, ਗੁਰੂ ਪੰਥ ਦੇ ਮੈਂਬਰ ਉਹ ਹਨ, ਜਿਨ੍ਹਾਂ ਨਾਮ ਜਪਿਆ, ਵੰਡ ਕੇ ਛਕਿਆ, ਦੇਗ ਚਲਾਈ ਤੇਗ ਵਾਹੀ, ਵੇਖ ਕੇ ਅਣਡਿੱਠ ਕੀਤਾ, ਧਰਮ ਹੇਤ ਸੀਸ ਦਿੱਤੇ, ਭਾਣੇ ਨੂੰ ਮਿੱਠਾ ਕਰ ਕੇ ਮੰਨਿਆ, ਸਿੱਖੀ ਸਿਦਕ ਕੇਸਾਂ ਸੁਆਸਾਂ ਸੰਗ ਨਿਭਾਇਆ, ਐਸੇ ਗੁਣਾਂ ਵਾਲੇ, ਐਸੇ ਕਿਰਦਾਰ ਵਾਲੇ ਹੀ ਪੰਥ ਦੇ ਮੈਂਬਰ ਹੋ ਸਕਦੇ ਹਨ । ਮੇਰੇ ਵਰਗੇ ਥੁੜ੍ਹ ਸਿਦਕੀਏ ਨਹੀਂ । ਪੰਥ ਦੀ ਪ੍ਰਤੀਨਿਧਤਾ ਕਰਨ ਵਾਲਾ ਵੀ ਐਸੇ ਗੁਣਾਂ ਤੇ ਐਸੇ ਸਿਦਕ ਦਾ ਧਾਰਨੀ ਹੋਣਾ ਚਾਹੀਦਾ ਹੈ। ਪਰ ਕੀ ਇਹ ਪੁੱਛਣ ਦੀ ਦਲੇਰੀ ਕਰ ਸਕਦਾ ਹਾਂ ਕਿ ਸਾਡੀਆਂ ਗੁਰਦੁਆਰਾ ਕਮੇਟੀਆਂ ਵਿਚ ਕਿਤਨੇ ਸੱਜਣ ਇਨ੍ਹਾਂ ਗੁਣਾਂ ਵਾਲੇ ਹਨ ?

ਇਥੇ ਮੈਨੂੰ ਯਾਦ ਆਉਂਦਾ ਹੈ, ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਨੇ ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਕ ਵੇਰਾਂ ਕਿਹਾ, "ਕੋਸ਼ਿਸ਼ ਕਰੋ ਸ਼੍ਰੋਮਣੀ ਕਮੇਟੀ ਦੇ ਮੈਂਬਰ ਘਟੋ-ਘੱਟ ਅੰਮ੍ਰਿਤਧਾਰੀ ਤਾਂ ਹੋਣ ।" ਟੌਹੜਾ ਸਾਹਿਬ ਅੱਗੋਂ ਕਹਿਣ ਲੱਗੇ, "ਇਤਨੇ ਅੰਮ੍ਰਿਤਧਾਰੀ ਕਿਥੋਂ ਲਿਆਵਾਂਗੇ ?" ਤਦ ਸੰਤਾਂ ਆਖਿਆ "ਜੇਕਰ ਮੈਂਬਰਾਂ ਦੀ ਗਿਣਤੀ ਜਿਤਨੇ ਅੰਮ੍ਰਿਤਧਾਰੀ ਵੀ ਤੁਸੀਂ ਨਹੀਂ ਪੈਦਾ ਕਰ ਸਕਦੇ ਤਾਂ ਛੱਡੋ ਸ਼੍ਰੋਮਣੀ ਕਮੇਟੀ ਦਾ ਖਹਿੜਾ । ਇਸ ਤੋਂ ਵੱਧ ਅੰਮ੍ਰਿਤਧਾਰੀ ਤਾਂ ਮੈਂ ਇਕੱਲਾ ਤੁਹਾਨੂੰ ਦੇ ਸਕਦਾ ਹਾਂ ।"

ਦੂਸਰਾ ਪਰਿਣਾਮ ਗੁਰਦੁਆਰਾ ਅੰਦੋਲਨ ਦਾ ਇਹ ਸੀ ਕਿ ਇਹ ਚੋਣਾਂ ਸਰਕਾਰ ਕਰਵਾ ਰਹੀ ਸੀ । ਇਸ ਫੈਸਲੇ ਨੂੰ ਪ੍ਰਵਾਨ ਕਰ ਕੇ ਅਸਾਂ ਆਪਣੇ ਧਰਮ ਦਾ ਭਵਿੱਖ ਸਰਕਾਰ ਦੇ ਹੱਥ ਫੜਾ ਦਿੱਤਾ । ਸਰਕਾਰ ਚਾਹੇ ਤਾਂ ਚੋਣਾਂ ਕਰਾਏ, ਨਾ ਚਾਹੇ ਤਾਂ ਨਹੀਂ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਪਿਛਲੀਆਂ ਚੋਣਾਂ ਕਦੋਂ ਹੋਈਆਂ ਸਨ ? ਹੁਣ ਅਗਲੀਆਂ ਕਦੋਂ ਹੋਣਗੀਆਂ ? ਕੋਈ ਦੱਸ ਸਕਦਾ ਹੈ ? ਮੈਂ ਤਾਂ ਸੋਚਦਾ ਹਾਂ ਸਾਨੂੰ ਚੋਣਾਂ ਦੇ ਜੰਜਾਲ ਵਿਚੋਂ ਨਿਕਲ ਹੀ ਆਉਣਾ ਚਾਹੀਦਾ ਹੈ । ਮੈਨੂੰ ਪਤਾ ਹੈ, ਤੁਸੀਂ ਮਨਾਂ ਵਿਚ ਪੁਛ ਰਹੇ ਹੋ, "ਤਾਂ ਹੋਰ ਕੀ ਸਾਧਨ ਹੈ ?" ਬੜੇ ਸਾਧਨ ਮੌਜੂਦ ਹਨ ਜੋ ਅਪਨਾਏ ਜਾ ਸਕਦੇ ਹਨ । ਈਸਾਈ ਮਤ ਦੇ ਪ੍ਰਮੁਖ ਲੀਡਰ ਪੋਪ ਕਦੇ ਲੋਕ ਚੋਣਾਂ ਨਾਲ ਨਹੀਂ ਚੁਣੇ ਗਏ । ਸਾਡੇ ਆਪਣੇ ਇਤਿਹਾਸ ਵਿਚ ਵੀ ਧਾਰਮਿਕ ਆਗੂ ਚੁਣਨ ਦੇ ਕੀ ਸਾਧਨ ਵਰਤੋਂ ਵਿਚ ਲਿਆਂਦੇ ਗਏ । ਇਸ ਪਾਸੇ ਸੋਚੀਏ ਤਾਂ ਉਚਿੱਤ ਸਾਧਨ ਅਪ੍ਰਾਪਤ ਨਹੀਂ ਦਿਸਣਗੇ ।

ਤੀਜਾ ਪਰਿਣਾਮ ਜਿਸ ਦਾ ਉਪਰ ਅਸਾਂ ਜ਼ਿਕਰ ਕੀਤਾ ਹੈ, ਉਹ ਇਹ ਸੀ ਕਿ ਮਹੰਤਾਂ ਪਾਸੋਂ ਗੁਰਦੁਆਰਿਆਂ ਨੂੰ ਆਜ਼ਾਦ ਕਰਾਉਣ ਵਾਲੀ ਜਥੇਬੰਦੀ, ਸ਼੍ਰੋਮਣੀ ਅਕਾਲੀ ਦਲ ਨੂੰ ਹੀ ਗੁਰਦੁਆਰਿਆਂ ਦਾ ਪ੍ਰਬੰਧ ਸੰਭਾਲਣ ਦਾ ਅਧਿਕਾਰੀ ਸਮਝਿਆ ਜਾਵੇ । ਸੰਗਤਾਂ ਨੇ ਸਮਝਿਆ ਵੀ । ਸ਼ੁਰੂ ਤੋਂ ਹੁਣ ਤੱਕ ਪ੍ਰਬੰਧ ਅਕਾਲੀ ਦਲ ਦੇ ਹੱਥ ਹੀ ਰਿਹਾ । ਪਰ ਅਕਾਲੀ ਦਲ ਨੇ ਗੁਰਦੁਆਰਿਆਂ ਦਾ ਕੀ ਬਣਾਇਆ ? ਮੈਨੂੰ ਖਿਮਾ ਕਰ ਦੇਣਾ ਇਹ ਸੱਚ ਕਹਿਣ ਲਈ ਕਿ ਅੱਜ ਸਾਡੇ ਗੁਰਦੁਆਰੇ ਫਿਰ ਭ੍ਰਿਸ਼ਟਾਚਾਰ ਦਾ ਕੇਂਦਰ ਹੋ ਗਏ ਹਨ । ਕੁਝ ਸਮਾਂ ਹੋ ਗਿਆ ਹੈ, ਮੈਂ ਆਪਣੇ ਇਕ ਵਿਦੇਸ਼ੀ ਮਿੱਤਰ ਨੂੰ ਆਪਣੇ ਨਾਲ ਗੁਰਦੁਆਰੇ ਲੈ ਗਿਆ। ਉਥੇ ਪਈ ਗੋਲਕ ਵਲ ਉਹ ਇਸ਼ਾਰਾ ਕਰਕੇ ਪੁੱਛਣ ਲਗਾ, "ਇਸ ਨੂੰ ਦੋ ਦੋ ਤਾਲੇ ਲਾਏ

ਹੋਏ ਹਨ, ਇਹ ਕਿਉਂ? ਕੀ ਇਥੇ ਰੱਬ ਦੇ ਘਰ ਵਿਚ ਵੀ ਚੋਰ ਆਉਂਦੇ ਹਨ ?" ਮੈਂ ਸ਼ਰਮ ਨਾਲ ਪਾਣੀ ਪਾਣੀ ਹੋ ਗਿਆ । ਇਹ ਤਾਲੇ ਲਾ ਕੇ ਕੀ ਅਸੀਂ ਆਪਣੇ ਚੋਰ ਹੋਣ ਦਾ ਐਲਾਨ ਨਹੀਂ ਕਰ ਰਹੇ । ਖਿਮਾ ਕਰਨਾ ਅੱਜ ਗੁਰਦੁਆਰਿਆਂ ਨੂੰ ਵੀ ਮਾਇਆ ਵਾਪਰ ਗਈ ਹੈ। ਭਾਈ ਗੁਰਦਾਸ ਜੀ ਨੇ ਕਿਹਾ ਸੀ :

ਮਾਇਆ ਡਰ ਡਰਪਤ ਹਾਰਿ ਗੁਰਦੁਆਰੇ ਜਾਵੈ
ਤਹਾਂ ਜਉ ਮਾਇਆ ਵਿਆਪੈ ਕਹਾਂ ਠਹਿਰਾਈਐ ।

ਜਦੋਂ ਗੁਰਦੁਆਰਾ ਲਹਿਰ ਦੇ ਪਰਿਣਾਮ ਸਰੂਪ ਸ਼੍ਰੋਮਣੀ ਕਮੇਟੀ ਦਾ ਬਣਨਾ ਸਵੀਕਾਰ ਹੋ ਗਿਆ ਤੇ ਗੁਰਦੁਆਰਿਆਂ ਦੀਆਂ ਚਾਬੀਆਂ ਪੰਜਾਂ ਸਿੰਘਾਂ ਦੇ ਸਪੁਰਦ ਕੀਤੀਆਂ ਗਈਆਂ ਤਾਂ ਉਨ੍ਹਾਂ ਪੰਜਾਂ ਵਿਚੋਂ ਇਕ ਨੇ ਉਦੋਂ ਹੀ ਆਖ ਦਿੱਤਾ ਸੀ, "ਇਨ੍ਹਾਂ ਮਹੰਤਾਂ ਨੂੰ ਤਾਂ ਅਸਾਂ ਉਤਾਰ ਲਿਆ ਏ, ਪਰ ਜਿਨ੍ਹਾਂ ਨੂੰ ਹੁਣ ਬਣਾਉਣ ਲਗੇ ਹਾਂ, ਉਹ ਕਿਸੇ ਕੋਲੋਂ ਲਥਣੇ ਨਹੀਂ।" ਕਿਤਨਾ ਸੱਚ ਸੀ ਕਿ ਉਸ ਕਥਨ ਵਿਚ ! ਅੱਜ ਫਿਰ ਨਵੇਂ ਸਿਰੇ ਗੁਰਦੁਆਰਾ ਸੁਧਾਰ ਦੀ ਲੋੜ ਪ੍ਰਤੀਤ ਹੋ ਰਹੀ ਹੈ । ਗੁਰਦੁਆਰਾ ਸੁਧਾਰ ਦੀ ਹੀ ਕਿਉਂ, ਸਮੁੱਚੇ ਪੰਥ ਦੇ ਨਵਜਾਗ੍ਰਿਤ ਲਹਿਰ ਦੀ ਲੋੜ ਹੈ ।

ਗੁਰਦੁਆਰੇ ਸਿੱਖੀ ਚਲਨ ਦੀ ਟਕਸਾਲ ਸਨ । ਕੌਮੀ ਜੀਵਨ ਦੇ ਦੁਰਗ (ਕਿਲ੍ਹੇ) ਸਨ। ਪੰਥਕ ਆਕਾਂਖਿਆਵਾਂ ਦੇ ਪ੍ਰੇਰਣਾ ਸ੍ਰੋਤ ਸਨ । ਅਸਾਂ ਇਨ੍ਹਾਂ ਦੀ ਸਾਖ ਖ਼ਰਾਬ ਕਰ ਦਿੱਤੀ ਹੈ । ਅੱਜ ਅਸਾਂ ਆਪਣੇ ਧਰਮ ਅਸਥਾਨਾਂ ਨੂੰ ਆਪੇ ਭ੍ਰਿਸ਼ਟ ਕਰ ਦਿੱਤਾ ਹੈ । ਜਦੋਂ ਧਰਮ ਅਸਥਾਨ ਭ੍ਰਿਸ਼ਟ ਹੋ ਜਾਣ ਤਾਂ ਕੌਮਾਂ ਉਜੜ ਜਾਂਦੀਆਂ ਹਨ :

ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 662)

ਗੁਰਦੁਆਰਿਆਂ ਦੀ ਇਜ਼ਤ ਬਹਾਲ ਕਰਨੀ ਤਾਂ ਸਾਡਾ ਆਪਣਾ ਕੰਮ ਹੈ । ਇਹ ਤਾਂ ਸਰਕਾਰ ਨੇ ਨਹੀਂ ਕਰਨਾ । ਜਿਨ੍ਹਾਂ ਚਿਰ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਤੇ ਗੁਰਧਾਮਾਂ ਦੇ ਗ੍ਰੰਥੀ ਸਾਹਿਬਾਨ (ਜੋ ਸਤਿਗੁਰਾਂ ਦੇ ਵਜ਼ੀਰ ਦਾ ਦਰਜਾ ਰੱਖਦੇ ਹਨ) ਗੁਰਦੁਆਰਾ ਕਮੇਟੀਆਂ ਦੇ ਮੁਲਾਜ਼ਮ ਸਮਝੇ ਜਾਂਦੇ ਰਹਿਣਗੇ, ਓਨਾ ਚਿਰ ਧਰਮ ਨੂੰ ਗਲੀਆਂ ਵਿਚ ਘੜੀਸਿਆ ਜਾਵੇਗਾ ।

ਧਰਮ ਨੂੰ ਅਸਾਂ ਰਾਜਨੀਤੀ ਦੇ ਅਧੀਨ ਕਰ ਛੱਡਿਆ ਹੈ । ਸਾਡੇ ਰਾਜਨੀਤਕ ਆਗੂ ਸਦਾ ਇਹ ਦੱਸਦੇ ਆਏ ਹਨ ਕਿ ਸਿੱਖੀ ਵਿਚ ਧਰਮ ਤੇ ਰਾਜਨੀਤੀ ਇਕੱਠੇ ਹਨ । ਕਦੇ ਉਨ੍ਹਾਂ ਇਹ ਵੀ ਸੋਚਿਆ ਹੈ ਕਿ ਪੀਰੀ ਦਾ ਨਿਸ਼ਾਨ ਸਾਹਿਬ ਮੀਰੀ ਦੇ ਨਿਸ਼ਾਨ ਸਾਹਿਬ ਤੋਂ ਉੱਚਾ ਰੱਖਣ ਦਾ ਕਿਉਂ ਵਿਧਾਨ ਹੈ ? ਇਹ ਵੀ ਵਿਚਾਰਿਆ ਕਿ ਪੀਰੀ ਦਾ ਕੇਂਦਰ (ਹਰਿਮੰਦਰ ਸਾਹਿਬ) ਪਹਿਲਾਂ ਸਥਾਪਨ ਕੀਤਾ ਗਿਆ ਤੇ ਮੀਰੀ ਦਾ ਕੇਂਦਰ (ਅਕਾਲ ਤਖਤ ਸਾਹਿਬ) ਬਾਅਦ ਵਿਚ ? ਸਾਨੂੰ ਭਗਤੀ ਪਹਿਲਾਂ ਦ੍ਰਿੜ੍ਹ ਕਰਵਾਈ ਗਈ ਸੀ, ਸ਼ਕਤੀ ਮਗਰੋਂ । ਖ਼ਾਲਸਾ ਸੰਤ ਪਹਿਲੋਂ ਹੈ, ਸਿਪਾਹੀ ਮਗਰੋਂ ਹੈ । ਜੇਕਰ ਉਹ ਪਹਿਲਾਂ ਸੰਤ ਨਹੀਂ ਤਾਂ ਨਿਰਭਉ ਨਹੀਂ ਹੋ ਸਕਦਾ, ਅਖੜ ਹੋ ਸਕਦਾ ਹੈ, ਨਿਰਵੈਰ ਨਹੀਂ ਹੋ ਸਕਦਾ, ਜ਼ਾਲਮ ਹੋ ਸਕਦਾ ਹੈ, ਨਿਆਂਕਾਰ ਨਹੀਂ ਹੋ ਸਕਦਾ, ਅਨਿਆਂਈ ਹੋ ਸਕਦਾ ਹੈ ਤੇ ਐਸਾ ਸਿਪਾਹੀ ਸਿੱਖ ਦਰਸ਼ਨ ਵਿਚ ਨਿੰਦਿਤ ਹੈ ।

ਸੱਚ ਜਾਣੋ, ਅੱਜ ਸਾਡੇ ਪਾਸ ਕੇਵਲ ਇਕੋ ਰਾਹ ਹੈ । ਸਿਆਸਤ ਨੂੰ ਕੁਝ ਚਿਰ ਲਈ ਮੁਲਤਵੀ ਕਰ ਦੇਈਏ ਤੇ ਧਰਮ ਤੇ ਆਚਰਣ ਦੇ ਪੁਨਰ ਨਿਰਮਾਣ ਦੀ ਲਹਿਰ ਚਲਾ ਦੇਈਏ। ਸਿਆਸਤ ਵਿਚੋਂ ਏਕਤਾ ਨਹੀਂ ਨਿਕਲਣੀ । ਏਕਤਾ ਤਾਂ ਧਰਮ ਵਿਚੋਂ ਹੀ ਪ੍ਰਾਪਤ ਹੋਣੀ ਹੈ।

ਸਿਆਸੀ ਆਪੋ ਧਾਪੀ ਵਿਚੋਂ ਤਾਂ ਬੇਇਤਫਾਕੀ ਹੀ ਨਿਕਲਦੀ ਹੈ ਜੋ ਅੱਜ ਪ੍ਰਤੱਖ ਹੈ ।

ਮੈਨੂੰ ਅਹਿਸਾਸ ਹੈ, ਸਿਆਸਤ ਮੁਲਤਵੀ ਕਰਨ ਦੇ ਸੁਝਾਉ ਨਾਲ ਕੋਈ ਭਵਾਂ ਉੱਚੀਆਂ ਹੋ ਗਈਆਂ ਹੋਣਗੀਆਂ । ਪਰ ਮੈਨੂੰ ਵਿਸ਼ਵਾਸ ਹੈ, ਸਿਆਸਤ ਮੁਲਤਵੀ ਕਰਨ ਨਾਲ ਕੁਝ ਨਹੀਂ ਵਿਗੜਨਾ । ਹੁਣ ਵੀ ਇਸ ਵਿਚੋਂ ਕੀ ਨਿਕਲ ਰਿਹਾ ਹੈ ? ਕੌਮਾਂ ਦੀ ਜ਼ਿੰਦਗੀ ਵਿਚ ਸਿਆਸਤ ਦੇ ਪੱਖੋਂ ਵਰ੍ਹਿਆਂ, ਦਹਾਕਿਆਂ ਤੇ ਕਈ ਵਾਰ ਸਦੀਆਂ ਦੀ ਵੀ ਕੋਈ ਅਹਿਮੀਅਤ ਨਹੀਂ ਹੁੰਦੀ । ਮੌਕੇ ਮੁੜ ਮੁੜ ਆਉਂਦੇ ਹਨ । ਪਰ ਆਚਰਣਕ ਤੇ ਅਧਿਆਤਮਕ ਮਾਮਲੇ ਵਿਚ ਢਿਲ ਆਤਮ-ਘਾਤ ਵਰਗੀ ਹੁੰਦੀ ਹੈ । ਇਸ ਵੇਲੇ ਐਸੇ ਹੀ, "ਹੁਣੇ, ਜਾਂ ਫਿਰ ਕਦੇ ਨਹੀਂ" ਵਾਲਾ ਸਮਾਂ ਹੈ ।

ਇਸ ਕਾਰਜ ਲਈ ਕਿਸੇ ਉਚੇਚੇ ਲੀਡਰ ਦੀ ਲੋੜ ਨਹੀਂ । ਸਿੱਧੀ ਗੁਰੂ ਪਾਸੋਂ ਅਗਵਾਈ ਲਈਏ । ਆਪਣੇ ਆਪ ਨੂੰ ਗੁਰੂ ਦੇ ਹਵਾਲੇ ਕਰ ਦੇਈਏ । ਆਪਣੀ ਜ਼ਿੰਦਗੀ ਨੂੰ ਗੁਰੂ ਦੇ ਦਿੱਤੇ ਆਦਰਸ਼ਾਂ ਤੋਂ ਲਾਂਭੇ ਨਾ ਭਟਕਣ ਦੇਈਏ ।

ਆਪਣੇ ਬੱਚਿਆਂ ਨੂੰ ਸੰਭਾਲੀਏ । ਉਹ ਪੰਥ ਦਾ ਭਵਿੱਖ ਹਨ । ਉਨ੍ਹਾਂ ਨੂੰ ਆਪਣੇ ਕਲਚਰ ਤੇ ਆਪਣੀ ਪਰੰਪਰਾ ਦੀ ਜਾਣਕਾਰੀ ਦੇਣ ਦਾ ਪ੍ਰਬੰਧ ਕਰੀਏ । ਉਨ੍ਹਾਂ ਨੂੰ ਪੰਜਾਬੀ ਪੜ੍ਹਾਈਏ । ਗੁਰਬਾਣੀ ਦੇ ਚਰਨੀ ਲਾਈਏ । ਗੁਰਬਾਣੀ ਦੇ ਅਰਥ ਸਿਖਾਉਣ ਦਾ ਬੰਦੋਬਸਤ ਕਰੀਏ । ਸਿੱਖ ਇਤਿਹਾਸ ਦੇ ਗੌਰਵ ਨਾਲ ਉਨ੍ਹਾਂ ਨੂੰ ਜਾਣੂ ਕਰਵਾਈਏ । ਉਨ੍ਹਾਂ ਨੂੰ ਵੱਧ ਤੋਂ ਵੱਧ ਵਿਦਿਆ ਪ੍ਰਾਪਤ ਕਰਨ ਦਾ ਉਤਸ਼ਾਹ ਦੇਈਏ ਤਾਂ ਜੋ ਉਹ ਏਡੇ ਵਿਦਵਾਨ ਹੋਣ ਕਿ ਵਿਤਕਰੇ ਦੇ ਬਾਵਜੂਦ ਅਗਾਂਹ ਵੱਧ ਸਕਣ । ਕੇਵਲ ਇਕੋ ਥਾਂ ਦੀ ਝਾਕ ਨਾ ਰੱਖੋ। ਉਹ ਸਾਰੇ ਸੰਸਾਰ ਵਿਚ ਨਾਮਣਾ ਖੱਟ ਸਕਦੇ ਹਨ । ਇਸ ਜੋਗਾ ਉਨ੍ਹਾਂ ਨੂੰ ਕਰੋ ।

ਇਹ ਦੋ ਕੰਮ ਯਹੂਦੀਆਂ ਨੇ ਕੀਤੇ ਸਨ ! ਦੋ ਹਜ਼ਾਰ ਸਾਲ ਉਹ ਸੰਸਾਰ ਭਰ ਵਿਚ ਮਾਰ ਖਾਂਦੇ ਰਹੇ । ਹਰ ਪਾਸਿਓਂ ਉਨ੍ਹਾਂ ਨੂੰ ਬਦਨਾਮ ਕੀਤਾ ਗਿਆ । ਉਨ੍ਹਾਂ ਉੱਤੇ ਅਸਹਿ ਤੇ ਅਕਹਿ ਜ਼ੁਲਮ ਢਾਹੇ ਗਏ । ਉਨ੍ਹਾਂ ਇਹੋ ਦੋ ਫੈਸਲੇ ਕੀਤੇ ਕਿ ਉਹ ਆਪਣੇ ਕਲਚਰ ਆਪਣੇ ਬੱਚਿਆਂ ਤੱਕ ਜ਼ਰੂਰ ਪੁਚਾਉਣਗੇ ਤੇ ਆਪਣੇ ਬੱਚਿਆਂ ਨੂੰ ਉੱਚੀ ਤੋਂ ਉੱਚੀ ਤਾਲੀਮ ਦੇਣਗੇ । ਇਨ੍ਹਾਂ ਫੈਸਲਿਆਂ ਸਦਕਾ ਅੱਜ ਉਹ ਸੰਸਾਰ ਭਰ ਵਿਚ ਸਨਮਾਨ ਦਾ ਅਸਥਾਨ ਪ੍ਰਾਪਤ ਕਰੀ ਬੈਠੇ ਹਨ । ਅਸੀਂ ਵੀ ਜੇ ਇਸ ਪਾਸੇ ਜੁੱਟ ਜਾਈਏ ਤਾਂ ਜ਼ਰੂਰੀ ਸਫਲਤਾ ਪ੍ਰਾਪਤ ਕਰ ਸਕਦੇ ਹਾਂ ।

ਆਓ ਅੱਜ ਅਸੀਂ ਸਾਰੇ ਇਹ ਪ੍ਰਣ ਲਈਏ ਕਿ ਆਪਣੇ ਆਪ ਨੂੰ ਸੰਵਾਰਨ ਦੇ ਕੰਮ ਵਿਚ ਲੱਗ ਜਾਵਾਂਗੇ । ਕੋਈ ਐਸਾ ਕੰਮ ਨਹੀਂ ਕਰਾਂਗੇ, ਜਿਸ ਨਾਲ ਪੰਥ ਦੇ ਵਕਾਰ ਨੂੰ ਧੱਕਾ ਲੱਗੇ । ਆਪਣੇ ਕਿਸੇ ਹਿੱਤ ਤੋਂ ਪੰਥ ਦੇ ਸਮੂਹਿਕ ਹਿੱਤ ਨੂੰ ਕੁਰਬਾਨ ਨਹੀਂ ਕਰਾਂਗੇ। ਆਪਣੇ ਬੱਚਿਆਂ ਨੂੰ ਸੰਭਾਲਾਂਗੇ, ਉਨ੍ਹਾਂ ਨੂੰ ਗੁਰੂ ਜੋਗਾ ਵੀ ਕਰਾਂਗੇ ਤੇ ਸੰਸਾਰ ਵਿਚ ਉਪਰ ਉਠਣ ਜੋਗਾ ਵੀ, ਜਿਸ ਨਾਲ ਪੰਥ ਦਾ ਨਾਮ ਰੋਸ਼ਨ ਹੋ ਸਕੇ ।

ਜੇਕਰ ਅਸੀਂ ਆਪਾ ਸੁਆਰਨ ਦੇ ਕਾਰਜ ਦੀ ਲਹਿਰ ਤੋਰ ਦੇਈਏ ਤਾਂ ਸਾਨੂੰ ਮੁੜ ਸਤਿਗੁਰੂ ਦੀ ਵਡਮੁੱਲੀ ਪ੍ਰਤੀਤ ਪ੍ਰਾਪਤ ਹੋ ਜਾਵੇਗੀ, ਕਿਉਂ ਸਾਨੂੰ ਬਚਨ ਦਿੱਤਾ ਗਿਆ ਹੈ ।

ਆਪੁ ਸਵਾਰਹਿ ਮੈ ਮਿਲਹਿ ਮੈਂ ਮਿਲਿਆ ਸੁਖੁ ਹੋਇ ॥
ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥

ਸਲੋਕ ਫਰੀਦ : ਪੰਨਾ 1382

***

ਹੁਣ ਬਦਲ ਗਈ ਹੈ ਤੇ ਨਵੀਂ ਸਚਾਈ ਨਵੀਨ ਗਿਆਨ ਦਾ ਹਿੱਸਾ ਬਣ ਗਈ । ਨੀਊਟਨ (1642-1727 ਈ: ) ਜੋ ਇਕ ਪ੍ਰਸਿਧ ਭੌਤਿਕ-ਵਿਗਿਆਨੀ, ਤਾਰਾ ਵਿਗਿਆਨੀ ਅਤੇ ਗਣਿਤ-ਸ਼ਾਸ਼ਤਰੀ ਹੋਇਆ ਹੈ, ਦਾ ਅੱਜ ਤੋਂ ਤਿੰਨ ਸੌ ਸਾਲ ਪਹਿਲਾਂ ਇਹ ਵਿਚਾਰ ਸੀ ਕਿ ਇਹ ਧਰਤੀ ਜਿਸ ਉੱਤੇ ਅਸੀਂ ਰਹਿ ਰਹੇ ਹਾਂ ਕੇਵਲ 4004 ਪੂਰਬ-ਈਸਵੀ ਦੌਰਾਨ ਹੋਂਦ ਵਿਚ ਆਈ ਸੀ । ਇਸ ਦਾ ਅਰਥ ਇਹ ਹੋਇਆ ਕਿ ਨੀਊਟਨ ਅਨੁਸਾਰ ਸਾਡੀ ਧਰਤੀ ਦੀ ਉਮਰ ਸੰਨ 1996 ਈ: ਵਿਚ ਕੇਵਲ ਛੇ ਹਜ਼ਾਰ ਸਾਲ ਬਣਦੀ ਹੈ । ਪਰ ਨੀਊਟਨ ਤੋਂ ਬਾਅਦ ਵਿਗਿਆਨੀਆਂ ਦਾ ਇਹ ਮੱਤ ਬਣਿਆ ਕਿ ਸਾਡੀ ਧਰਤੀ ਕੁਝ ਲੱਖ ਸਾਲ ਪੁਰਾਣੀ ਹੈ । ਪਿਛਲੀ ਸਦੀ ਦੇ ਵਿਗਿਆਨੀ ਕਹਿੰਦੇ ਸਨ ਕਿ ਨਹੀਂ, ਇਹ ਕੁਝ ਕਰੋੜ ਸਾਲ ਪੁਰਾਣੀ ਹੈ । (ਅਜੇ, ਮਾਰਚ 1996 ਤੱਕ, ਖਗੋਲ-ਸ਼ਾਸਤਰੀਆ ਦਾ ਵਿਚਾਰ ਸੀ ਕਿ ਧਰਤੀ ਸਮੇਤ ਇਹ ਬ੍ਰਹਿਮੰਡ ਅੱਠ ਅਰਬ ਸਾਲ ਪੁਰਾਣਾ ਹੈ, ਪਰ 9 ਮਾਰਚ 1996 ਈ: ਨੂੰ ਬੀ. ਬੀ. ਸੀ. ਦੇ ਵਿਗਿਆਨ ਕਾਰਜ-ਕਰਮ ਵਿਚ ਅਮਰੀਕੀ ਵਿਗਿਆਨੀਆਂ ਦੇ ਹਵਾਲੇ ਨਾਲ ਦੱਸਿਆ ਗਿਆ ਕਿ ਬ੍ਰਹਿਮੰਡ ਪੰਦਰਾਂ ਅਰਬ ਸਾਲ ਦਾ ਹੈ )

ਇਸ ਦਾ ਅਰਥ ਇਹ ਹੋਇਆ ਕਿ ਕਿਸੇ ਸੰਬੰਧਿਤ ਸੱਚ ਨੂੰ ਪੇਸ਼ ਕਰਨ ਲਈ ਵੀ ਵਿਗਿਆਨੀਆਂ ਨੂੰ ਸਮੇਂ ਸਮੇਂ ਆਪਣੀਆਂ ਧਾਰਨਾਵਾਂ ਬਦਲਣੀਆਂ ਪੈਂਦੀਆਂ ਹਨ । ਜਿਸ ਤੱਥ ਨੂੰ ਵੀ ਉਹ ਅੱਜ ਦਾ ਸੱਚ ਕਹਿੰਦੇ ਹਨ , ਕਲ੍ਹ ਜਾਂ ਕੁਝ ਸਮਾਂ ਬਾਅਦ ਉਹ ਸੱਚ ਵੀ ਝੂਠਾ ਅਤੇ ਗਲਤ ਸਿਧ ਹੋ ਸਕਦਾ ਹੈ । ਇਸੇ ਕਰਕੇ ਮਨੁੱਖੀ ਗਿਆਨ ਜਾਂ ਵਿਗਿਆਨ ਸਦਾ ਹੀ ਅਧੂਰਾ ਅਤੇ ਸੰਬੰਧਿਤ ਸੱਚ ਹੁੰਦਾ ਹੈ, ਜਿਸ ਦੇ ਮੁਕਾਬਲੇ ਉੱਤੇ 'ਧਰਮ' ਜਾਂ ਤੱਤਾਂ ਦਾ ਗੁਣ-ਧਰਮ', ਅਰਥਾਤ ਹਰੇਕ ਪ੍ਰਕਿਰਤਕ ਫਿਨੌਮਨੇ ਦੀ ਧਾਰਨਾ ਜਾਂ ਉਸ ਦਾ 'ਧਰਮ' ਇਕ ਸਦੀਵੀਂ-ਸਚੁ ਜਾਂ ਆਦਿ-ਸਚੁ ਹੈ । ਵਿਗਿਆਨੀ ਨੀਊਟਨ ਤੋਂ ਵੀ ਦੋ ਸੌ ਸਾਲ ਪਹਿਲਾਂ ਹੋਏ ਗੁਰੂ ਨਾਨਕ ਦੇਵ ਨੇ ਕਿਹਾ ਸੀ ਕਿ ਅੱਜ ਤੱਕ ਕੋਈ ਗਿਣਤੀ ਜਾਂ ਹਿਸਾਬ ਵੀ ਬ੍ਰਹਿਮੰਡ ਦੀ ਰਚਨਾ ਬਾਰੇ ਸਹੀ ਪਤਾ ਨਹੀਂ ਦੱਸ ਸਕਿਆ :

1. ਅਰਬਦ ਨਰਬਦ ਧੁੰਧੂਕਾਰਾ.... (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ : 1035)
2. ਅੰਤੁ ਨ ਜਾਪੈ ਕੀਤਾ ਆਕਾਰੁ ॥ ਅੰਤੁ ਨ ਜਾਪੈ ਪਾਰਾਵਾਰੁ ॥
ਅੰਤੁ ਕਾਰਣਿ ਕੇਤੇ ਬਿਲਲਾਹਿ ॥ ਤਾ ਕੇ ਅੰਤ ਨ ਪਾਏ ਜਾਹਿ ॥ (ਜਪੁ ਜੀ : 24)

ਅਰਬਦ ਦਾ ਅਰਥ ਹੈ ਅਰਬਾਂ ਵਿਚ ਤੇ ਨਰਬਦ ਦਾ ਅਰਥ ਹੈ ਅਰਬਾਂ ਵਿਚ ਵੀ ਨਹੀਂ । ਗੁਰੂ ਨਾਨਕ ਦੇਵ ਜੀ ਅਰਬਦ ਲਿਖ ਕੇ ਉਸ ਨੂੰ ਨਾਕਾਰ ਗਏ ਤੇ ਕਿਹਾ ਨਰਬਦ-ਅਰਬਾਂ ਵਿਚ ਵੀ ਨਹੀਂ । ਅਰਥਾਤ ਕਿ ਅਰਬਾਂ ਤੋਂ ਵੀ ਉੱਪਰ ਸਮੇਂ ਤੱਕ ਇਥੇ ਧੁੰਦ ਹੀ ਧੁੰਦ ਸੀ । ਪੁਰਾਨਾਂ ਅਨੁਸਾਰ ਇਕ ਮਹਾਂਯੁਗ 43 ਲੱਖ, 20 ਹਜ਼ਾਰ (4320000) ਸਾਲ ਦਾ ਹੁੰਦਾ ਹੈ । ਅਜਿਹੇ 71 ਮਹਾਂਯੁਗਾਂ ਦਾ ਇਕ ਮਨੰਤਰ ਤੀਹ ਕਰੋੜ ਸਤਾਟ ਲੱਖ ਵੀਹ ਹਜ਼ਾਰ ਸਾਲ ਦਾ ਬਣਦਾ ਹੈ । ਅਜਿਹੇ 28 ਮਨੰਤਰਾਂ ਦੀ ਇਕ ਆਹੋਰਾਤਮ (ਕਲਪ) ਅੱਠ ਅਰਬ, 64 ਕਰੋੜ ਸਾਲ ਦੀ ਹੈ । ਇਸ ਤੋਂ ਵੀ ਅੱਗੇ, ਕਿਉਂਕਿ ਸ੍ਰਿਸ਼ਟੀ ਉੱਤੇ ਪਰਲੋ ਦਾ ਕਰਮ ਚੱਕਰ ਅਠਾਰਾਂ ਹਜ਼ਾਰ ਵਾਰ ਚੱਲ ਚੁੱਕਾ ਹੈ । ਇਸ ਲਈ ਇਕ ਕਲਪ ਨੂੰ ਅਠਾਰਾਂ ਹਜ਼ਾਰ ਦਾ ਗੁਣਾਂ ਕਰਿਆਂ ਜੋ ਗਿਣਤੀ ਬਣਦੀ ਹੈ, ਉਹ ਬ੍ਰਹਮਾ ਦੀ ਉਮਰ ਦਾ ਕੇਵਲ ਇਕ ਸਾਲ ਹੀ ਹੁੰਦਾ ਹੈ, ਜਦ ਕਿ ਬ੍ਰਹਮਾ ਦੀ ਉਮਰ ਇਸ ਤੋਂ ਵੀ ਵਡੇਰੀ ਗਿਣਤੀ ਵਿਚ ਯਾਨੀ ਸੌ ਸਾਲ ਹੈ । ਇਤਨੇ ਗੁਣਾਂ ਦੇ ਨਾਲ ਜੋ ਗਿਣਤੀ ਬਣੇਗੀ ਉਸ ਦੇ ਹਿੰਦਸਿਆਂ

ਲਈ ਸਾਡੇ ਪਾਸ ਕੋਈ ਵੱਖਰੀ ਹੀ ਵਿਧੀ ਚਾਹੀਦੀ ਹੈ । ਇਸੇ ਲਈ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ :

ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ॥
ਥਿਤਿ ਵਾਰੁ ਨ ਜੋਗੀ ਜਾਣੈ ਰੁਤਿ ਮਾਹੁ ਨ ਕੋਈ ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥ (ਜਪੁਜੀ : 21)

ਨੀਊਟਨ ਨੂੰ ਮਰੇ ਅਜੇ ਦੋ ਸਾਲ ਵੀ ਨਹੀਂ ਸੀ ਹੋਇਆ ਕਿ ਧਰਤੀ ਦੇ ਹੋਂਦ ਵਿਚ ਆਉਣ ਬਾਰੇ ਵਿਗਿਆਨੀਆਂ ਨੇ ਉਸ ਦੇ ਵਿਚਾਰ ਨੂੰ ਨਾਕਾਰ ਦਿੱਤਾ । ਆਈਨ ਸਟਾਈਨ ਨੂੰ ਮਰੇ ਅਜੇ ਪੰਜਾਹ ਸਾਲ ਵੀ ਨਹੀਂ ਹੋਏ ਕਿ ਵਿਗਿਆਨਕ ਖੋਜ ਉਸ ਦੇ ਸਿਧਾਂਤਾਂ ਤੋਂ ਵੀ ਅਗਾਂਹ ਨਿਕਲ ਗਈ ਹੈ । ਇਸ ਹਾਲਤ ਵਿਚ ਅਜੋਕੇ ਗਿਆਨ ਵਿਗਿਆਨ ਨੂੰ ਕਿਸ ਤਰ੍ਹਾਂ ਇਕ ਅੰਤਮ ਸੱਚ ਮੰਨਿਆ ਜਾ ਸਕਦਾ ਹੈ?

ਸਭ ਤੋਂ ਵੱਡਾ ਮਾਰਕਸਵਾਦੀ ਤੇ ਮਾਰਕਸ ਦਾ ਨਿੱਜੀ ਦੋਸਤ ਏਂਗਲਜ ਈਸਾਈ ਧਰਮ ਬਾਰੇ ਕਹਿੰਦਾ ਹੈ :

"ਅਠਾਰਵੀਂ ਸਦੀ ਦੇ ਅੰਤ ਤੱਕ ਜੋ ਇਹ ਵਿਚਾਰ ਚਲਿਆ ਆ ਰਿਹਾ ਸੀ ਕਿ ਸਾਰੇ ਹੀ ਧਰਮ, ਈਸਾਈਅਤ ਸਮੇਤ, ਧੋਖੇਬਾਜਾਂ ਦੀ ਕਾਢ ਹਨ, ਇਹ ਗਲਤ ਹੈ ਜਦੋਂ ਦਾ ਹੀਗਲ ਨੇ ਦਰਸ਼ਨ ਸ਼ਾਸ਼ਤਰ ਨੂੰ ਇਹ ਕੰਮ ਸੌਂਪਿਆ ਹੈ ਕਿ ਵਿਸ਼ਵ ਇਤਿਹਾਸ ਦੇ ਤਾਰਕਿਕ ਵਿਕਾਸ ਦੀ ਵਿਆਖਿਆ ਕੀਤੀ ਜਾਵੇ, ਧਰਮਾਂ ਦੀ ਨੀਂਹ ਉਹ ਲੋਕ ਰੱਖਦੇ ਹਨ, ਜਿਨ੍ਹਾਂ ਨੂੰ ਆਪ ਵੀ ਉਸ ਧਰਮ ਦੀ ਲੋੜ ਹੁੰਦੀ ਹੈ ਤੇ ਜਨਤਾ ਦੀ ਧਾਰਮਿਕ ਲੋੜ ਦਾ ਵੀ ਪੂਰਾ ਅਹਿਸਾਸ ਹੁੰਦਾ ਹੈ, ਜਦ ਪੁਰਾਣੇ ਦੇਵਤੇ ਆਪਣੀ ਕੌਮ ਦੀ ਆਜ਼ਾਦੀ ਦੀ ਰਾਖੀ ਨਾ ਕਰ ਸਕੇ, ਤਦ ਉਹ ਆਪਣੀ ਮੌਤ ਮਰ ਗਏ । ਲੋਕਾਂ ਨੂੰ ਆਤਮਿਕ ਮੁਕਤੀ ਦੀ ਲੋੜ ਸੀ । ਕਿਸੇ ਨਵੇਂ ਧਰਮ ਦੀ ਲੋੜ ਸੀ, ਪੁਰਾਣਾ ਧਰਮ ਗਿਆ-ਬੀਤਿਆ ਹੋ ਚੁੱਕਾ ਸੀ । ਅਜਿਹੇ ਆਰਥਿਕ, ਰਾਜਸੀ ਬੌਧਿਕ ਤੇ ਨੈਤਿਕ ਪਤਨ ਦੇ ਸਮੇਂ ਈਸਾਈਅਤ ਹੋਂਦ ਵਿਚ ਆਈ ਇਹ ਸਾਰੇ ਪਿਛਲੇ ਧਰਮਾਂ ਦਾ ਇਕ ਜ਼ੋਰਦਾਰ ਪ੍ਰਤੀਰੂਪ ਸੀ ।

ਇਸ ਅਨੁਸਾਰ ਨਵਾਂ ਧਰਮ ਜਿੱਥੇ ਕਿਤੇ ਤੇ ਜਦੋਂ ਵੀ ਉਠਿਆ; ਉਹ ਪ੍ਰਸੰਗਿਕ ਹੀ ਸੀ । ਇਸ ਲਈ ਏਂਗਲਜ਼ ਨੇ ਉਸ ਵਿਚਾਰ ਦਾ ਵਿਰੋਧ ਕੀਤਾ ਜਿਸ ਅਨੁਸਾਰ ਕੁਝ ਲੋਕ ਇਹ ਸਮਝਦੇ ਹਨ ਕਿ ਧਰਮ ਧੋਖੇਬਾਜ਼ਾਂ ਜਾਂ ਠੱਗਾਂ ਦੀ ਕਾਢ ਹੁੰਦੇ ਹਨ । ਏਂਗਲਜ਼ ਅਨੁਸਾਰ ਤਾਂ ਧਰਮ (ਸਾਪੇਖ ਧਰਮ) ਲੋਕਾਂ ਦੀ ਲੋੜ ਤੇ ਮੰਗ ਵਿਚੋਂ ਪੈਦਾ ਹੁੰਦੇ ਹਨ । ਚਮਕੌਰ ਸਿੰਘ ਪੰਜਾਬੀ ਟ੍ਰਿਬਿਊਨ ਚਾਰ ਮਾਰਚ 1996 ਵਿਚ ਲਿਖਦਾ ਹੋਇਆ ਠੀਕ ਆਖਦਾ ਹੈ ਕਿ ਸਵਾਰਥੀ ਲੋਕ ਹਮੇਸ਼ਾਂ ਹੀ ਧਰਮ ਨੂੰ ਆਪਣੇ ਹਿੱਤਾਂ ਦੀ ਪੂਰਤੀ ਲਈ ਵਰਤਦੇ ਆਏ ਹਨ, ਵਿਸ਼ੇਸ਼ ਤੌਰ ਤੇ ਹਾਕਮ ਤੇ ਪੁਜਾਰੀ ਜਮਾਤ ਇਸ ਮਾਮਲੇ ਵਿਚ ਕਦੇ ਵੀ ਅਵੇਸਲੇ ਨਹੀਂ ਹੋਏ । ਹਾਕਮ ਜਮਾਤ ਨੇ ਧਰਮ ਦਾ ਸਹਾਰਾ ਲੈ ਕੇ ਆਪਣਾ ਰਾਜ ਭਾਗ ਕਾਇਮ ਰੱਖਿਆ ਹੈ, ਜਦ ਕਿ ਪੁਜਾਰੀ ਜਮਾਤ ਨੇ ਧਰਮ ਦੇ ਪਰਦੇ ਹੇਠ ਲੋਕਾਂ ਦੀ ਹੱਡ ਭੰਨਵੀਂ ਮਿਹਨਤ ਨੂੰ ਲੁਟਿਆ ਹੈ । ਇਕ ਦੂਜੇ ਦੇ ਸਵਾਰਥ ਦੀ ਪੂਰਤੀ ਲਈ ਹਾਕਮ ਤੇ ਪੁਜਾਰੀ ਜਮਾਤ ਵਿਚ ਇਕ ਅਣਚਾਹੀ ਤੇ ਅਣਜਾਣੀ ਰਜ਼ਾਮੰਦੀ ਸੁਭਾਵਿਕ ਹੀ ਚੱਲਦੀ ਆਈ ਹੈ, ਜਿਸ ਤਹਿਤ ਹਾਕਮ, ਪੁਜਾਰੀ ਜਮਾਤ ਦੇ ਹਿੱਤ ਪਾਲਦਾ ਹੈ ਤੇ ਪੁਜਾਰੀ ਜਮਾਤ ਹਕੂਮਤ ਦੇ ਹੱਥ

ਠੇਕੇ ਵਜੋਂ ਕੰਮ ਕਰਦੀ ਹੈ । ਹਾਕਮ ਤੇ ਪੁਜਾਰੀ ਜਮਾਤ ਦੋਵਾਂ ਦਾ ਮਕਸਦ ਲੋਕਾਂ ਨੂੰ ਲੁੱਟਣਾ ਹੈ । ਇਹ ਲੁੱਟ ਤਦ ਤੱਕ ਹੀ ਕਾਇਮ ਰਹਿ ਸਕਦੀ ਹੈ ਜਦ ਤੱਕ ਲੋਕ ਅਗਿਆਨਤਾ ਦੇ ਚੱਕਰਵਿਊ ਵਿਚ ਫਸੇ ਰਹਿਣਗੇ । ਇਸ ਲਈ ਇਨ੍ਹਾਂ ਵਲੋਂ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਲੋਕ ਹਮੇਸ਼ਾਂ ਅੰਧ ਵਿਸ਼ਵਾਸੀ ਤੇ ਬੁੱਧੂ ਬਣੇ ਰਹਿਣ । ਇਥੋਂ ਹੀ ਧਰਮ ਸਿਧਾਂਤਾਂ ਨੂੰ ਤੋੜ ਮਰੋੜ ਕੇ ਗਲਤ ਰੂਪ ਵਿਚ ਪੇਸ਼ ਕਰਨ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ. ਦੂਜੇ ਪਾਸੇ ਧਰਮ ਦੇ ਵਿਰੋਧੀ ਪੁਜਾਰੀ ਜਮਾਤ ਦੇ ਧਰਮ ਨਾਲ ਹੇਜ ਜਤਾਉਣ ਵਾਲੇ ਲੋਕ ਸਿਆਸਤਦਾਨਾਂ ਦੇ ਕਿਰਦਾਰ ਨੂੰ ਧਰਮ ਦੀ ਮੂਲ ਭਾਵਨਾ ਤੋਂ ਨਿਖੇੜ ਕੇ ਵੇਖਣ ਦਾ ਯਤਨ ਨਹੀਂ ਕਰਦੇ. ਉਲਟਾ ਧਰਮ ਨੂੰ ਹੀ ਭੰਡਣਾ ਸ਼ੁਰੂ ਕਰ ਦਿੰਦੇ ਹਨ ।

ਅੱਜ ਸਾਡੇ ਬਹੁਤ ਸਾਰੇ ਕਮਿਊਨਿਸਟ ਵੀਰ ਤੇ ਤਰਕਸ਼ੀਲ ਸੋਸਾਇਟੀ ਵਾਲੇ ਸਮਾਜ ਸੇਵੀ ਮਾਰਕਸਵਾਦ ਦੇ ਨਾਮ ਹੇਠ ਇਹੀ ਕੁੱਝ ਕਰ ਰਹੇ ਹਨ, ਉਹ ਧਰਮ ਦੇ ਨਾਮ ਹੇਠ ਹੋ ਰਹੇ ਗੁਨਾਹਾਂ ਨੂੰ ਨਹੀਂ, ਸਗੋਂ ਧਰਮ ਦੇ ਮੂਲ ਸਿਧਾਂਤ ਨੂੰ ਹੀ ਨਿੰਦਨ ਤੇ ਜ਼ੋਰ ਲਾਉਂਦੇ ਹਨ, ਕਿਉਂਕਿ ਉਨ੍ਹਾਂ ਨੇ ਕਿਤੋਂ ਸੁਣ ਰਖਿਆ ਹੈ ਕਿ ਮਾਰਕਸ ਨੇ ਧਰਮ ਨੂੰ ਲੋਕਾਂ ਲਈ ਅਫੀਮ ਦੀ ਸੰਗਿਆ ਦਿੱਤੀ ਹੈ । ਉਨ੍ਹਾਂ ਨੇ ਆਪ ਕਦੇ ਵੀ ਉਹ ਪੂਰਾ ਪੈਰਾ ਨਹੀਂ ਪੜ੍ਹਿਆ ਹੁੰਦਾ, ਨਾ ਹੀ ਉਸ ਬਾਰੇ ਨਿੱਠ ਕੇ ਸੋਚ ਵਿਚਾਰ ਕੀਤੀ ਹੁੰਦੀ ਹੈ ਕਿ ਮਾਰਕਸ ਦੀ ਅਜਿਹਾ ਕਹਿਣ ਤੋਂ ਮੁਰਾਦ ਕੀ ਸੀ ਜਾਂ ਕਿਵੇਂ ਅੱਜ ਤੋਂ 150 ਸਾਲ ਪਹਿਲਾਂ, ਜਦ ਇਹ ਵਿਚਾਰ ਪੇਸ਼ ਕੀਤਾ ਗਿਆ, ਯੂਰਪ ਦੇ ਹਸਪਤਾਲਾਂ ਵਿਚ ਅਫੀਮ ਨੂੰ ਮਰੀਜ਼ਾਂ ਲਈ ਚਿੰਤਾ ਮੁਕਤ ਕਰਨ ਤੇ ਪੀੜ ਨਾਸ਼ਕ ਦਵਾਈ ਦੇ ਤੌਰ ਤੇ ਵਰਤਿਆ ਜਾਂਦਾ ਸੀ । ਧਰਮ ਦੀ ਅਜਿਹੀ ਲੋੜ ਸੰਬੰਧੀ ਮਾਰਕਸ ਦਾ ਪੂਰਾ ਵਿਚਾਰ ਇਸ ਪ੍ਰਕਾਰ ਹੈ :

Religious ditress is at the same time the expression of real distress and the protest against real distress. .Religion is the sighn of the oppressed creature, the heart of a heartless world, Just as it is the spirit of a spiritless situation. It is opium of the people.

(ਧਾਰਮਿਕ ਦੁਰਭਾਗ ਜਾਂ ਪੀੜਾ ਵਾਸਤਵਿਕ ਪੀੜਾ ਦਾ ਪ੍ਰਗਟਾਵਾ ਵੀ ਹੈ ਤੇ ਵਾਸਤਵਿਕ ਪੀੜਾ ਦੇ ਵਿਰੁਧ ਰੋਸ ਵੀ । ਧਰਮ ਦੁਖੀ ਜੀਵ ਦਾ ਹੌਕਾ ਹੈ, ਨਿਰਦਈ ਦੁਨੀਆਂ ਦਾ ਦਿਲ ਹੈ, ਆਤਮਾ ਹੀਨ ਦਸ਼ਾ ਦੀ ਆਤਮਾ ਹੈ । ਇਹ ਲੋਕਾਂ ਲਈ ਅਫੀਮ ਹੈ । ਇਸ ਪ੍ਰਕਾਰ ਮਾਰਕਸ ਨੇ ਧਰਮ ਨੂੰ ਕਸ਼ਟ ਨਿਵਾਰਨ ਵਿਧੀ ਦਾ ਇਕ ਪ੍ਰਗਟਾਵਾ ਵੀ ਕਿਹਾ ਹੈ । ਕੋਈ 150 ਸਾਲ ਪਹਿਲਾਂ ਜਰਮਨੀ ਦੇ ਫਿਲਾਸਫਰ ਹੀਗਲ ਦੇ ਫ਼ਲਸਫ਼ੇ ਦੀ ਸਮੀਖਿਆ ਕਰਦੇ ਹੋਏ ਮਾਰਕਸ ਨੇ ਇਹ ਵਿਚਾਰ ਪ੍ਰਗਟ ਕੀਤੇ ਸਨ । ਇਸੇ ਲੇਖ ਵਿਚ ਮਾਰਕਸ ਦੱਸਦਾ ਹੈ ਕਿ ਕਿਵੇਂ ਜਰਮਨੀ ਵਿਚ ਮਾਰਟਨ ਲੂਥਰ ਨੇ ਈਸਾਈ ਧਰਮ ਦੇ ਪ੍ਰੋਟੈਸਟ ਮਤ ਨੂੰ ਹੀ ਮਾਨਤਾ ਦਿਵਾ ਕੇ ਇਨਕਲਾਬ ਲੈ ਆਂਦਾ ਸੀ ਤੇ ਹੁਣ ਇਹ ਇਨਕਲਾਬ ਇਸ ਦਾਰਸ਼ਨਿਕ (ਹੀਗਲ) ਦੇ ਦਿਮਾਗ ਵਿਚੋਂ ਪੈਦਾ ਹੋਇਆ ਹੈ । ਮਾਰਟਨ ਲੂਥਰ ਗੁਰੂ ਨਾਨਕ ਦੇਵ ਜੀ ਦਾ ਸਮਕਾਲੀ ਸੀ । ਇਧਰ ਜਦ ਗੁਰੂ ਨਾਨਕ ਦੇਵ ਬ੍ਰਾਹਮਣਵਾਦੀ ਕਰਮ ਕਾਂਡ ਦੇ ਵਿਰੁਧ ਧਰਮ-ਯੁੱਧ ਕਰ ਰਹੇ ਸਨ । ਮਾਰਟਨ ਲੂਥਰ ਯੂਰਪ ਅੰਦਰ ਕੈਥੋਲਿਕ ਪੋਪਸ਼ਾਹੀ ਦੇ ਵਿਰੁਧ ਜਹਾਦ ਕਰ ਰਿਹਾ ਸੀ । ਲੂਥਰ ਨੇ ਮਨੁੱਖ ਨੂੰ ਧਾਰਮਿਕ ਜ਼ਾਹਰਦਾਰੀ ਤੋਂ ਮੁਕਤ ਕੀਤਾ, ਕਿਉਂਕਿ ਧਾਰਮਿਕਤਾ ਨੂੰ ਉਸ ਨੇ ਮਨੁੱਖ ਦੇ ਅੰਦਰ ਭਰਿਆ । ਉਸ ਨੇ ਸਰੀਰ ਨੂੰ ਬੰਧਨ ਮੁਕਤ ਕੀਤਾ, ਕਿਉਂਕਿ ਉਸ ਨੇ ਸਿੱਧੇ ਤੌਰ ਤੇ ਦਿਲ ਨੂੰ ਪਕੜ ਕੀਤੀ (The freed man from outer religiousity, because he made religiousity the inner man. He

freed body from chains, because he enchained the heart). ਮਾਰਕਸ ਅਨੁਸਾਰ ਲੂਥਰ ਦੀ ਧਾਰਮਿਕ ਲਹਿਰ ਇਨਕਲਾਬ ਸੀ ।

ਸੋਲ੍ਹਵੀਂ ਸਦੀ ਵਿਚ ਇਧਰ ਉੱਤਰੀ ਭਾਰਤ ਵਿਚ ਪਹਿਲੇ ਪੰਜ ਸਿੱਖ ਗੁਰੂ ਸਾਹਿਬਾਂ ਦੀ ਅਗਵਾਈ ਵਿਚ ਸਿੱਖ ਲਹਿਰ ਸ਼ੁਰੂ ਹੋਈ ਸੀ । ਇਸੇ ਹੀ ਸਦੀ ਵਿਚ ਯੂਰਪ ਅੰਦਰ ਜਰਮਨੀ ਵਿਚ ਮਾਰਟਨ ਲੂਥਰ ਦੀ ਅਗਵਾਈ ਵਿਚ ਪੋਪ ਵਿਰੋਧੀ ਪ੍ਰੋਟੈਸਟੈਂਟ ਲਹਿਰ ਸ਼ੁਰੂ ਹੋਈ ਤੇ ਮੁੰਜ਼ਰ ਦੀ ਅਗਵਾਈ ਵਿਚ ਇਸੇ ਲਹਿਰ ਨੂੰ ਕ੍ਰਿਸਾਨ ਲਹਿਰ ਤੇ ਕਿਸਾਨ ਯੁੱਧ ਦਾ ਰੂਪ ਮਿਲਿਆ । ਏਂਗਲਜ਼ ਨੇ ਜਰਮਨੀ ਦਾ ਕ੍ਰਿਸਾਨ ਯੁੱਧ ਨਾਮ ਦੀ ਇਕ ਪੁਸਤਕ ਵੀ ਲਿਖੀ ਸੀ । ਇਸ ਵਿਚ ਉਸ ਨੇ ਇਸ ਯੁੱਧ ਦੇ ਕ੍ਰਿਸਾਨ ਨਾਇਕ ਮੁੰਜ਼ਰ ਦੇ ਦ੍ਰਿਸ਼ਟੀਕੋਣ ਨੂੰ ਸਪੱਸ਼ਟ ਕਰਦੇ ਹੋਏ ਲਿਖਿਆ ਹੈ ਕਿ ਕਿਵੇਂ ਸਭ ਗਰੀਬ ਲੋਕ ਤੇ ਪ੍ਰੋਟੈਸਟੈਂਟ ਕਿਸਾਨ ਉਸ ਦੇ ਝੰਡੇ ਹੇਠ ਇਕੱਠੇ ਹੋ ਕੇ ਲੜੇ ਸਨ । (ਉਸ ਸਮੇਂ ਮਜ਼ਦੂਰ ਵਰਗ ਦੀ ਤਾਕਤ ਵਧੇਰੇ ਨਹੀਂ ਸੀ. ਮੁੰਜ਼ਰ ਧਰਮ ਦੇ ਖੇਤਰ ਵਿਚ ਮੌਲਿਕ ਈਸਾਈਅਤ ਨੂੰ ਲਾਗੂ ਕਰਨਾ ਚਾਹੁੰਦਾ ਤੇ ਦੇਸ਼ ਵਿਚ ਖੁਦਾ ਦੀ ਬਾਦਸ਼ਾਹਤ ਕਾਇਮ ਕਰਨ ਦਾ ਇੱਛੁਕ ਸੀ । ਇਸ ਬਾਦਸ਼ਾਹਤ ਦਾ ਜੋ ਨਕਸ਼ਾ ਮੁੰਜ਼ਰ ਦਰਸਾਉਂਦਾ ਸੀ ਉਹ ਉਨੀਂ ਦਿਨੀਂ ਹੀ ਭਾਰਤ ਵਿਚ ਸੰਤ ਗੁਰੂ ਰਵਿਦਾਸ ਸਾਹਿਬ ਦੇ ਬੇਗਮਪੁਰੇ ਵਾਲੇ ਵਿਚਾਰਾਂ ਦਾ ਹੀ ਧਾਰਨੀ ਪ੍ਰਤੀਤ ਹੁੰਦਾ ਹੈ । ਬੇਗਮਪੁਰੇ ਦਾ ਨਿਵਾਸੀ (ਸ਼ਹਿਰੀ) ਕਿਸੇ ਪ੍ਰਕਾਰ ਦੀ ਤਜਵੀਜ਼ ਜਾਂ ਹਾਕਮਾਂ ਦੀ ਵਧੀਕੀ ਤੋਂ ਮੁਕਤ ਹੋ ਕੇ ਆਜ਼ਾਦੀ ਦੇ ਨਾਲ ਵਿਚਰਨ ਵਾਲਾ ਨਾਗਰਿਕ ਹੈ । ਖੁਦਾ ਦੀ ਬਾਦਸ਼ਾਹਤ ਵੀ ਇਸ ਪ੍ਰਕਾਰ ਦੇ ਬੇਗਮਪੁਰੇ ਦਾ ਸੁਪਨਾ ਸੀ । ਉਸ ਸਮੇਂ ਇਹੀ ਇਨਕਲਾਬੀ ਨਾਅਰਾ ਸੀ ।

ਮਾਰਕਸ ਤੇ ਏਂਗਲਜ਼ ਦਾ ਵਿਚਾਰ ਹੈ ਕਿ ਵੱਖ ਵੱਖ ਸਮੇਂ ਲੋਕ ਧਰਮ ਦਾ ਸਹਾਰਾ ਲੈ ਕੇ ਧਰਮ ਦੇ ਝੰਡੇ ਹੇਠ ਇਕੱਠੇ ਹੋ ਕੇ ਆਪਣੇ ਦੁੱਖਾਂ ਕਸ਼ਟਾਂ ਦੇ ਨਿਵਾਰਨ ਲਈ ਸੰਘਰਸ਼ ਕਰਦੇ ਰਹੇ ਹਨ । ਜਦ ਪੁਰਾਣੇ ਧਰਮ ਲੋਕਾਂ ਦਾ ਕੁਝ ਵੀ ਸੰਵਾਰ ਨਾ ਸਕੇ ਤਾਂ ਈਸਾਈਅਤ ਦੀ ਜਿੱਤ ਹੋ ਗਈ । ਜਦ ਈਸਾਈਅਤ ਅੰਦਰ ਪੋਪ ਤੇ ਪਾਦਰੀਆਂ ਨੇ ਕਰਮ ਕਾਂਡ ਦੇ ਸਹਾਰੇ ਲੋਕਾਂ ਨਾਲ ਧੋਖਾ ਕਰਨਾ ਸ਼ੁਰੂ ਕੀਤਾ ਤਾਂ ਤਦ ਕੈਥੋਲਿਕ ਫਿਰਕੇ ਦੇ ਵਿਰੁਧ ਪ੍ਰੋਟੈਸਟਾਂ ਨੇ ਬਗਾਵਤ ਕਰਕੇ ਸੁਧਾਰ ਲਹਿਰ ਚਲਾਈ । ਭਾਰਤ ਵਿਚ ਭਗਤੀ ਲਹਿਰ ਵਿਚੋਂ ਹੀ ਸਿੱਖ ਲਹਿਰ ਦਾ ਨਿਕਾਸ ਵੀ ਇਸੇ ਪ੍ਰਕਾਰ ਹੋਇਆ, ਜਿਵੇਂ ਯੂਰਪ ਵਿਚ ਦੇਵਵਾਦ ਵਿਚੋਂ ਕਰਮ ਕਾਂਡ ਵਿਰੋਧੀ ਮੱਤ ਦਾ ਜਨਮ ਹੋਇਆ । ਦਸਵੇਂ ਗੁਰੂ ਦਾ ਫੁਰਮਾਨ ਵੀ ਹੈ :

ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ ॥
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ ॥
ਸਿੰਮ੍ਰਿਤਿ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈਂ ਹਮ ਏਕ ਨ ਜਾਨਯੋ ॥
ਸ੍ਰੀ ਅਸਿਧਾਨ ਕ੍ਰਿਪਾ ਤੁਮਰੀ ਕਰਿ ਮੈਂ ਨ ਕਹਯੋ ਸਭ ਤੋਹਿ ਬਖਾਨਯੋ ।

(ਇਥੇ ਦਸਵੇਂ ਗੁਰੂ ਜੀ ਦਾ ਇਸ਼ਟ ਸਾਰੀਆਂ ਪਿਛਲੀਆਂ ਮਨੌਤਾਂ ਨੂੰ ਨਕਾਰਦਾ ਹੋਇਆ ਇਕ ਘੋੜ ਸਵਾਰ ਨਾਇਕ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ । ਏਂਗਲਜ਼ ਕਹਿੰਦਾ ਹੈ ਕਿ ਮਧ ਯੁਗ ਵਿਚ ਪੀੜਤ ਕ੍ਰਿਸਾਨਾਂ ਤੇ ਖਾਸ ਕਰਕੇ ਸ਼ਹਿਰਾਂ ਦੇ ਗਰੀਬ ਵਰਗ ਨੇ ਬਗਾਵਤਾਂ ਕੀਤੀਆਂ । ਮਧ ਯੁਗ ਦੀਆਂ ਹੋਰ ਬਗਾਵਤਾਂ ਵਾਂਗ ਹੀ ਇਹ ਬਗਾਵਤਾਂ ਵੀ ਧਰਮ ਦੇ ਪਰਦੇ ਹੇਠ ਹੋਈਆਂ, ਜਿਨ੍ਹਾਂ ਦਾ ਮਨੋਰਥ ਪਤਨਸ਼ੀਲਤਾ ਤੋਂ ਮੁਕਤ ਹੋਣ ਲਈ ਮੁਢਲੀ ਈਸਾਈ ਮਰਿਯਾਦਾ ਦੀ ਬਹਾਲੀ ਕਰਨੀ ਸੀ । ਪਰ ਇਨ੍ਹਾਂ ਮਜ਼ਹਬੀ ਪ੍ਰਵਚਨਾਂ ਦੇ ਉਹਲੇ ਵਿਚ ਜ਼ਰੂਰ

ਸੰਸਾਰਕ ਮਨੋਰਥ ਵੀ ਸਿਧ ਕਰਨੇ ਹੁੰਦੇ ਸਨ । ਫੇਰ ਜਰਮਨੀ ਅੰਦਰ ਕ੍ਰਿਸਾਨੀ ਯੁੱਧ ਹੋਇਆ ਤੇ ਆਖਰ 1830 ਈ: ਤੋਂ ਬਾਅਦ ਕਮਿਊਨਿਸਟ ਮਜ਼ਦੂਰ ਵਰਗ ਜਾਗ੍ਰਿਤ ਹੋਇਆ ।

ਇਥੇ ਏਂਗਲਜ਼ ਮੁਢਲੀ ਈਸਾਈਅਤ ਦੇ ਇਤਿਹਾਸ ਦੀ ਚਰਚਾ ਕਰ ਰਿਹਾ ਹੈ । ਉਹ ਕਹਿੰਦਾ ਹੈ ਕਿ ਮੁਢਲੀ ਈਸਾਈਅਤ ਦੇ ਇਤਿਹਾਸ ਦੀਆਂ ਬਹੁਤ ਸਾਰੀਆਂ ਗੱਲਾਂ ਅਜੋਕੀ ਮਜ਼ਦੂਰ ਲਹਿਰ ਨਾਲ ਸਾਂਝੀਆਂ ਹਨ । ਮਜ਼ਦੂਰ ਲਹਿਰ ਵਾਂਗ ਹੀ ਈਸਾਈਅਤ ਵੀ ਮੁੱਢ ਵਿਚ ਸਤਾਏ ਹੋਏ ਲੋਕਾਂ ਦੀ ਲਹਿਰ ਸੀ । ਇਹ ਗੁਲਾਮ ਲੋਕਾਂ ਦਾ ਧਰਮ, ਨਾਲ ਹੀ ਗੁਲਾਮੀ ਤੋਂ ਮੁਕਤ ਹੋਏ ਲੋਕਾਂ, ਉਨ੍ਹਾਂ ਗਰੀਬਾਂ ਦਾ ਧਰਮ ਸੀ ਜੋ ਸਾਰੇ ਅਧਿਕਾਰਾਂ ਤੋਂ ਵਾਂਝੇ ਤੇ ਬੰਧੇਜ ਵਿਚ ਬੱਝੇ ਹੋਏ, ਰੋਮ ਸ਼ਾਹੀ, ਹਥੀਂ ਘਰੋਂ ਬੇਘਰ ਹੋਏ ਲੋਕ ਸਨ । ਈਸਾਈਅਤ ਤੇ ਮਜ਼ਦੂਰਾਂ ਦਾ ਸਮਾਜਵਾਦ, ਦੋਵੇਂ ਹੀ ਗੁਲਾਮੀ ਤੇ ਬਦਹਾਲੀ ਤੋਂ ਭਵਿਖ ਵਿਚ ਮੁਕਤ ਹੋਣ ਦਾ ਸੁਨੇਹਾ ਦਿੰਦੇ ਹਨ । ਈਸਾਈਅਤ ਵਿਚ ਸ਼ਕਤੀ ਦੀ ਪ੍ਰਾਪਤੀ ਮੌਤ ਤੋਂ ਬਾਅਦ ਦੇ ਜੀਵਨ ਵਿਚ ਸਵਰਗ ਲੋਕ ਵਿਚ ਹੁੰਦੀ ਹੈ, ਸਮਾਜਵਾਦ ਇਸ ਸਮਾਜ ਨੂੰ ਬਦਲਾ ਕੇ ਇਸੇ ਦੁਨੀਆਂ ਵਿਚ ਇਸ ਨੂੰ ਲਿਆਉਂਦਾ ਹੈ । ਇਨ੍ਹਾਂ ਦੋਵਾਂ ਨੂੰ ਹੀ ਅਤਿਆਚਾਰ ਤੇ ਛੱਲ ਕਪਟ ਦਾ ਸਾਹਮਣਾ ਕਰਨਾ ਪਿਆ ਹੈ । ਇਨਾਂ ਦੋਵਾਂ ਦੇ ਹੀ ਪੈਰੋਕਾਰਾਂ ਨੂੰ ਘਿਰਣਾ ਕੀਤੀ ਗਈ। ਇਨ੍ਹਾਂ ਦੇ ਵਿਰੁਧ ਵਿਸ਼ੇਸ਼ ਕਾਨੂੰਨ ਬਣਾਏ ਗਏ । ਈਸਾਈਆਂ ਨੂੰ ਮਾਨਵ ਜਾਤੀ ਦੇ ਦੁਸ਼ਮਨ ਕਿਹਾ ਗਿਆ, ਸਮਾਜਵਾਦੀਆਂ ਨੂੰ ਰਾਜ ਦੇ ਦੁਸ਼ਮਣ, ਧਰਮ ਦੇ, ਪਰਿਵਾਰ ਦੇ ਅਤੇ ਸਮਾਜਕ ਸੱਤਾ ਦੇ ਦੁਸ਼ਮਣ ਕਿਹਾ ਗਿਆ । ਇਨ੍ਹਾਂ ਅਤਿਆਚਾਰਾਂ ਦੇ ਬਾਵਜੂਦ, ਸਗੋਂ ਇਨ੍ਹਾਂ ਅਤਿਆਚਾਰਾਂ ਦਾ ਮੁਕਾਬਲਾ ਕਰਦੇ ਹੋਏ ਇਹ ਦੋਵੇਂ ਹੀ ਬੇਰੋਕ-ਟੋਕ ਆਪਣੀ ਜਿੱਤ ਵੱਲ ਵਧੇ । ਆਪਣੇ ਜਨਮ ਤੋਂ ਤਿੰਨ ਸੌ ਸਾਲ ਬਾਅਦ ਈਸਾਈਅਤ ਨੂੰ ਰੋਮਨ ਵਿਸ਼ਵ ਸਾਮਰਾਜ ਅੰਦਰ ਰਾਜ-ਧਰਮ ਦੇ ਤੌਰ ਤੇ ਮਾਨਤਾ ਮਿਲ ਗਈ ਸੀ ਤੇ ਇਧਰ ਸੱਠ ਸਾਲ ਦੇ ਅੰਦਰ ਹੀ ਸਮਾਜਵਾਦ ਨੂੰ ਅਜਿਹੀ ਪ੍ਰਾਪਤੀ ਹੋਈ ਹੈ ਕਿ ਇਸ ਦੀ ਜਿੱਤ ਬਿਲਕੁਲ ਸੰਭਵ ਬਣ ਗਈ ਹੈ। ਏਂਗਲਜ਼ ਦੇ ਇਹ ਵਿਚਾਰ ਅੱਜ ਤੋਂ ਕਰੀਬ ਇਕ ਸੌ ਸਾਲ ਪਹਿਲਾਂ ਦੇ ਹਨ ।

ਸਿੱਖ ਲਹਿਰ ਦਾ ਮੁਢ ਵੀ ਇਸੇ ਪ੍ਰਕਾਰ ਭਾਈ ਲਾਲੋਆਂ ਦੇ ਪੰਥ ਦੇ ਤੌਰ ਤੇ ਹੋਇਆ, ਜਿਸ ਨੂੰ ਮੁੱਢਲੇ ਈਸਾਈ ਧਰਮ ਵਾਂਗ ਹੀ ਕਰੀਬ ਤਿੰਨ ਸੌ ਸਾਲ ਮਲਕ ਭਾਗੋਆਂ, ਜਾਬਰ ਹਾਕਮਾਂ, ਬ੍ਰਾਹਮਣਵਾਦੀ ਦੋਖੀਆਂ, ਨਿਰਕੁੰਸ਼ ਰਾਜ ਸੱਤਾ, ਸਿੱਖ ਗੁਰੂ ਸਾਹਿਬਾਂ ਨੂੰ ਕੁਰਾਹੀਆ ਕਹਿਣ ਵਾਲੇ ਦੰਭੀਆਂ, ਅੰਤਿਮ ਜਿੱਤ ਦੇ ਕਰੀਬ ਹੀ ਵਾਪਰਨ ਵਾਲੀ ਆਪਸੀ ਫੁੱਟ, ਘਲੂਘਾਰਿਆਂ ਤੇ ਧੱਕੜਸ਼ਾਹੀ ਦਾ ਨਿਰੰਤਰ ਮੁਕਾਬਲਾ ਕਰਨਾ ਪਿਆ । ਇਹ ਸਮਾਂ ਗੁਰੂ ਨਾਨਕ ਦੇਵ ਜੀ ਦੇ ਸੰਨ 1497 ਈ: ਵਿਚ ਉਦਾਸੀਆਂ 'ਤੇ ਨਿਕਲਣ ਤੋਂ ਲੈ ਕੇ ਸੰਨ 1799 ਈ: ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਸਥਾਪਨਾ ਦੇ ਸਮੇਂ ਤੱਕ ਕਰੀਬ ਤਿੰਨ ਸੌ ਸਾਲ ਬਾਅਦ ਦਾ ਸਮਾਂ ਬਣਦਾ ਹੈ । ਈਸਾਈਅਤ ਦੇ ਵਾਂਗ ਹੀ ਸਿੱਖਾਂ ਨੂੰ ਇਨੇ ਲੰਮੇ ਸਮੇਂ ਤੱਕ ਅਜਿਹਾ ਸੰਘਰਸ਼, ਅਜਿਹੀ ਸਿਰ ਧੜ ਦੀ ਬਾਜ਼ੀ ਲਾਉਣ ਦਾ ਉਤਸ਼ਾਹ ਕਦੋਂ ਤੇ ਕਿਥੋਂ ਮਿਲਿਆ । ਇਹ ਉਤਸ਼ਾਹ ਖੰਡੇ ਦਾ ਅੰਮ੍ਰਿਤ ਪਾਣ ਕਰਨ ਤੋਂ ਵੀ ਦੋ ਸੌ ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਤੋਂ ਮਿਲਣਾ ਹੀ ਸ਼ੁਰੂ ਹੋ ਗਿਆ ਸੀ ।

ਜਉ ਤਉ ਪ੍ਰੇਮ ਖੇਲਨ ਕਾ ਚਾਉ ॥ ਸਿਰ ਧਰ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨਾ ਕੀਜੈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1412)

ਕੀ ਜਿਸ ਧਰਮ ਦੀ ਗੁੜ੍ਹਤੀ ਇਸ ਪ੍ਰਕਾਰ ਦੀ ਹੋਵੇ ਉਸ ਧਰਮ ਨੂੰ ਲੋਕਾਂ ਲਈ ਅਫੀਮ ਕਿਹਾ ਜਾ ਸਕਦਾ ਹੈ ? ਪਹਿਲੇ ਗੁਰੂ ਦੇ ਅਤੇ ਹੋਰ ਗੁਰੂ ਸਾਹਿਬਾਂ ਦੇ ਇਹ ਬਚਨ ਮਨੁੱਖ ਨੂੰ ਸੁਸਤ ਬਣਾਉਂਦੇ ਹਨ ਜਾਂ ਸੁਚੇਤ ਕਰਦੇ ਹਨ ? ਮਾਰਕਸਵਾਦ ਇਨਕਲਾਬ ਦੇ ਹਥਿਆਰ ਨੂੰ ਵਿਚਾਰਾਂ ਦੀ ਸਾਣ ਉੱਤੇ ਲਗਾ ਕੇ ਇਸ ਨੂੰ ਤਿੱਖਾ ਕਰਨ ਦੀ ਗੱਲ ਕਰਦਾ ਹੈ । ਸਿੱਖ ਲਹਿਰ ਤੇ ਸਿੱਖ ਇਨਕਲਾਬ ਦੇ ਅਨੁਯਾਈ ਵੀ ਮਹਾਨਤਮ ਸਿਧਾਂਤ ਦੀ ਭੱਠੀ ਵਿਚ ਮੁੜ ਮੁੜ ਆਪਣੇ ਹਥਿਆਰ ਤਿਆਰ ਕਰਦੇ ਰਹੇ ਤੇ ਗੁਰਮਤਿ ਵਿਚਾਰ ਅਨੁਸਾਰ ਧਾਰ ਤੇ ਲਗਾਉਂਦੇ ਰਹੇ ਹਨ :

1. ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ ਹਥੀਆਰੁ ॥
ਭਉ ਖਲਾ ਅਗਨਿ ਤਪ ਤਾਉ ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥
ਘੜੀਐ ਸਬਦੁ ਸਚੀ ਟਕਸਾਲ ॥ (ਜਪੁਜੀ)

2. ਹਉ ਗੋਸਾਈ ਦਾ ਪਹਿਲਵਾਨੜਾ ॥ ਮੈ ਗੁਰ ਮਿਲਿ ਉਚ ਦੁਮਾਲੜਾ ॥
ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ ॥
ਵਾਤ ਵਜਨਿ ਟੰਮਕ ਭੇਰੀਆ ॥ ਮਲ ਲਥੇ ਲੈਦੇ ਫੇਰੀਆ ॥
ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 74)

ਜਿਨ੍ਹਾਂ ਦਾ ਇਹ ਵਿਚਾਰ ਹੈ ਕਿ ਪਹਿਲੇ ਪੰਜ ਗੁਰੂ ਸਾਹਿਬਾਨ ਤਾਂ ਬਿਲਕੁਲ ਸ਼ਾਂਤਮਈ ਤੇ ਅਹਿੰਸਾ ਦੇ ਸਮਰਥਕ ਰਹੇ ਹਨ, ਜਦ ਕਿ ਛੇਵੇਂ ਤੇ ਦਸਵੇਂ ਗੁਰੂ ਸਾਹਿਬਾਂ ਨੇ ਹਥਿਆਰ ਦੀ ਵਰਤੋਂ ਕੀਤੀ ਹੈ । ਉਨ੍ਹਾਂ ਨੂੰ ਇਸ ਗੱਲ ਦਾ ਬਿਲਕੁਲ ਨਹੀਂ ਪਤਾ ਕਿ ਮਹਾਨ ਵਿਚਾਰ ਦਾ ਹਥਿਆਰ ਕਿਸ ਪ੍ਰਕਾਰ ਦੀ ਭੱਠੀ ਵਿਚ ਤਿਆਰ ਹੁੰਦਾ ਹੈ ਤੇ ਕਿਸ ਪ੍ਰਕਾਰ ਦੀ ਸਾਣ ਉੱਤੇ ਲਗਦਾ ਹੈ । ਜਿਨ੍ਹਾਂ ਨੂੰ ਆਪਣੇ ਧਰਮ, ਧਰਮ ਦੇ ਵਿਕਾਸ, ਇਸ ਦੇ ਇਤਿਹਾਸ, ਇਸ ਦੀ ਗੌਰਵ ਗਾਥਾ ਦਾ ਹੀ ਪਤਾ ਨਹੀਂ ਉਸ ਉੱਤੇ ਮਾਨ ਨਹੀਂ, ਉਹ ਤਿੰਨ ਚਾਰ ਓਪਰੀਆਂ ਭਾਸ਼ਾਵਾਂ ਵਿਚੋਂ ਅਨੁਵਾਦ ਦਰ ਅਨੁਵਾਦ ਹੋ ਕੇ ਆਏ ਹੋਏ ਮਾਰਕਸਵਾਦੀ ਵਿਚਾਰ ਨੂੰ ਵੀ ਕਿਸ ਪ੍ਰਕਾਰ ਸਮਝ ਸਕਦੇ ਹਨ, ਇਹ ਬੜਾ ਚਿੰਤਾਜਨਕ ਵਿਸ਼ਾ ਹੈ ।

ਧਰਮ ਬਾਰੇ ਮਾਰਕਸ ਤੇ ਏਂਗਲਜ਼ ਰਚਿਤ ਤਿੰਨ ਸੌ ਪੰਨੇ ਦੀ ਪੁਸਤਕ ਜਿਸ ਵਿਚੋਂ ਕਿ ਇਸ ਲੇਖ ਦੇ ਕਈ ਹਵਾਲੇ ਪੇਸ਼ ਕੀਤੇ ਗਏ ਹਨ, ਇਸ ਗੱਲ ਦੀ ਤਸਦੀਕ ਕਰਦੀ ਹੈ ਕਿ ਮਾਰਕਸ ਤੇ ਏਂਗਲਜ਼ ਨੂੰ (ਖਾਸ ਕਰਕੇ ਏਂਗਲਜ਼ ਨੂੰ ਜਿਸ ਨੇ ਇਸ ਪੁਸਤਕ ਦੇ ਦੋ ਸੌ ਤੋਂ ਵੱਧ ਪੰਨੇ ਰਚੇ ਹਨ) ਉਸ ਈਸਾਈ ਧਰਮ ਦੇ ਵਿਕਾਸ ਨਿਕਾਸ ਤੇ ਉਸ ਦੇ ਇਤਿਹਾਸਕ ਰਾਜਸੀ ਮਹੱਤਵ ਬਾਰੇ ਪੂਰੀ ਤਰ੍ਹਾਂ ਜਾਣਕਾਰੀ ਸੀ ਜੋ ਧਰਮ ਉਸ ਸਮੇਂ ਯੂਰਪ ਤੇ ਉਸ ਦੇ ਬਾਹਰਲੇ ਦੇਸ਼ਾਂ ਵਿਚ ਪ੍ਰਚਲਿਤ ਸੀ ਤੇ ਜਿਸ ਧਰਮ ਨੂੰ ਮੰਨਣ ਵਾਲੇ ਘਰਾਣੇ ਵਿਚ ਉਹ ਆਪ ਪੈਦਾ ਹੋਏ ਸਨ । ਜਰਮਨੀ ਦੇ ਇਕ ਸਮਾਜ ਸ਼ਾਸਤਰੀ ਬਰੂਨੋ-ਬੌਰ ਦੀ ਮੌਤ ਉੱਤੇ ਆਪਣੇ ਇਕ ਲੇਖ ਵਿਚ ਏਂਗਲਜ਼ ਦਸਦਾ ਹੈ ਕਿ ਉਸ ਚਿੰਤਕ ਨੇ ਮੁੱਢਲੀ ਈਸਾਈਅਤ ਦੇ ਵਿਕਾਸ ਤੇ ਨਿਕਾਸ ਦੀ ਵਿਗਿਆਨਕ ਖੋਜ ਬਾਰੇ ਕਿੰਨਾ ਕੰਮ ਕੀਤਾ ਸੀ ਜੋ ਇਕ ਅਜਿਹਾ ਮਸਲਾ ਹੈ, ਜਿਸ ਵਿਚ ਸਾਡੀ ਆਪਣੀ ਸਮਾਜਵਾਦੀਆਂ ਦੀ ਵੀ ਦਿਲਚਸਪੀ ਹੈ ਅਤੇ ਉਹ ਹੈ ਇਤਿਹਾਸ ਦੇ ਪੱਖੋਂ ਈਸਾਈਅਤ ਦੇ ਨਿਕਾਸ ਦਾ ਪ੍ਰਸ਼ਨ ।(ਉਹੀ ਪੁਸਤਕ: ਪੰਨਾ 173)

ਇਥੇ ਏਂਗਲਜ਼ ਸਾਫ ਸਾਫ ਸ਼ਬਦਾਂ ਵਿਚ ਦਸਦਾ ਹੈ ਕਿ ਸਮਾਜਵਾਦੀਆਂ ਲਈ ਇਹ ਜ਼ਰੂਰੀ ਹੈ ਕਿ ਈਸਾਈਅਤ ਦੇ ਨਿਕਾਸ ਤੇ ਵਿਕਾਸ ਦਾ ਅਧਿਐਨ ਕੀਤਾ ਜਾਵੇ, ਪਰ ਸਾਡੇ ਇਧਰ ਕਿੰਨੇ ਕੁ ਤਰਕਸ਼ੀਲ, ਸਮਾਜਵਾਦੀ ਜਾਂ ਮਾਰਕਸਵਾਦੀ ਅਜਿਹੇ ਹਨ, ਜਿਨ੍ਹਾਂ ਨੇ ਭਾਰਤ ਦੇ ਇਤਿਹਾਸ ਵਿਚ ਬੁੱਧ ਧਰਮ ਤੋਂ ਬਾਅਦ ਪੈਦਾ ਹੋਏ ਸਭ ਤੋਂ ਵੱਡੀ ਲੋਕ ਲਹਿਰ (ਸਿੱਖ ਲਹਿਰ) ਦੇ ਇਤਿਹਾਸ ਪਰਕ ਨਿਕਾਸ ਤੇ ਵਿਕਾਸ ਵਿਚ ਦਿਲਚਸਪੀ ਲਈ ਹੋਵੇ ਤੇ ਇਸ ਬਾਰੇ ਖੋਜ ਕੀਤੀ ਜਾਂ ਸਹੀ ਜਾਣਕਾਰੀ ਪ੍ਰਾਪਤ ਕਰਨ ਦਾ ਯਤਨ ਕੀਤਾ ਹੋਵੇ। ਇਥੇ ਇਹ ਦੱਸਣ ਦੀ ਲੋੜ ਨਹੀਂ ਹੈ ਕਿ ਇਸ ਵੀਹਵੀਂ ਸਦੀ ਵਿਚ ਪੰਜਾਬ ਅੰਦਰ ਜਿੰਨੇ ਵੀ ਅਖੌਤੀ ਮਾਰਕਸਵਾਦੀ ਹੋਏ ਹਨ, ਉਨਾਂ ਵਿਚੋਂ ਨੱਬੇ ਫੀਸਦੀ ਸਿੱਖ ਘਰਾਣਿਆਂ ਵਿਚ ਪੈਦਾ ਹੋਏ ਸਨ।

ਕਰੀਬ ਪੰਦਰਾਂ ਸਾਲ ਪਹਿਲਾਂ ਦਿੱਲੀ ਵਿਖੇ ਇਕ ਪੁਸਤਕ (ਗੁਰਬਾਣੀ ਇਨਕਲਾਬੀ ਹੈ ਕਿ ..) ਉੱਤੇ ਹੋਈ ਗੋਸ਼ਟੀ ਵਿਚ ਜਿਸ ਦੀ ਪ੍ਰਧਾਨਗੀ ਕਮਿਊਨਿਸਟ ਆਗੂ ਸੋਹਨ ਸਿੰਘ ਜੋਸ਼ ਕਰ ਰਹੇ ਸਨ। ਇਨਾਂ ਸਤਰਾਂ ਦੇ ਲੇਖਕ ਨੇ ਪ੍ਰਸ਼ਨ ਕੀਤਾ ਕਿ ਕੀ ਵਜ੍ਹਾ ਹੈ ਕਿ 1947 ਤੱਕ ਦੇ ਸਾਂਝੇ ਪੰਜਾਬ ਵਿਚ (ਜੋ ਪਿਸ਼ਾਵਰ ਤੋਂ ਦਿੱਲੀ ਤੱਕ ਫੈਲਿਆ ਹੋਇਆ ਸੀ) ਸਿੱਖ ਅਬਾਦੀ ਕੇਵਲ ਚੌਦਾਂ ਫੀਸਦੀ ਸੀ, ਪਰ ਇਸ ਦੌਰਾਨ ਪੰਜਾਬ ਦੀ ਕਮਿਊਨਿਸਟ ਪਾਰਟੀ ਦੀ ਮੈਂਬਰਸ਼ਿਪ ਵਿਚ ਨੱਬੇ ਫੀਸਦੀ ਸਿੱਖ ਸਨ, ਸਿੱਖ ਹੀ ਇੰਨੀ ਵੱਡੀ ਸੰਖਿਆ ਵਿਚ ਮਾਰਕਸਵਾਦ ਵੱਲ ਕਿਉਂ ਆਉਂਦੇ ਰਹੇ ? ਪਰ ਸੋਹਣ ਸਿੰਘ ਜੋਸ਼ ਨੇ ਇਸ ਪ੍ਰਸ਼ਨ ਦਾ ਕੋਈ ਸਿੱਧਾ ਜਵਾਬ ਨਾ ਦਿੱਤਾ। ਉਸ ਦਾ ਜਵਾਬ ਤਾਂ ਇਹ ਬਣਦਾ ਸੀ ਕਿ ਸਿੱਖ ਪਰੰਪਰਾ ਵਿਚ ਇਨਕਲਾਬੀ ਤੱਤ ਹੋਰ ਸਭ ਧਰਮ ਅਨੁਯਾਈਆਂ ਜਾਂ ਧਾਰਮਿਕ ਪ੍ਰੰਪਰਾਵਾਂ ਨਾਲੋਂ ਕਿਤੇ ਵਧੇਰੇ ਹਨ, ਪਰ ਜੋਸ਼ ਸਾਹਿਬ ਇਸ ਹਕੀਕਤ ਨੂੰ ਖੁੱਲ੍ਹ ਕੇ ਸਵੀਕਾਰ ਨਹੀਂ ਸਨ ਕਰਨਾ ਚਾਹੁੰਦੇ, ਭਾਵੇਂ ਉਨ੍ਹਾਂ ਦਾ ਆਪਣਾ ਸਿਆਸੀ ਜੀਵਨ ਅਕਾਲੀ ਮੋਰਚਿਆਂ ਵਿਚ ਇਕ ਨੇਤਾ ਦੀ ਹੈਸੀਅਤ ਵਿਚ ਕੈਦ ਹੋਣ ਨਾਲ ਸ਼ੁਰੂ ਹੋਇਆ ਸੀ।

ਧਰਮ ਦੇ ਨਿਕਾਸ ਤੇ ਵਿਕਾਸ ਧਰਮ ਦੀ ਇਤਿਹਾਸਕ ਸਮਾਜਕ ਰਾਜਸੀ ਮਹਾਨਤਾ ਤੇ ਇਸ ਦੇ ਵਿਸ਼ਲੇਸ਼ਣ ਦੇ ਸਵਾਲ ਨੂੰ ਟਾਲਣ ਜਾਂ ਧਰਮ ਦਾ ਅੰਨੇਵਾਹ ਵਿਰੋਧ ਕਰਨ, ਧਰਮ ਨੂੰ ਬਿਨਾਂ ਕਿਸੇ ਦਲੀਲ ਦੇ ਗੈਰ ਵਿਗਿਆਨਕ ਕਹਿਣ ਨਾਲ ਧਰਮ ਦੀ ਵਿਸ਼ੇਸ਼ਤਾ, ਸਮਾਜ ਵਿਚ ਇਸ ਦਾ ਸਥਾਨ ਕਦੇ ਵੀ ਘੱਟ ਹੋਣ ਦਾ ਸਵਾਲ ਹੀ ਨਹੀਂ ਹੈ। ਇਹ ਹਕੀਕਤ ਅਖੌਤੀ ਮਾਰਕਸਵਾਦੀ ਜਿੰਨੀ ਜਲਦੀ ਸਮਝ ਲੈਣ ਉਨ੍ਹਾਂ ਦੇ ਮਾਨਸਿਕ ਸਵਾਸਥ ਲਈ ਉਨਾਂ ਹੀ ਲਾਭਦਾਇਕ ਹੈ। ਸਮਾਜ ਸਚ ਧਰਮ ਦੇ ਪ੍ਰਸੰਗ ਤੇ ਇਸ ਦੇ ਰੋਲ ਨੂੰ ਅਣਗੌਲਿਆ ਕਰ ਕੇ ਮਾਰਕਸਵਾਦੀਆਂ ਨੇ ਆਪਣਾ ਹੀ ਨੁਕਸਾਨ ਕੀਤਾ ਹੈ। ਪੂਰੇ 73 ਸਾਲ ਤੱਕ ਸੋਵੀਅਤ ਰੂਸ ਅੰਦਰ ਕਮਿਊਨਿਸਟ ਸ਼ਾਸ਼ਨ ਦੋ ਤਿੰਨ ਪੀੜੀਆਂ ਵਿਚ ਵੀ ਲੋਕਾਂ ਅੰਦਰ ਅਜਿਹਾ ਨੈਤਿਕ ਬਲ ਪੈਦਾ ਨਾ ਕਰ ਸਕਿਆ ਜੋ ਸੋਵੀਅਤ ਯੂਨੀਅਨ ਨੂੰ ਟੁੱਟਣ ਤੇ ਸਮਾਜਵਾਦੀ ਤਜ਼ਰਬੇ ਨੂੰ ਤਹਿਸ ਨਹਿਸ ਹੋਣ ਤੋਂ ਬਚਾ ਸਕਦਾ। ਅੱਜ ਤੋਂ ਕਰੀਬ 70 ਸਾਲ ਪਹਿਲਾਂ ਸਿੱਖ ਸੁਰਤ ਦੇ ਦਾੜੀ ਅਲਬੇਲੇ ਕਵੀ ਪ੍ਰੋ: ਪੂਰਨ ਸਿੰਘ ਨੇ ਕੇਵਲ ਦਸ ਸਾਲ ਦੀ ਰੂਸੀ ਕਮਿਊਨਿਸਟ ਸਰਕਾਰ ਦੀ ਗਤੀਵਿਧੀ ਅਤੇ ਧਰਮ ਵਿਰੋਧੀ ਕਾਰਵਾਈਆਂ ਨੂੰ ਦੇਖ ਕੇ ਕਹਿ ਦਿੱਤਾ ਸੀ ਕਿ ਕਿਸੇ ਦਿਨ ਰੂਸ ਦਾ ਪੱਤਾ ਪੱਤਾ ਇਸ ਰਾਜ ਦੀ ਨਾਸਤਿਕਤਾ ਦੇ ਵਿਰੁੱਧ ਬਗਾਵਤ ਕਰੇਗਾ। ਆਖਰ ਇਹ ਗੱਲ 1990-91 ਵਿਚ ਸੱਚੀ ਸਿੱਧ ਹੋਈ। ਇਤਿਹਾਸ ਤੋਂ ਕੇਵਲ ਸਿਖਿਆ ਹੀ ਜਾ ਸਕਦਾ ਹੈ। ਪਰ ਇਸ ਤੋਂ ਮੁਨਕਰ ਹੋਣਾ ਆਪਣੀ ਕੌਮ ਤੇ ਲੋਕਾਂ ਨੂੰ ਤਬਾਹਕੁੰਨ ਸਥਿਤੀਆਂ ਵਿਚ ਧਕੇਲਣ ਦੇ ਬਰਾਬਰ ਹੈ, ਜਿਵੇਂ ਕਿ ਅੱਜ ਮਾਰਕਸਵਾਦੀ ਅਤੇ ਤਰਕਸ਼ੀਲ ਸੁਸਾਇਟੀਆਂ ਵਾਲੇ ਕਰ ਰਹੇ ਹਨ।

ਅਜੂਨੀ ਮਾਸਿਕ
ਅਪਰੈਲ-ਮਈ-1996

ਰਜਿਸਟਰੇਸ਼ਨ ਨੰ:
58207/35 PVTC-87

# ਅਮਰ ਸ਼ਹੀਦ
# ਬਾਬਾ ਬਿਕਰਮਾ ਸਿੰਘ ਜੀ ਬੇਦੀ

